On our English language New Website
WWW.PREETNEWS.COM
preetnews2020@gmail.com

PREETNAMA
# ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 2, ਅੰਕ 82, ਮਿਤੀ : 21 ਜਨਵਰੀ , 2021 ਤੋਂ 27 ਜਨਵਰੀ 2021 ਵੈਬਸਾਈਟ : www.preetnama.com ਈਮੇਲ preetnamausa@gmail.com



# ਅਮਰੀਕਾ: ਜੋਅ ਬਾਇਡਨ ਨੇ 46ਵੇਂ ਰਾਸਟਰਪਤੀ ਵਜੋਂ ਸਹੁੰ ਚੁੱਕੀ, ਕਮਲਾ ਹੈਰਿਸ ਬਣੇ ਉਪ-ਰਾਸਟਰਪਤੀ

## ਜੋਅ ਬਾਇਡਨ ਨੇ ਟਰੰਪ ਨੀਤੀਆਂ ਨੂੰ ਮੋੜਾ ਦਿੰਦਿਆਂ ਪਹਿਲੇ ਹੀ ਦਿਨ ਲਏ ਇਹ ਵੱਡੇ ਫੈਸਲੇ

ਜੋਅ ਬਾਇਡਨ ਨੇ ਅਮਰੀਕਾ ਦੇ 46ਵੇਂ ਰਾਸਟਰਪਤੀ ਵਜੋਂ ਸਹੁੰ ਚੁੱਕ ਲਈ ਹੈ। ਅਹੁਦਾ ਸੰਭਾਲਦਿਆਂ ਹੀ ਉਨ੍ਹਾਂ ਨੇ 15 ਕਾਰਜਕਾਰੀ ਹੁਕਮਾਂ ਉੱਪਰ ਦਸਤਖਤ ਕੀਤੇ ਜਿਨ੍ਹਾਂ ਵਿੱਚੋਂ ਇੱਕ ਪੈਰਿਸ ਕਲਾਈਮੇਟ ਸਮਝੌਤੇ ਵਿੱਚ ਅਮਰੀਕਾ ਦੀ ਵਾਪਸੀ ਬਾਰੇ ਹੈ।ਉਨ੍ਹਾਂ ਦੇ ਨਾਲ ਹੀ ਭਾਰਤੀ ਮੂਲ ਦੀ ਕਮਲਾ ਹੈਰਿਸ ਨੇ ਉਪ-ਰਾਸਟਰਪਤੀ ਵਜੋਂ ਸਹੁੰ ਚੁੱਕੀ। ਉਹ ਇਹ ਅਹੁਦਾ ਸੰਭਾਲਣ ਵਾਲੇ ਪਹਿਲੇ ਮਹਿਲਾ ਬਣ ਗਏ ਹਨ।

**ਪਹਿਲੇ ਦਿਨ ਦੇ ਵੱਡੇ ਫੈਸਲੇ**

ਰਾਸਟਰਪਤੀ ਬਾਇਡਨ, ਜੋ ਆਪ ਦਫਤਰ ਵਿਚ ਕਾਲਾ ਓਵਲ ਮਾਸਕ ਪਾ ਕੇ ਆਏ ਸਨ, ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਵੱਡੀਆਂ ਤਰਜੀਹਾਂ ਵਿੱਚ 'ਕੋਵਿਡ ਸੰਕਟ, 'ਆਰਥਿਕ ਸੰਕਟ'ਅਤੇ 'ਜਲਵਾਯੂ ਸੰਕਟ' ਸਾਮਲ ਹਨ। ਉਨ੍ਹਾਂ ਨੇ ਸਾਰੇ ਅਮਰੀਕੀਆਂ ਲਈ ਆਪਣੇ ਪਹਿਲੇ ਕਾਰਜਕਾਰੀ ਆਦੇਸ ਦੇ ਤਹਿਤ ਕੋਵਿਡ -19 ਲਈ ਮਾਸਕ ਪਹਿਨਣਾ ਲਾਜਮੀ ਕਰ ਦਿੱਤਾ ਹੈ, ਅਤੇ ਅਮਰੀਕਾ ਫਿਰ ਪੈਰਿਸ ਜਲਵਾਯੂ ਸਮਝੌਤੇ ਵਿੱਚ ਸਾਮਲ ਹੋ ਗਿਆ ਹੈ। ਕਾਰਜਕਾਰੀ ਆਦੇਸ ਉਹ ਹੁਕਮ ਹੁੰਦੇ ਹਨ ਜਿਸ ਵਿੱਚ ਰਾਸਟਰਪਤੀ ਨੂੰ ਸੰਸਦ ਦੀ ਮਨਜੂਰੀ ਲੈਣੀ ਨਹੀਂ ਪੈਂਦੀ। ਬਰਾਕ ਓਬਾਮਾ ਨੇ ਇਸਦੀ ਵਰਤੋਂ ਨਿਰੰਤਰ ਕੀਤੀ ਅਤੇ ਡੋਨਲਡ ਟਰੰਪ ਨੇ ਆਪਣੇ ਕਾਰਜਕਾਲ ਦੇ ਪਹਿਲੇ ਹਫਤੇ ਇਸਦੀ ਕਾਫੀ ਵਰਤੋਂ ਕੀਤੀ। ਹਾਲਾਂਕਿ, ਕਾਰਜਕਾਰੀ ਆਦੇਸ ਨੂੰ ਕਾਫੀ ਵਿਵਾਦਪੂਰਨ ਮੰਨਿਆ ਜਾਂਦਾ ਹੈ. ਬਾਇਡਨ ਨੇ ਟਰੰਪ ਦੀਆਂ ਨੀਤੀਆਂ ਤੋਂ ਮੋੜਾ ਕੱਟਦਿਆਂ ਪਹਿਲੇ ਹੀ ਦਿਨ 17 ਕਾਰਜਕਾਰੀ ਹੁਕਮਾਂ ਉੱਤੇ ਹਸਤਾਖਰ ਕੀਤੇ ਹਨ। ਜੋਅ ਬਾਇਡਨ ਯੂਐਸ ਦੇ ਰਾਸਟਰਪਤੀ ਦਾ ਅਹੁਦਾ ਸੰਭਾਲਦਿਆਂ ਹੀ ਕਈ ਵੱਡੇ ਫੈਸਲਿਆਂ ਤੇ ਦਸਤਖਤ ਕੀਤੇ ਹਨ

**ਉਦਘਾਟਨੀ ਸਮਾਗਮ ਦੇ ਅਹਿਮ ਅੰਸ**

ਰਾਸਟਰਪਤੀ ਆਪਣੀ ਘਰ ਵਾਲੀ ਅਤੇ ਉਪ ਰਾਸਟਰਪਤੀ ਆਪਣੇ ਪਤੀ ਨਾਲ ਵ੍ਹਾਈਟ ਹਾਊਸ ਵਿੱਚ ਰਿਹਾਇਸ ਲਈ ਚਲੇ ਗਏ ਹਨ। ਵ੍ਹਾਈਟ ਹਾਊਸ ਵੱਲ ਆਖਰੀ ਕਦਮ ਉਨ੍ਹਾਂ ਨੇ ਉਦਘਾਟਨੀ ਸਮਾਗਮ ਦੇ ਹਿੱਸੇ ਵਜੋਂ ਪਰੇਡ ਦੇ ਰੂਪ ਵਿੱਚ ਤੁਰੇ। ਆਪਣੇ ਪਲੇਠੇ ਭਾਸਣ ਵਿੱਚ ਰਾਸਟਰਪਤੀ ਜੋਅ ਬਾਇਡਨ ਨੇ ਕਿਹਾ,"ਇਹ ਲੋਕਤੰਤਰ ਦਾ ਦਿਨ ਹੈ" ਉਨ੍ਹਾਂ ਨੇ ਕਿਹਾ,"ਇਨ੍ਹਾਂ ਸਰਦੀਆਂ ਵਿੱਚ ਅਮਰੀਕਾ ਨੇ ਬਹੁਤ ਕੁਝ ਕਰਨਾ ਹੈ ਅਤੇ ਬਹੁਤ ਕੁਝ ਦੀ ਮੁਰੰਮਤ ਕਰਨੀ ਹੈ" ।ਉਦਘਾਟਨੀ ਸਮਾਗਮ ਵਿੱਚ ਲੇਡੀ ਗਾਗਾ ਨੇ ਅਮਰੀਕਾ ਦਾ ਕੌਮੀ ਗੀਤ ਪੇਸ ਕੀਤਾ ਅਤੇ ਗਾਇਕਾ ਜੈਨੀਫਰ ਲੋਪੇਜ ਅਤੇ ਗਰਥ ਬਰੂਕਸ ਨੇ ਪੇਸਕਾਰੀਆਂ ਦਿੱਤੀਆਂ। ਬਾਈ ਸਾਲਾ ਅਮਾਂਡਾ ਗੋਰਮੈਨ, ਕਿਸੇ ਰਾਸਟਰਪਤੀ ਦੇ ਉਦਘਾਟਨੀ ਸਮਾਗਮ ਵਿੱਚ ਗਾਉਣ ਵਾਲੀ ਸਭ ਤੋਂ ਛੋਟੀ ਉਮਰ ਦੀ ਗਾਇਕਾ ਬਣ ਗਈ ਹੈ। ਡੋਨਲਡ ਟਰੰਪ ਅਤੇ ਉਨ੍ਹਾਂ ਦੀ ਪਤਨੀ ਮੈਲੇਨੀਆ ਟਰੰਪ ਨੇ ਵ੍ਹਾਈਟ ਹਾਊਸ ਛੱਡ ਦਿੱਤਾ ਅਤੇ ਉਹ ਫਲੋਰਿਡਾ ਰਵਾਨਾ ਹੋ ਗਏ।

ਅਮਰੀਕਾ ਦੇ 46ਵੇਂ ਰਾਸਟਰਪਤੀ ਦੀ ਸਹੁੰ ਚੁੱਕਣ ਤੋਂ ਬਾਅਦ ਬੋਲਦਿਆਂ ਜੋਅ ਬਾਇਡਨ ਨੇ ਕਿਹਾ ਹੈ ਕਿ ਇਹ ਅਮਰੀਕਾ ਦਾ ਦਿਨ ਹੈ, ਲੋਕਤੰਤਰ ਦਾ ਦਿਨ ਹੈ, ਇਹ ਇਤਿਹਾਸ ਅਤੇ ਉਮੀਦਾਂ ਦਾ ਦਿਨ ਹੈ। ਉਨ੍ਹਾਂ ਕਿਹਾ, "ਅਮਰੀਕਾ ਨੇ ਕਈ ਵਾਰ ਅਨੇਕਾਂ ਇਮਤਿਹਾਨ ਦਿੱਤੇ ਹਨ ਅਤੇ ਇਹ ਚੁਣੌਤੀਆਂ ਤੋਂ ਉਭਰਿਆ ਹੈ। ਅੱਜ ਅਸੀਂ ਇੱਕ ਉਮੀਦਵਾਰ ਦੀ ਜਿੱਤ ਦਾ ਜਸਨ ਨਹੀਂ ਮਨਾ ਰਹੇ ਬਲਕਿ ਲੋਕਤੰਤਰ ਲਈ ਜਸਨ ਮਨਾ ਰਹੇ ਹਾਂ।

## ਵਾਸ਼ਿੰਗਟਨ ਏਅਰਬੇਸ ਤੋਂ ਕੀ ਬੋਲੇ ਟਰੰਪ

ਇਸ ਤੋਂ ਪਹਿਲਾਂ, ਡੋਨਲਡ ਟਰੰਪ ਅਤੇ ਮੈਲਾਨੀਆ ਟਰੰਪ ਨੇ ਵਾਸ਼ਿੰਗਟਨ ਏਅਰਬੇਸ ਤੋਂ ਲੋਕਾਂ ਨੂੰ ਧੰਨਵਾਦ ਕੀਤਾ। ਰਸਮੀ ਤੌਰ 'ਤੇ ਟਰੰਪ ਨੂੰ ਤੋਪਾਂ ਦੀ ਸਲਾਮੀ ਦਿੱਤੀ ਗਈ।
ਉਨ੍ਹਾਂ ਦੇ ਸੰਬੰਧਨ ਦੀਆਂ ਖਾਸ ਗੱਲਾਂ...
4 ਸਾਲਾਂ ਦਾ ਮੇਰਾ ਕਾਰਜਕਾਲ ਕਾਫੀ ਖਾਸ ਰਿਹਾ ਹੈ।
ਸਾਡੇ ਕਾਰਜਕਾਲ ਵਿੱਚ ਵੱਡੇ ਫੈਸਲੇ ਲਏ ਗਏ।
ਅਸੀਂ ਅਮਰੀਕਾ ਦੀ ਸੇਨਾ ਨੂੰ ਮੁੜ ਖੜਾ ਕੀਤਾ ਹੈ।
ਅਸੀਂ ਸਾਬਕਾ ਸੈਨਿਕਾਂ ਨੂੰ ਸਨਮਾਨ ਦਿੱਤਾ ਹੈ।
ਜਿਨ੍ਹੀਂ ਮਿਹਨਤ ਨਾਲ ਅਸੀਂ ਕੰਮ ਕੀਤਾ, ਕੋਈ ਨਹੀਂ ਕਰ ਸਕਦਾ।
ਅਮਰੀਕਾ ਦੇ ਇਤਿਹਾਸ 'ਚ ਸਾਡੇ ਕਾਰਜਕਾਲ ਦੌਰਾਨ ਸਭ ਤੋਂ ਜਆਿਦਾ ਟੈਕਸ 'ਚ ਕਟੌਤੀ ਕੀਤੀ ਗਈ।
ਅਮਰੀਕਾ ਦੇ 9 ਮਹੀਨਿਆਂ 'ਚ ਕੋਰੋਨਾ ਵੈਕਸੀਨ ਬਣਾਈ।
ਕੋਰੋਨਾ ਨਾ ਹੁੰਦਾ ਤਾਂ ਅਰਥਵਿਵਸਥਾ ਦੇ ਅੰਕੜੇ ਅਲਗ ਹੁੰਦੇ।
ਮੈਂ ਹਮੇਸਾ ਤੁਹਾਡੇ ਲਈ ਲੜਾਂਗਾ। ਮੈਂ ਸਭ ਵੇਖ ਰਿਹਾ ਹੈ।
ਤੁਹਾਡਾ ਰਾਸਟਰਪਤੀ ਬਨਣਾ ਮੇਰੇ ਲਈ ਸਭ ਤੋਂ ਵੱਡਾ ਸਨਮਾਨ ਹੈ।
ਮੈਂ ਨਵੀਂ ਸਰਕਾਰ ਨੂੰ ਸੁਭਕਾਮਨਾਵਾਂ ਦਿੰਦਾ ਹੈ।

# ਵਿਸ਼ਵ ਖਬਰਨਾਮਾ

## ਸਕਾਟਲੈਂਡ ਦੇ ਟੈਕਸੀ ਡਰਾਈਵਰਾਂ ਨੂੰ ਮਿਲੇਗੀ 1500 ਪੌਂਡ ਦੀ ਕੋਰੋਨਾਂ ਵਾਇਰਸ ਸਹਾਇਤਾ ਰਾਸ਼ੀ




ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਵਿੱਚ ਕੋਰੋਨਾਂ ਵਾਇਰਸ ਮਹਾਂਮਾਰੀ ਨਾਲ ਪ੍ਰਭਾਵਿਤ ਹਜ਼ਾਰਾਂ ਟੈਕਸੀ ਅਤੇ ਪ੍ਰਾਈਵੇਟ ਹਾਇਰ ਡਰਾਈਵਰਾਂ ਦੀ ਸਹਾਇਤਾ ਲਈ ਇਸ ਹਫਤੇ ਇੱਕ ਨਵੀਂ ਗ੍ਰਾਂਟ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਗ੍ਰਾਂਟ ਨੂੰ ਯਕੀਨੀ ਬਨਾਉਣ ਲਈ ਸਕਾਟਲੈਂਡ ਦੇ ਸਥਾਨਕ ਅਧਿਕਾਰੀ ਲੱਗਭਗ 38,000 ਡਰਾਈਵਰਾਂ ਨਾਲ ਤਾਲਮੇਲ ਪੈਦਾ ਕਰਕੇ ਉਨ੍ਹਾਂ ਨੂੰ 1,500 ਪੌਂਡ ਦੀ ਰਾਸ਼ੀ ਪ੍ਰਾਪਤ ਕਰਨ ਲਈ ਸੱਦਾ ਦੇਣਗੇ। ਇਸ ਯੋਜਨਾ ਅਧੀਨ ਸਹਾਇਤਾ ਰਾਸ਼ੀ ਨੂੰ ਪ੍ਰਾਪਤ ਕਰਨ ਲਈ ਟੈਕਸੀ ਚਾਲਕਾਂ ਕੋਲ 9 ਅਕਤੂਬਰ 2020 ਤੋਂ ਘੱਟੋ ਘੱਟ 31 ਜਨਵਰੀ ਤੱਕ ਦਾ ਲਾਇਸੈਂਸ ਹੋਣਾ ਜ਼ਰੂਰੀ ਹੈ। ਇਹ ਨਕਦ ਸਹਾਇਤਾ ਰਾਸ਼ੀ ਸਕਾਟਿਸ਼ ਸਰਕਾਰ ਦੇ ਕੋਵਿਡ -19 ਪਬਲਿਕ ਟ੍ਰਾਂਸਪੋਰਟ ਮਿਟੀਗੇਸ਼ਨ ਫੰਡ ਅਤੇ ਯੂਕੇ ਸਰਕਾਰ ਦੀ ਸਵੈ-ਰੁਜ਼ਗਾਰ ਆਮਦਨੀ ਸਹਾਇਤਾ ਯੋਜਨਾ ਤੋਂ ਇਲਾਵਾ ਦਿੱਤੀ ਜਾਵੇਗੀ। ਇਸ ਸੰਬੰਧੀ ਵਿੱਤ ਸਕੱਤਰ ਕੇਟ ਫੋਰਬਸ ਨੇ ਮਹਾਂਮਾਰੀ ਦੌਰਾਨ ਟੈਕਸੀ ਡਰਾਈਵਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਮੁਸ਼ਕਿਲਾਂ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸਕਾਟਲੈਂਡ ਦੇ ਤਕਰੀਬਨ 38,000 ਟੈਕਸੀ ਅਤੇ ਪ੍ਰਾਈਵੇਟ ਡਰਾਈਵਰਾਂ ਨੂੰ 1,500 ਪੌਂਡ ਦੀ ਗ੍ਰਾਂਟ ਪ੍ਰਦਾਨ ਕਰਨ ਲਈ 57 ਮਿਲੀਅਨ ਪੌਂਡ ਦਾ ਬਜ਼ਟ ਪਾਸ ਕੀਤਾ ਗਿਆ ਹੈ, ਜਿਸ ਨਾਲ ਡਰਾਈਵਰਾਂ ਨੂੰ ਲਾਇਸੈਂਸ ਪਲੇਟ ਫੀਸਾਂ, ਕਿਰਾਏ ਦੀਆਂ ਫੀਸਾਂ ਆਦਿ ਦੇ ਇਲਾਵਾ ਹੋਰ ਖਰਚੇ ਪੂਰੇ ਕਰਨ ਵਿੱਚ ਸਹਾਇਤਾ ਮਿਲੇਗੀ।

## ਸਕਾਟਲੈਂਡ : ਕੋਰੋਨਾਂ ਵਾਇਰਸ ਟੀਕਾਕਰਨ ਕੇਂਦਰਾਂ ਵਿੱਚ ਹੋਵੇਗੀ ਫੌਜ਼ ਦੀ ਤਾਇਨਾਤੀ



ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਪਿਛਲੇ ਸਾਲ ਤੋਂ ਸ਼ੁਰੂ ਹੋਈ ਕੋਰੋਨਾਂ ਵਾਇਰਸ ਮਹਾਂਮਾਰੀ ਦੌਰਾਨ ਦੇਸ਼ ਭਰ ਵਿੱਚ ਲੋਕਾਂ ਨੂੰ ਸੁਰੱਖਿਅਤ ਰੱਖਣ ਦੀ ਮੁਹਿੰਮ 'ਚ ਸੈਨਿਕ ਬਲਾਂ ਨੇ ਸਿਹਤ ਵਿਭਾਗ ਦੀ ਹਰ ਸੰਭਵ ਢੰਗ ਨਾਲ ਸਹਾਇਤਾ ਕੀਤੀ ਹੈ। ਸਕਾਟਲੈਂਡ ਵਿੱਚ ਇਸ ਸਮੇਂ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਕੋਰੋਨਾਂ ਟੀਕਾਕਰਨ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨੂੰ ਸਫਲ ਅਤੇ ਤੇਜ਼ ਕਰਨ ਲਈ ਹੁਣ ਬ੍ਰਿਟਿਸ਼ ਆਰਮੀ ਸਕਾਟਲੈਂਡ ਵਿੱਚ ਤਕਰੀਬਨ 80 ਦੇ ਕਰੀਬ ਕੋਰੋਨਾਂ ਵਾਇਰਸ ਟੀਕਾਕਰਨ ਕੇਂਦਰਾਂ ਵਿੱਚ ਸਿਹਤ ਕਾਮਿਆਂ ਦੀ ਸਹਾਇਤਾ ਕਰਨ ਲਈ ਤਾਇਨਾਤ ਹੋਵੇਗੀ। ਇਸ ਸੰਬੰਧ ਵਿੱਚ ਰੱਖਿਆ ਸੱਕਤਰ ਬੈਨ ਵਾਲੇਸ ਨੇ ਪੁਸ਼ਟੀ ਕਰਦਿਆਂ ਦੱਸਿਆ ਕਿ ਅਗਲੇ 28 ਦਿਨਾਂ ਦੌਰਾਨ ਐਨ.ਐਚ.ਐਸ ਸਕਾਟਲੈਂਡ ਲਈ ਕੋਵਿਡ -19 ਟੀਕਾ ਕੇਂਦਰਾਂ ਵਿੱਚ 98 ਸੈਨਿਕਾਂ ਦੀ ਤਾਇਨਾਤੀ ਕੀਤੀ ਜਾਵੇਗੀ। ਫੌਜ ਦੇ ਇਹ ਜਵਾਨ ਟੀਕਾ ਕੇਦਰਾਂ 'ਤੇ ਟੀਕੇ ਦੀ ਸਪੁਰਦਗੀ, ਦਵਾਈਆਂ ਅਤੇ ਉਪਕਰਣਾਂ ਲਈ ਸਟੋਰੇਜ ਦੀ ਤਿਆਰੀ, ਮਰੀਜਾਂ ਦੀ ਰਜਿਸਟਰੇਸ਼ਨ ਕਰਨ ਦੇ ਨਾਲ ਹੀ ਸਾਈਟਾਂ ਦੇ ਆਸਪਾਸ ਕਾਰ ਪਾਰਕਿੰਗ ਅਤੇ ਟ੍ਰੈਫਿਕ ਸੰਬੰਧੀ ਕੰਮਾਂ ਵਿੱਚ ਸਹਾਇਤਾ ਕਰਨਗੇ, ਜਿਸ ਨਾਲ ਸਿਹਤ ਕਾਮਿਆਂ ਨੂੰ ਟੀਕਾਕਰਨ ਪ੍ਰਕਿਰਿਆ ਵਿੱਚ ਸਮੱਸਿਆ ਦਾ ਸਾਹਮਣਾ ਨਹੀਂ ਹੋਵੇਗਾ। ਇਸ ਯੋਜਨਾ ਤਹਿਤ ਤਾਇਨਾਤ ਹੋਣ ਵਾਲੇ ਸੈਨਿਕ, ਜਿਆਦਾਤਰ ਰਾਇਲ ਸਕਾਟਿਸ਼ ਡ੍ਰੈਗਨ ਗਾਰਡਜ਼ ਵਿਚੋਂ ਹੋਣਗੇ ਅਤੇ 98 ਸੈਨਿਕਾਂ ਨੂੰ ਸਟਰਲਿੰਗ ਅਧਾਰਿਤ 20 ਫੌਜੀ ਅਧਿਕਾਰੀਆਂ ਦੁਆਰਾ ਨਿਰਦੇਸ਼ਤ ਕੀਤਾ ਜਾਵੇਗਾ, ਜਦੋਂ ਕਿ 32 ਹੋਰ ਅਧਿਕਾਰੀ ਸਕਾਟਲੈਂਡ ਦੀ ਸਰਕਾਰ ਅਤੇ ਸਿਹਤ ਬੋਰਡਾਂ ਦੇ ਨਾਲ ਮਿਲ ਕੇ ਐਡਿਨਬਰਾ ਦੇ ਸੇਂਟ ਐਂਡਰਿਊਜ਼ ਹਾਊਸ ਤੋਂ ਸਹਾਇਤਾ ਪ੍ਰਦਾਨ ਕਰਨਗੇ। ਸਰਕਾਰ ਦੁਆਰਾ ਉਮੀਦ ਕੀਤੀ ਜਾਂਦੀ ਹੈ ਕਿ ਟੀਕਾਕਰਨ ਮੁਹਿੰਮ ਵਿੱਚ ਸੈਨਿਕ ਬਲਾਂ ਦੀ ਸਮੂਲੀਅਤ ਨਾਲ ਸਿਹਤ ਕਾਮੇ ਜ਼ਿਆਦਾ ਲੋਕਾਂ ਨੂੰ ਵਾਇਰਸ ਦੇ ਟੀਕੇ ਦੀ ਖੁਰਾਕ ਦੇਣ ਦੇ ਯੋਗ ਹੋਣਗੇ।

## ਸਕਾਟਲੈਂਡ ਵਿੱਚ ਕੋਰੋਨਾਂ ਮਹਾਂਮਾਰੀ ਦੌਰਾਨ ਹਵਾ ਪ੍ਰਦੂਸ਼ਣ ਦੇ ਪੱਧਰ 'ਚ ਆਈ ਗਿਰਾਵਟ



ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਵਿਸ਼ਵ ਭਰ ਵਿੱਚ ਪ੍ਰਤੀ ਦਿਨ ਵਧ ਰਿਹਾ ਹਵਾ ਪ੍ਰਦੂਸ਼ਣ ਵਾਤਾਵਰਣ ਲਈ ਇੱਕ ਚਿੰਤਾ ਦਾ ਵਿਸ਼ਾ ਹੈ ਜੋ ਕਿ ਮਨੁੱਖਤਾ ਲਈ ਕਈ ਗੰਭੀਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਸਕਾਟਲੈਂਡ ਵਿੱਚ ਵੀ ਹਵਾ ਪ੍ਰਦੂਸ਼ਣ ਦਾ ਮਿਆਰ ਹੋਰਾਂ ਦੇਸ਼ਾਂ ਦੀ ਤਰ੍ਹਾਂ ਆਮ ਤੌਰ 'ਤੇ ਸਰਕਾਰ ਦੁਆਰਾ ਨਿਰਧਾਰਿਤ ਪੱਧਰ ਤੋਂ ਜਿਆਦਾ ਹੀ ਰਹਿੰਦਾ ਹੈ, ਪਰ ਪਿਛਲੇ ਸਾਲ 2020 ਵਿੱਚ ਸ਼ੁਰੂ ਹੋਈ ਕੋਰੋਨਾਂ ਵਾਇਰਸ ਮਹਾਂਮਾਰੀ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਵਾਤਾਵਰਣ ਮਾਹਿਰਾਂ ਅਨੁਸਾਰ ਸਕਾਟਲੈਂਡ ਵਿੱਚ ਹਵਾ ਪ੍ਰਦੂਸ਼ਣ ਪਹਿਲੀ ਵਾਰ ਕਾਨੂੰਨ ਦੁਆਰਾ ਨਿਰਧਾਰਿਤ ਸੀਮਾਵਾਂ ਵਿੱਚ ਰਿਹਾ ਹੈ। ਇਸ ਸੰਬੰਧੀ "ਫਰੈਂਡਜ਼ ਆਫ ਦ ਅਰਥ ਸਕਾਟਲੈਂਡ" (ਐਫ.ਓ.ਈ.ਐੱਸ) ਅਨੁਸਾਰ ਮਾਰਚ 2020 ਦੀ ਤਾਲਾਬੰਦੀ ਦੇ ਪ੍ਰਭਾਵ, ਪੂਰੇ ਸਾਲ ਲਈ ਸਮੁੱਚੇ ਪ੍ਰਦੂਸ਼ਣ ਦੇ ਪੱਧਰ ਨੂੰ ਘੱਟ ਰੱਖਣ ਲਈ ਕਾਫੀ ਹੱਦ ਤੱਕ ਪ੍ਰਭਾਵਸ਼ਾਲੀ ਸਾਬਿਤ ਹੋਏ ਹਨ ਅਤੇ ਸੰਸਥਾ ਦੁਆਰਾ ਸਰਕਾਰ ਨੂੰ ਕੌਂਸਲਾਂ ਨਾਲ ਮਿਲ ਕੇ ਹਵਾ ਪ੍ਰਦੂਸ਼ਣ ਦੇ ਘੱਟ ਹੋਏ ਪੱਧਰ ਨੂੰ ਸਥਿਰ ਬਣਾਈ ਦੀ ਅਪੀਲ ਕੀਤੀ ਗਈ ਹੈ। ਜਦਕਿ ਇਸ ਸੰਬੰਧੀ ਸਕਾਟਿਸ਼ ਸਰਕਾਰ ਅਨੁਸਾਰ ਹਵਾ ਦੀ ਗੁਣਵੱਤਾ ਵਿੱਚ ਮਹਾਂਮਾਰੀ ਤੋਂ ਪਹਿਲਾਂ ਦਾ ਹੀ ਸੁਧਾਰ ਹੋਇਆ ਹੈ। ਪਿਛਲੇ ਸਾਲ ਪਹਿਲੀ ਤਾਲਾਬੰਦੀ ਦੌਰਾਨ ਜ਼ਿਆਦਾਤਰ ਵਾਹਨਾਂ 'ਤੇ ਲਗਾਈ ਪਾਬੰਦੀ ਨੇ ਹਵਾ ਵਿਚਲੇ ਪ੍ਰਦੂਸ਼ਣ ਦੇ ਪੱਧਰ ਦੇ ਪੱਧਰ ਨੂੰ ਘਟਾਉਣ ਲਈ ਆਪਣਾ ਯੋਗਦਾਨ ਪਾਇਆ ਹੈ ਪਰ ਪਾਬੰਦੀਆਂ ਨੂੰ ਸੌਖਾ ਕਰਨ ਨਾਲ ਆਵਾਜਾਈ ਫਿਰ ਤੇਜੀ ਨਾਲ ਆਮ ਪੱਧਰ 'ਤੇ ਵਾਪਸ ਆ ਰਹੀ ਹੈ। ਸਕਾਟਲੈਂਡ ਦੇ ਗਲਾਸਗੋ ਵਿਚ ਹੋਪ ਸਟ੍ਰੀਟ ਨਾਈਟ੍ਰੋਜਨ ਡਾਈਆਕਸਾਈਡ (2) ਲਈ ਸਭ ਤੋਂ ਵੱਧ ਪ੍ਰਦੂਸ਼ਿਤ ਸਟ੍ਰੀਟ ਹੈ, ਜਿਸਦਾ ਪੱਧਰ ਪਿਛਲੇ ਸਾਲ 36 ਮਾਈਕਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ (ਐਮ.ਸੀ.ਜੀ) ਰਿਹਾ ਹੈ ਜੋ ਕਿ ਉਸ ਤੋਂ ਪਹਿਲਾਂ 60 ਐਮ.ਸੀ.ਜੀ ਦਰਜ ਕੀਤਾ ਗਿਆ ਸੀ ਅਤੇ ਇਹ ਪੱਧਰ ਯੂਰਪੀਅਨ ਅੰਬੀਏਂਟ ਏਅਰ ਕੁਆਲਟੀ ਡਾਇਰੈਕਟਿਵ ਦੁਆਰਾ ਨਿਰਧਾਰਤ ਸੀਮਾ 40 ਐਮ.ਸੀ.ਜੀ. ਨਾਲੋਂ ਤਕਰੀਬਨ 1.5 ਗੁਣਾ ਜ਼ਿਆਦਾ ਸੀ। ਐਫ.ਓ.ਈ.ਐੱਸ ਸੰਸਥਾ ਦੇ ਗੈਵਿਨ ਥਾਮਸਨ ਅਨੁਸਾਰ ਪਾਬੰਦੀਆਂ ਕਾਰਨ ਹਵਾ ਦੀ ਗੁਣਵੱਤਾ ਵਿੱਚ ਅਸਥਾਈ ਤੌਰ 'ਤੇ ਹੋਇਆ ਸੁਧਾਰ ਇੱਕ ਵਧੀਆ ਪ੍ਰਾਪਤੀ ਹੈ ਪਰ ਇਸ ਪੱਧਰ ਨੂੰ ਸਥਾਈ ਬਨਾਉਣ ਲਈ ਕੋਈ ਠੋਸ ਰਾਜਨੀਤਿਕ ਕਾਰਵਾਈ ਨਹੀਂ ਕੀਤੀ ਜਾਂਦੀ ਜਿਸ ਕਰਕੇ ਪਾਬੰਦੀਆਂ ਘੱਟ ਹੋਣ 'ਤੇ ਇਸ ਗਿਰਾਵਟ ਨੂੰ ਬਰਕਰਾਰ ਰੱਖਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

## ਲੰਡਨ ਪਿੱਛੋਂ ਗਲਾਸਗੋ ਨੇ ਕੀਤੇ ਸਭ ਤੋਂ ਵੱਧ ਪਾਰਕਿੰਗ ਜੁਰਮਾਨੇ, ਕਮਾਏ ਸਾਢੇ ਪੰਜ ਮਿਲੀਅਨ ਪੌਂਡ




ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਦੇ ਸ਼ਹਿਰ ਗਲਾਸਗੋ ਦਾ ਨਾਮ ਯੂਕੇ ਵਿੱਚ ਸਭ ਤੋਂ ਵੱਧ ਵਾਹਨ ਪਾਰਕਿੰਗ ਸੰਬੰਧੀ ਜੁਰਮਾਨੇ ਵਸੂਲਣ ਵਾਲੇ ਸ਼ਹਿਰਾਂ ਵਿੱਚ ਅੱਗੇ ਆਇਆ ਹੈ। ਇਸ ਮਾਮਲੇ ਵਿੱਚ ਲੰਡਨ ਪਹਿਲੇ ਸਥਾਨ 'ਤੇ ਆਉਂਦਾ ਹੈ। ਦੇਸ਼ ਦੀ ਰਾਜਧਾਨੀ ਲੰਡਨ ਦੁਨੀਆਂ ਦੇ ਰੁਝੇਵੇਂ ਭਰੇ ਸ਼ਹਿਰਾਂ ਵਿੱਚੋਂ ਇੱਕ ਹੈ। ਹਰ ਸਾਲ 4 ਮਿਲੀਅਨ ਪੌਂਡ ਤੋਂ ਵੱਧ ਰਾਸ਼ੀ ਪਾਰਕਿੰਗ ਜੁਰਮਾਨੇ ਦੇ ਤੌਰ 'ਤੇ ਇਕੱਠੀ ਕਰਦੀ ਹੈ ਜਦਕਿ ਇਸ ਸੰਬੰਧੀ ਇੱਕ ਖੋਜ ਅਨੁਸਾਰ ਗਲਾਸਗੋ ਸਿਟੀ ਕੌਂਸਲ ਨੇ ਲੰਡਨ ਤੋਂ ਬਾਹਰ ਬਰਤਾਨੀਆ ਦੇ ਦੂਸਰੇ ਸ਼ਹਿਰਾਂ ਨਾਲੋਂ ਪਾਰਕਿੰਗ ਟਿਕਟਾਂ ਦੀ ਆਮਦਨੀ ਵਿੱਚ ਵਧੇਰੇ ਵਾਧਾ ਕੀਤਾ ਹੈ। ਇਸ ਬਾਰੇ ਕੀਤੇ ਅਧਿਐਨ ਦੇ ਅਨੁਸਾਰ ਗਲਾਸਗੋ ਸਿਟੀ ਕੌਂਸਲ ਨੇ ਪਿਛਲੇ ਸਾਲ ਦੌਰਾਨ ਤਕਰੀਬਨ 104,938 ਪਾਰਕਿੰਗ ਜੁਰਮਾਨੇ ਜਾਰੀ ਕਰਕੇ ਲੱਗਭਗ 5.5 ਮਿਲੀਅਨ ਪੌਂਡ ਜੁਰਮਾਨੇ ਦੇ ਰੂਪ ਵਿੱਚ ਇਕੱਠੇ ਕੀਤੇ ਹਨ ਜੋ ਕਿ ਇਸ ਸ਼ਹਿਰ ਨੂੰ ਬਰਮਿੰਘਮ 3.95 ਮਿਲੀਅਨ, ਲਿਵਰਪੂਲ 2.5 ਮਿਲੀਅਨ ਅਤੇ ਨਿਊਕੈਸਲ 1.9 ਮਿਲੀਅਨ ਪੌਂਡ ਦੇ ਕੀਤੇ ਜੁਰਮਾਨੇ ਨਾਲੋਂ ਕਾਫੀ ਅੱਗੇ ਰੱਖਦੇ ਹਨ। ਇਸ ਤੋਂ ਇਲਾਵਾ ਗਲਾਸਗੋ ਵਿੱਚ ਔਸਤਨ ਜੁਰਮਾਨਾ 52.27 ਪੌਂਡ ਸੀ, ਜੋ ਕਿ 37 ਪੌਂਡ ਦੀ ਰਾਸ਼ਟਰੀ ਔਸਤ ਤੋਂ ਬਹੁਤ ਜ਼ਿਆਦਾ ਹੈ। ਇਸ ਮਾਮਲੇ ਵਿੱਚ ਗਲਾਸਗੋ ਦੀ ਵੈਲਿੰਗਟਨ ਸਟ੍ਰੀਟ 'ਤੇ ਹੋਰ ਕਿਸੇ ਵੀ ਖੇਤਰ ਨਾਲੋਂ ਜਿਆਦਾ ਜੁਰਮਾਨਾ ਟਿਕਟਾਂ ਦਿੱਤੀਆਂ ਗਈਆਂ ਹਨ। ਗਲਾਸਗੋ ਦੇ ਜੁਰਮਾਨੇ ਦੇ ਅੰਕੜਿਆਂ ਸੰਬੰਧੀ ਸਿਟੀ ਕੌਂਸਲ ਦੇ ਬੁਲਾਰੇ ਅਨੁਸਾਰ ਪਾਰਕਿੰਗ ਪਾਬੰਦੀਆਂ ਸੜਕਾਂ ਦੇ ਨੈਟਵਰਕ ਦਾ ਪ੍ਰਬੰਧਨ ਅਤੇ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਰੂਰੀ ਹਨ ਅਤੇ ਪਾਰਕਿੰਗ ਅਟੈਂਡੈਂਟ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਹੋਣ 'ਤੇ ਹੀ ਜੁਰਮਾਨੇ ਦੇ ਨੋਟਿਸ ਜਾਰੀ ਕਰ ਸਕਦੇ ਹਨ। ਇਸਦੇ ਇਲਾਵਾ ਅਧਿਕਾਰੀਆਂ ਅਨੁਸਾਰ 14 ਦਿਨਾਂ ਦੇ ਅੰਦਰ ਜੁਰਮਾਨਾ ਅਦਾ ਕਰਨ 'ਤੇ ਇਸ ਵਿੱਚ 30 ਪੌਂਡ ਤੱਕ ਦੀ ਕਟੌਤੀ ਕੀਤੀ ਜਾ ਸਕਦੀ ਹੈ।

## ਯੂਕੇ 'ਚ 40 ਲੱਖ ਲੋਕਾਂ ਨੂੰ ਮਿਲੀ ਕੋਰੋਨਾ ਵੈਕਸੀਨ ਦੀ ਪਹਿਲੀ ਖੁਰਾਕ



ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਯੂਕੇ ਵਿੱਚ ਕੋਰੋਨਾਂ ਵਾਇਰਸ ਖਿਲਾਫ ਚਲਾਈ ਗਈ ਟੀਕਾਕਰਨ ਮੁਹਿੰਮ ਤੇਜ਼ੀ ਨਾਲ ਜ਼ਿਆਦਾ ਲੋਕਾਂ ਨੂੰ ਸੁਰੱਖਿਆ ਦੇਣ ਦੇ ਮੰਤਵ ਨਾਲ ਆਪਣੇ ਟੀਚੇ ਵੱਲ ਵਧ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਯੂਕੇ ਵਿੱਚ ਇਸ ਟੀਕਾਕਰਨ ਮੁਹਿੰਮ ਦੌਰਾਨ ਚਾਲੀ ਲੱਖ ਤੋਂ ਵੱਧ ਲੋਕਾਂ ਨੂੰ ਕੋਰੋਨਾਂ ਵਾਇਰਸ ਟੀਕੇ ਦੀ ਪਹਿਲੀ ਖੁਰਾਕ ਮਿਲ ਚੁੱਕੀ ਹੈ। ਇਸ ਪ੍ਰਕਿਰਿਆ ਵਿੱਚ ਹੁਣ 70 ਸਾਲ ਦੀ ਉਮਰ ਅਤੇ ਕਲੀਨੀਕਲ ਰੂਪ ਵਿੱਚ ਬਹੁਤ ਕਮਜ਼ੋਰ ਲੋਕ ਵੈਕਸੀਨ ਲਗਵਾਉਣ ਵਾਲਿਆਂ ਵਿੱਚ ਸ਼ਾਮਿਲ ਹਨ। ਸਿਹਤ ਸਕੱਤਰ ਮੈਟ ਹੈਨਕਾਕ ਨੇ ਡਾਊਨਿੰਗ ਸਟ੍ਰੀਟ ਤੋਂ ਪੱਤਰਕਾਰਾਂ ਨੂੰ ਸੰਬੋਧਨ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਧੇ ਤੋਂ ਜ਼ਿਆਦਾ 80 ਤੋਂ ਵੱਧ ਉਮਰ ਦੇ ਬਜ਼ੁਰਗ ਅਤੇ ਦੇਖਭਾਲ ਘਰਾਂ ਦੇ ਵਸਨੀਕਾਂ ਨੂੰ ਟੀਕਾ ਲਗਾਇਆ ਜਾ ਚੁੱਕਾ ਹੈ। ਅੰਕੜਿਆਂ ਅਨੁਸਾਰ ਦੇਸ਼ ਵਿੱਚ ਹੁਣ ਕੋਰੋਨਾਂ ਵਾਇਰਸ ਟੀਕੇ ਦੀ ਪਹਿਲੀ ਖੁਰਾਕ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਗਿਣਤੀ ਤਕਰੀਬਨ 4,062,501 ਤੱਕ ਪਹੁੰਚ ਗਈ ਹੈ ਜੋ ਕਿ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਯੂਕੇ ਵਿੱਚ ਸਕਾਰਾਤਮਕ (3,433,494) ਟੈਸਟਾਂ ਦੀ ਗਿਣਤੀ ਤੋਂ ਵੱਧ ਹੈ। ਟੀਕਾਕਰਨ ਪ੍ਰੋਗਰਾਮ ਦਾ ਵਿਸਥਾਰ ਕਰਨ ਕਰਨ ਲਈ ਹੁਣ ਇਸ ਵਿੱਚ ਪਹਿਲ ਦੇ ਆਧਾਰ 'ਤੇ ਤਿੰਨ ਅਤੇ ਚਾਰ ਨੰਬਰ ਦੀ ਤਰਜੀਹ ਵਾਲੇ ਗਰੁੱਪ ਜਿਨ੍ਹਾਂ ਵਿੱਚ 70 ਸਾਲ ਦੀ ਉਮਰ ਦੇ ਲੋਕ ਅਤੇ ਸਿਹਤ ਸੰਬੰਧੀ ਬਹੁਤ ਕਮਜ਼ੋਰ ਵਿਅਕਤੀ ਸ਼ਾਮਿਲ ਕੀਤੇ ਗਏ ਹਨ। ਹਾਲਾਂਕਿ ਸਿਹਤ ਅਤੇ ਸਮਾਜਿਕ ਦੇਖਭਾਲ ਵਿਭਾਗ ਅਨੁਸਾਰ ਇਸ ਦੌਰਾਨ ਕੇਅਰ ਹੋਮ ਰੈਜੀਡੈਂਟਸ, 80 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ, ਫਰੰਟ ਲਾਈਨ ਹੈਲਥਕੇਅਰ ਵਰਕਰਾਂ ਨੂੰ ਅਜੇ ਵੀ ਟੀਕੇ ਲਗਾਉਣ ਲਈ ਪਹਿਲ ਦਿੱਤੇ ਜਾਣ ਦੀ ਜ਼ਰੂਰਤ ਹੈ। ਮੰਤਰੀ ਨਾਧਿਮ ਜਹਾਵੀ ਨੇ ਟੀਕਾਕਰਨ ਪ੍ਰਕਿਰਿਆ ਸੰਬੰਧੀ ਵਿਸ਼ਵਾਸ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ 15 ਫਰਵਰੀ ਤੱਕ ਪਹਿਲ ਦੇ ਸਾਰੇ ਸਮੂਹਾਂ ਵਿੱਚ 15 ਮਿਲੀਅਨ ਲੋਕਾਂ ਨੂੰ ਟੀਕਾ ਲਗਾਉਣ ਦੇ ਟੀਚੇ ਨੂੰ ਪੂਰਾ ਕਰੇਗੀ।

# ਅਲਬਰਟਾ ਤੋਂ ਸਾਂਸਦ ਟਿਮ ਉੱਪਲ, ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਅਤੇ ਉਨਟਾਰੀਓ ਦੇ ਮੰਤਰੀ ਪ੍ਰਭਮੀਤ ਸਰਕਾਰੀਆ ਵੱਲੋਂ ਖਾਲਸਾ ਏਡ ਨੋਬਲ ਸਾਂਤੀ ਪੁਰਸਕਾਰ ਲਈ ਨੋਮੀਨੇਟ







ਨਿਊਯਾਰਕ/ਬਰੈਂਪਟਨ ( ਰਾਜ ਗੋਗਨਾ/ ਕੁਲਤਰਨ ਪਧਿਆਣਾ )ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ, ਉਨਟਾਰੀਓ ਦੇ ਮੰਤਰੀ ਪਰਬਮੀਤ ਸਰਕਾਰੀਆ ਅਤੇ ਅਲਬਰਟਾ ਤੋਂ ਸਾਂਸਦ ਟਿਮ ਉੱਪਲ ਵੱਲੋ ਸਿੱਖ ਚੈਰੀਟੇਬਲ ਸੰਸਥਾ ਖਾਲਸਾ ਏਡ ਨੂੰ ਨੋਬਲ ਸਾਂਤੀ ਪੁਰਸਕਾਰ ਲਈ ਨੋਮੀਨੇਟ ਕੀਤਾ ਗਿਆ ਹੈ, ਸਾਂਸਦ ਟਿਮ ਉੱਪਲ ਵੱਲੋ ਆਪਣੇ ਸੋਸਲ ਮੀਡੀਆ ਖਾਤੇ ਰਾਹੀਂ ਇਹ ਜਾਣਕਾਰੀ ਦਿੱਤੀ ਗਈ ਹੈ।ਸਾਂਸਦ ਟਿਮ ਉੱਪਲ ਵੱਲੋ ਇਸ ਨੋਮੀਨੇਸਨ ਦੇ ਨਾਲ ਖਾਲਸਾ ਏਡ ਵੱਲੋਂ ਕੀਤੇ ਗਏ ਕੰਮਾਂ ਦੀ ਇੱਕ ਲਿਸਟ ਵੀ ਸਾਂਝੀ ਕੀਤੀ ਗਈ ਹੈ।ਇਸ ਲਿਸਟ ਵਿੱਚ ਖਾਲਸਾ ਏਡ ਵੱਲੋਂ ਕੈਨੇਡਾ ਵਿਖੇ ਕੋਵਿਡ ਦੇ ਸਮੇਂ ਕੈਨੇਡੀਅਨ ਨਾਗਰਿਕਾਂ ਦੀ ਕੀਤੀ ਗਈ ਮੱਦਦ ਦਾ ਵੀ ਜਕਿਰ ਹੈ ।ਟਿਮ ਉੱਪਲ ਦਾ ਕਹਿਣਾ ਹੈ ਕਿ ਉਹਨਾਂ ਦੀ ਇਸ ਕੋਸਸਿ ਨੂੰ ਬਰੈਂਪਟਨ ਦੇ ਮੇਅਰ ਪੈਟ੍ਰਿਕ ਬਰਾਊਨ ਅਤੇ ਉਨਟਾਰੀਓ ਦੇ ਮੰਤਰੀ ਪਰਬਮੀਤ ਸਰਕਾਰੀਆ ਵੱਲੋਂ ਵੀ ਹਿਮਾਇਤ ਦਿੱਤੀ ਗਈ ਹੈ।ਇਹ ਵੀ ਦੱਸਣਾ ਬਣਦਾ ਹੈ ਕਿ ਹਾਲ ਦੇ ਸਮੇਂ ਖਾਲਸਾ ਏਡ ਨਾਲ ਸਬੰਧਤ ਕੁੱਝ ਵਾਲੰਟਿਅਰਾ ਨੂੰ ਭਾਰਤ ਦੀ ਕੌਮੀ ਜਾਂਚ ਏਜੰਸੀ ਵੱਲੋਂ ਪੁੱਛਗਿੱਛ ਵਾਸਤੇ ਨੋਟਿਸ ਵੀ ਜਾਰੀ ਕੀਤੇ ਗਏ ਸਨ।

# ਕਿਸਾਨੀ ਜਥੇਬੰਦੀਆਂ ਦੇ ਹੱਕ ਵਿੱਚ ਕੈਨੇਡਾ ਚ'ਫਿਰ ਹੋਏ ਮੁਜਾਹਰੇ, ਲੋਕਾਂ ਦੀ ਰਹੀ ਭਰਵੀਂ ਸਮੂਲੀਅਤ





ਨਿਊਯਾਰਕ/ ਟੋਰਾਂਟੋ: ਕੈਨੇਡਾ ਦੇ ਸੂਬੇ ਉਨਟਾਰੀਓ ਦੇ ਸਹਿਰ ਟੋਰਾਂਟੋ ਅਤੇ ਬਰੈਂਪਟਨ ਵਿਖੇ ਇਸ ਵੀਕ ਐਂਡ ਵੀ ਮੁਜਾਹਰਿਆਂ ਦਾ ਸਿਲਸਿਲਾ ਜਾਰੀ ਰਿਹਾ ਹੈ ਤੇ ਲੋਕਾਂ ਦੀ ਭਰਵੀਂ ਸਮੂਲੀਅਤ ਵੇਖਣ ਨੂੰ ਮਿਲੀ ਹੈ ।ਸਨਿੱਚਰਵਾਰ ਵਾਲੇ ਦਿਨ ਇੱਕ ਭਰਵਾਂ ਮੁਜਾਹਰਾ ਟਰਾਂਟੋ ਦੇ ਭਾਰਤੀ ਕਾਂਸਲੇਟ ਦਫਤਰ ਅੱਗੇ ਵੇਖਣ ਨੂੰ ਮਿਲਿਆ ਹੈ ਤੇ ਦੂਜੇ ਪਾਸੇ ਬਰੈਂਪਟਨ ਵਿਖੇ ਐਤਵਾਰ ਵਾਲੇ ਦਿਨ ਵੀ ਮੁਜਾਹਰੇ ਦੀ ਖਬਰ ਹੈ। ਸਨਿੱਚਰਵਾਰ ਨੂੰ ਕਾਰ ਰੈਲੀ ਦੇ ਰੂਪ ਵਿੱਚ ਵੱਡਾ ਕਾਫਲਾ ਟਰਾਂਟੋ ਦੀ ਭਾਰਤੀ ਕਾਂਸਲੇਟ ਦਫਤਰ ਅੱਗੇ ਪਹੁੰਚਿਆ ਤੇ ਉੱਥੇ ਬਹੁਤ ਹੀ ਵਧੀਆ ਢੰਗ ਨਾਲ ਕੋਵਿਡ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਮੁਜਾਹਰਾ ਕੀਤਾ ਗਿਆ। ਇਸਤੋਂ ਇਲਾਵਾ ਬਰੈਂਪਟਨ ਦੇ ਸਟੀਲਜ/ ਹੁਰ ਉਨਟਾਰੀਓ ਵਿਖੇ ਲੜੀਵਾਰ ਹਫਤਾਵਾਰੀ ਮੁਜਾਹਰਾ ਵੀ ਭਰਵੀਂ ਹਾਜਰੀ ਨਾਲ ਮੁਕੰਮਲ ਹੋਇਆ।ਕੈਨੇਡਾ ਵਸਦੇ ਪ੍ਰਵਾਸੀਆਂ ਵੱਲੋਂ ਭਾਰਤ ਦੇ ਕਿਸਾਨੀ ਅੰਦੋਲਨ ਤੇ ਲਗਾਤਾਰ ਬਾਜ ਨਜਰ ਰੱਖੀ ਜਾ ਰਹੀ ਹੈ ਤੇ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਵੱਲੋਂ ਗਣਤੰਤਰ ਦਿਵਸ ਮੌਕੇ ਦਿੱਲੀ ਵੱਲ ਕੂਚ ਕਰਨ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ।

# ਕੈਨੇਡਾ ਆਕੇ ਵੀ ਵਹਿਮਾਂ ਭਰਮਾਂ ਚੋਂ ਨਹੀਂ ਨਿਕਲੇ ਭਾਰਤੀ ਮੂਲ ਦੇ ਲੋਕ



ਨਿਊਯਾਰਕ/ਅਲਬਰਟਾ ਰਾਜ ਗੋਗਨਾ / ਕੁਲਤਰਨ ਪਧਿਆਣਾ )– ਬੀਤੇਂ ਦਿਨ ਕੈਨੇਡਾ ਤੋ ਇਕ ਖਬਰ ਸਾਹਮਣੇ ਆ ਰਹੀ ਹੈ।ਅਤੇ ਕੈਨੇਡਾ ਦੇ ਸੂਬੇ ਅਲਬਰਟਾ ਦੇ ਸਹਿਰ ਏਅਰਡਰੀ ਦੇ ਕੁੱਝ ਚੌਰਾਹਿਆਂ 'ਤੇ ਕੱਚੇ ਮੀਟ ਦੇ ਨਾਲ ਚੌਲ ਮਿਲਣ ਤੋਂ ਬਾਅਦ ਪੁਲਿਸ ਨੇ ਜਨਤਕ ਚੇਤਾਵਨੀ ਜਾਰੀ ਕੀਤੀ ਹੈ , ਆਰਸੀਐਮਪੀ ਦਾ ਕਹਿਣਾ ਹੈ ਕਿ ਸਨਿਚਰਵਾਰ ਸਵੇਰੇ 11 ਵਜੇ ਦੱਖਣੀ ਅਲਬਰਟਾ ਸਹਿਰ ਦੇ ਰੇਵੇਨਜਵੁੱਡ ਖੇਤਰ ਵਿਖੇ ਵੱਖ–ਵੱਖ ਚੌਰਾਹਿਆਂ ਚ ਚੌਲਾਂ ਦੇ ਨਾਲ ਕੱਚੇ ਮੀਟ ਦੇ ਟੁਕੜੇ ਮਿਲਣ ਦੀਆਂ ਖਬਰਾਂ ਹਨ।ਪੁਲਿਸ ਅਨੁਸਾਰ ਵੱਖ–ਵੱਖ ਚੌਰਾਹਿਆਂ ਦੇ ਚਾਰੇ ਕੋਨਿਆਂ ਤੇ ਕੱਚੇ ਮੀਟ ਦੇ ਨਾਲ– ਨਾਲ ਇੱਕ ਡਾਲਰ ਦਾ ਸਿੱਕਾ ( ਲੂਨੀ) ਵੀ ਸੀ ਖ਼ੈਰ ਆਰਸੀਐਮਪੀ () ਹਾਲੇ ਸੋਚਾਂ ਵਿੱਚ ਹੈ ਕੀ ਇਹ ਮਾਸ ਦੇ ਟੁੱਕੜੇ ਤੇ ਚੌਲ ਆਖਿਰ ਕਿਉਂ ਰੱਖੇ ਗਏ ਹੋ ਸਕਦੇ ਹਨ ਪਰ ਦੱਸ ਦਈਏ ਕੀ ਇਹੋ ਜਿਹੇ ਜਾਦੂ ਟੂਣੇ ਕੈਨੇਡਾ ਦੇ ਭਾਰਤੀ ਵੱਸੋਂ ਵਾਲੇ ਸਹਿਰਾਂ ਸਰੀ ਤੇ ਬਰੈਂਪਟਨ ਵਿਖੇ ਪਹਿਲਾ ਵੀ ਹੋ ਚੁੱਕੇ ਹਨ ਫਿਰ ਵੀ ਜੇਕਰ ਕਿਸੇ ਕੋਲ ਇਸ ਘਟਨਾਕ੍ਰਮ ਬਾਬਤ ਵਧੇਰੇ ਜਾਣਕਾਰੀ ਹੋਵੇ ਤਾਂ ਪੁਲਿਸ ਦੇ ਨੰਬਰ 403–945–7200 ਸੂਚਿਤ ਕੀਤਾ ਜਾ ਸਕਦਾ ਹੈ।ਵੈਸੇ ਕਮਾਲ ਦੀ ਗੱਲ ਹੈ ਕਿ ਇਹੋ ਜਿਹੇ ਆਧੁਨਿਕ ਮੁਲਕਾਂ ਵਿੱਚ ਆਕੇ ਵੀ ਉਹੀ ਪੁਰਾਣੇ ਢੰਗ ਤੇ ਉਹੀ ਪੁਰਾਣੀਆਂ ਆਦਤਾਂ ਹਨ।

# 80 ਲੱਖ ਡਾਲਰ ਦੇ ਧੋਖਾਧੜੀ ਮਾਮਲੇ 'ਚ ਭਾਰਤੀ ਨੇ ਗੁਨਾਹ ਕਬੂਲਿਆ, 14 ਮਈ ਨੂੰ ਸਜ਼ਾ ਸੁਣਾਈ ਜਾਵੇਗੀ




ਵਾਸ਼ਿੰਗਟਨ , 17 ਜਨਵਰੀ (ਚ.ਨ.ਸ.): ਕੰਪਿਊਟਰ ਦੇ ਮਾਧਿਅਮ ਰਾਹੀਂ ਕਾਲ ਕਰ ਕੇ ਅਮਰੀਕਾ ਸਥਿਤ ਬਜ਼ੁਰਗਾਂ ਤੋਂ 80 ਲੱਖ ਡਾਲਰ (58.52 ਕਰੋੜ ਰੁਪਏ ਤੋਂ ਜ਼ਿਆਦਾ) ਦੀ ਧੋਖਾਧੜੀ ਕਰਨ ਦੇ ਮਾਮਲੇ ਵਿਚ ਇਕ ਭਾਰਤੀ ਨੇ ਆਪਣਾ ਜੁਰਮ ਸਵੀਕਾਰ ਕਰ ਲਿਆ ਹੈ। ਉਸ ਨੂੰ 14 ਮਈ ਨੂੰ ਸਜ਼ਾ ਸੁਣਾਈ ਜਾਵੇਗੀ। ਸਾਜ਼ਿਸ਼ ਰੱਚਣ ਦੇ ਮਾਮਲੇ ਵਿਚ ਉਸ ਨੂੰ ਜਿੱਥੇ ਵੱਧ ਤੋਂ ਵੱਧ 20 ਸਾਲਾਂ ਦੀ ਸਜ਼ਾ ਹੋ ਸਕਦੀ ਹੈ, ਉੱਥੇ ਪਛਾਣ ਲੁਕੋਣ ਦੇ ਮਾਮਲੇ ਵਿਚ ਵੱਧ ਤੋਂ ਵੱਧ ਦੋ ਸਾਲ ਦੀ ਸਜ਼ਾ ਭੁਗਤਣੀ ਪੈ ਸਕਦੀ ਹੈ।ਇਸਤਗਾਸਾ ਪੱਖ ਦੇ ਮੁਤਾਬਕ 39 ਸਾਲਾਂ ਦੇ ਸ਼ਹਿਜ਼ਾਦ ਖ਼ਾਨ ਪਠਾਨ ਗੁਜਰਾਤ ਦੇ ਅਹਿਮਦਾਬਾਦ ਵਿਚ ਇਕ ਕਾਲ ਸੈਂਟਰ ਚਲਾਉਂਦਾ ਸੀ। ਕੰਪਿਊਟਰ ਰਾਹੀਂ ਅਮਰੀਕਾ ਵਿਚ ਕਾਲ ਕਰ ਕੇ ਪਠਾਨ ਅਤੇ ਉਸ ਦੇ ਕਰੀਬੀ ਪਹਿਲੇ ਲੋਕਾਂ ਨੂੰ ਮਿੱਠੀਆਂ–ਮਿੱਠੀਆਂ ਗੱਲਾਂ ਵਿਚ ਫਸਾਉਂਦੇ ਸਨ ਅਤੇ ਬਾਅਦ ਵਿਚ ਪੈਸੇ ਭੇਜਣ ਲਈ ਕਈ ਤਰ੍ਹਾਂ ਦੀਆਂ ਸਕੀਮਾਂ ਦਾ ਝਾਂਸਾ ਦਿੰਦੇ ਸਨ। ਪੀੜਤਾਂ ਵੱਲੋਂ ਪੈਸੇ ਭੇਜਣ ਵਿਚ ਆਨਾਕਾਨੀ ਕਰਨ ਤੇ ਇਹ ਲੋਕ ਇਮੀਗ੍ਰੇਸ਼ਨ ਏਜੰਸੀਆਂ ਵੱਲੋਂ ਕਾਰਵਾਈ ਕਰਨ ਦੀ ਧਮਕੀ ਵੀ ਦਿੰਦੇ ਸਨ। ਅਦਾਲਤ ਵਿਚ ਦਾਖਲ ਦਸਤਾਵੇਜ਼ਾਂ ਮੁਤਾਬਕ ਪਠਾਨ ਨੇ ਪੀੜਤਾਂ ਤੋਂ ਪੈਸੇ ਲੈਣ ਲਈ ਕਈ ਲੋਕਾਂ ਨੂੰ ਭਰਤੀ ਵੀ ਕੀਤਾ ਸੀ। ਵਰਜੀਨੀਆ, ਨਿਊਜਰਸੀ, ਮਿਨੀਸੋਟਾ, ਟੈਕਸਾਸ, ਕੈਲੀਫੋਰਨੀਆ, ਦੱਖਣੀ ਕੈਰੋਲੀਨਾ ਅਤੇ ਇਲੀਨੋਇਸ ਵਿਚ ਪਠਾਨ ਦਾ ਨੈੱਟਵਰਕ ਸੀ। ਨਿਆਂ ਵਿਭਾਗ ਨੇ ਕਿਹਾ ਕਿ ਪਠਾਨ ਨੇ ਪੰਜ ਹਜ਼ਾਰ ਤੋਂ ਜ਼ਿਆਦਾ ਲੋਕਾਂ ਨਾਲ ਧੋਖਾਧੜੀ ਕਰ ਕੇ ਉਨ੍ਹਾਂ ਨੂੰ ਘੱਟ ਤੋਂ ਘੱਟ 80 ਲੱਖ ਡਾਲਰ ਦਾ ਚੂਨਾ ਲਾਇਆ।

# ਕੈਨੇਡਾ ਆਕੇ ਵੀ ਵਹਿਮਾਂ ਭਰਮਾਂ ਚੋਂ ਨਹੀਂ ਨਿਕਲੇ ਭਾਰਤੀ ਮੂਲ ਦੇ ਲੋਕ

ਨਿਊਯਾਰਕ/ਅਲਬਰਟਾ 17 ਜਨਵਰੀ ( ਰਾਜ ਗੋਗਨਾ / ਕੁਲਤਰਨ ਪਧਿਆਣਾ ) – ਬੀਤੇਂ ਦਿਨ ਕੈਨੇਡਾ ਤੋ ਇਕ ਖਬਰ ਸਾਹਮਣੇ ਆ ਰਹੀ ਹੈ।ਅਤੇ ਕੈਨੇਡਾ ਦੇ ਸੂਬੇ ਅਲਬਰਟਾ ਦੇ ਸਹਿਰ ਏਅਰਡਰੀ ਦੇ ਕੁੱਝ ਚੌਰਾਹਿਆਂ 'ਤੇ ਕੱਚੇ ਮੀਟ ਦੇ ਨਾਲ ਚੌਲ ਮਿਲਣ ਤੋਂ ਬਾਅਦ ਪੁਲਿਸ ਨੇ ਜਨਤਕ ਚੇਤਾਵਨੀ ਜਾਰੀ ਕੀਤੀ ਹੈ , ਆਰਸੀਐਮਪੀ ਦਾ ਕਹਿਣਾ ਹੈ ਕਿ ਸਨਿਚਰਵਾਰ ਸਵੇਰੇ 11 ਵਜੇ ਦੱਖਣੀ ਅਲਬਰਟਾ ਸਹਿਰ ਦੇ ਰੇਵੇਨਜਵੁੱਡ ਖੇਤਰ ਵਿਖੇ ਵੱਖ–ਵੱਖ ਚੌਰਾਹਿਆਂ ਚ ਚੌਲਾਂ ਦੇ ਨਾਲ ਕੱਚੇ ਮੀਟ ਦੇ ਟੁਕੜੇ ਮਿਲਣ ਦੀਆਂ ਖਬਰਾਂ ਹਨ।ਪੁਲਿਸ ਅਨੁਸਾਰ ਵੱਖ–ਵੱਖ ਚੌਰਾਹਿਆਂ ਦੇ ਚਾਰੇ ਕੋਨਿਆਂ ਤੇ ਕੱਚੇ ਮੀਟ ਦੇ ਨਾਲ–ਨਾਲ ਇੱਕ ਡਾਲਰ ਦਾ ਸਿੱਕਾ ( ਲੂਨੀ) ਵੀ ਸੀ ਖ਼ੈਰ ਆਰਸੀਐਮਪੀ () ਹਾਲੇ ਸੋਚਾਂ ਵਿੱਚ ਹੈ ਕੀ ਇਹ ਮਾਸ ਦੇ ਟੁੱਕੜੇ ਤੇ ਚੌਲ ਆਖਿਰ ਕਿਉਂ ਰੱਖੇ ਗਏ ਹੋ ਸਕਦੇ ਹਨ ਪਰ ਦੱਸ ਦਈਏ ਕੀ ਇਹੋ ਜਿਹੇ ਜਾਦੂ ਟੂਣੇ ਕੈਨੇਡਾ ਦੇ ਭਾਰਤੀ ਵੱਸੋਂ ਵਾਲੇ ਸਹਿਰਾਂ ਸਰੀ ਤੇ ਬਰੈਂਪਟਨ ਵਿਖੇ ਪਹਿਲਾ ਵੀ ਹੋ ਚੁੱਕੇ ਹਨ ਫਿਰ ਵੀ ਜੇਕਰ ਕਿਸੇ ਕੋਲ ਇਸ ਘਟਨਾਕ੍ਰਮ ਬਾਬਤ ਵਧੇਰੇ ਜਾਣਕਾਰੀ ਹੋਵੇ ਤਾਂ ਪੁਲਿਸ ਦੇ ਨੰਬਰ 403–945–7200 ਸੂਚਿਤ ਕੀਤਾ ਜਾ ਸਕਦਾ ਹੈ।ਵੈਸੇ ਕਮਾਲ ਦੀ ਗੱਲ ਹੈ ਕਿ ਇਹੋ ਜਿਹੇ ਆਧੁਨਿਕ ਮੁਲਕਾਂ ਵਿੱਚ ਆਕੇ ਵੀ ਉਹੀ ਪੁਰਾਣੇ ਢੰਗ ਤੇ ਉਹੀ ਪੁਰਾਣੀਆਂ ਆਦਤਾਂ ਹਨ।

## ਜੋਅ ਬਾਈਡੇਨ ਦੇ ਪ੍ਰਸ਼ਾਸਨ 'ਚ 20 ਭਾਰਤੀ-ਅਮਰੀਕੀ ਨਾਮਜ਼ਦ

ਵਾਸ਼ਿੰਗਟਨ : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਈਡੇਨ ਨੇ ਇਤਿਹਾਸ ਰਚਿਆ ਹੈ। 20 ਜਨਵਰੀ ਨੂੰ ਸਹੁੰ ਚੁੱਕਣ ਜਾ ਰਹੇ ਬਾਈਡੇਨ ਨੇ ਆਪਣੇ ਪ੍ਰਸ਼ਾਸਨ ਵਿਚ ਅਹਿਮ ਅਹੁਦਿਆਂ ਤੇ 13 ਬੀਬੀਆਂ ਸਮੇਤ ਘੱਟੋ–ਘੱਟ 20 ਭਾਰਤੀ–ਅਮਰੀਕੀਆਂ ਨੂੰ ਨਾਮਜ਼ਦ ਕੀਤਾ ਹੈ।ਇਹਨਾਂ 20 ਭਾਰਤੀ–ਅਮਰੀਕੀਆਂ ਵਿਚੋਂ ਘੱਟੋ–ਘੱਟ 17 ਲੋਕ ਸ਼ਕਤੀਸ਼ਾਲੀ ਵ੍ਹਾਈਟ ਹਾਊਸ ਵਿਚ ਮਹੱਤਵਪੂਰਨ ਅਹੁਦਾ ਸੰਭਾਲਣਗੇ। ਅਮਰੀਕਾ ਦੀ ਕੁੱਲ ਆਬਾਦੀ ਦਾ ਇਕ ਫੀਸਦੀ ਭਾਰਤੀ–ਅਮਰੀਕੀ ਹਨ ਅਤੇ ਇਸ ਛੋਟੇ ਭਾਈਚਾਰੇ ਵਿਚੋਂ ਕਿਸੇ ਪ੍ਰਸ਼ਾਸਨ ਵਿਚ ਪਹਿਲੀ ਵਾਰੀ ਇੰਨੀ ਵੱਧ ਗਿਣਤੀ ਵਿਚ ਲੋਕਾਂ ਨੂੰ ਨਿਯੁਕਤ ਕੀਤਾ ਜਾਵੇਗਾ।ਬਾਈਡੇਨ 20 ਜਨਵਰੀ ਨੂੰ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਦੇ ਤੌਰ ਤੇ ਸਹੁੰ ਚੁੱਕਣਗੇ। ਇਸੇ ਦਿਨ ਕਮਲਾ ਹੈਰਿਸ ਸਹੁੰ ਚੁੱਕ ਕੇ ਦੇਸ਼ ਦੀ ਪਹਿਲੀ ਬੀਬੀ ਉਪ ਰਾਸ਼ਟਰਪਤੀ ਦੇ ਰੂਪ ਵਿਚ ਅਹੁਦਾ ਸੰਭਾਲੇਗੀ। ਹੈਰਿਸ ਅਮਰੀਕਾ ਵਿਚ ਭਾਰਤੀ ਮੂਲ ਦੀ ਪਹਿਲੀ ਉਪ ਰਾਸ਼ਟਰਪਤੀ ਹੋਵੇਗੀ। ਉਹ ਇਹ ਅਹੁਦਾ ਸੰਭਾਲਣ ਵਾਲੀ ਪਹਿਲੀ ਅਫਰੀਕੀ–ਅਮਰੀਕੀ ਵੀ ਹੋਵੇਗੀ। ਇਹ ਪਹਿਲੀ ਵਾਰ ਹੈ ਜਦੋਂ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਕਿਸੇ ਰਾਸ਼ਟਰਪਤੀ ਦੇ ਪ੍ਰਸ਼ਾਸਨ ਵਿਚ ਇੰਨੀ ਵੱਡੀ ਗਿਣਤੀ ਵਿਚ ਭਾਰਤੀ–ਅਮਰੀਕੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਬਾਈਡੇਨ ਦੇ ਪ੍ਰਸ਼ਾਸਨ ਵਿਚ ਹੁਣ ਵੀ ਕਈ ਅਹੁਦੇ ਖਾਲੀ ਹਨ।

## ਵੈਬ ਸੀਰੀਜ਼ ਤਾਂਡਵ ਨੂੰ ਬੈਨ ਕਰਨ ਦੀ ਉਠੀ ਮੰਗ, ਮਨੋਜ ਕੋਟਕ ਨੇ ਜਾਵਡੇਕਰ ਨੂੰ ਲਿਖੀ ਚਿੱਠੀ

ਨਵੀਂ ਦਿੱਲੀ : ਨਿਰਦੇਸ਼ਕ ਅਲੀ ਅੱਬਾਸ ਜ਼ਫਰ ਦੀ ਨਵੀਂ ਵੈੱਬ ਸੀਰੀਜ਼ ਤਾਂਡਵ ਲਗਾਤਾਰ ਵਿਵਾਦਾਂ ਚ ਘਿਰ ਰਹੀ ਹੈ। ਇਸ ਵੈੱਬ ਸੀਰੀਜ਼ ਦੇ ਨਿਰਮਾਤਾਵਾਂ ਤੇ ਭਗਵਾਨ ਰਾਮ, ਨਾਰਦ ਤੇ ਸ਼ਿਵ ਦਾ ਅਪਮਾਨ ਕਰਨ ਦਾ ਇਲਜ਼ਾਮ ਲਾਇਆ ਜਾ ਰਿਹਾ ਹੈ। ਇਸ ਤੋਂ ਬਾਅਦ ਸੋਸ਼ਲ ਮੀਡੀਆ ਤੇ ਇਸ ਤੇ ਲਗਾਤਾਰ ਪਾਬੰਦੀ ਲਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਇਸ ਵੈੱਬ ਸੀਰੀਜ਼ ਤੇ ਰਾਜਨੀਤੀ ਵੀ ਸ਼ੁਰੂ ਹੋ ਗਈ ਹੈ। ਭਾਜਪਾ ਦੇ ਸੰਸਦ ਮੈਂਬਰ ਮਨੋਜ ਕੋਟਕ ਨੇ ਸੂਚਨਾ ਤੇ ਪ੍ਰਸਾਰਣ ਮੰਤਰੀ ਪ੍ਰਕਾਸ਼ ਜਾਵਡੇਕਰ ਨੂੰ ਵੈੱਬ ਸੀਰੀਜ਼ ਤਾਂਡਵ ਵਿਰੁੱਧ ਪੱਤਰ ਲਿਖਿਆ ਹੈ। ਮਹਾਰਾਸ਼ਟਰ ਦੇ ਭਾਜਪਾ ਵਿਧਾਇਕ ਰਾਮ ਕਦਮ ਨੇ ਇਸ ਖ਼ਿਲਾਫ਼ ਮੁੰਬਈ ਦੇ ਘਾਟਕੋਪਰ ਥਾਣੇ ਚ ਸ਼ਿਕਾਇਤ ਦਰਜ ਕਰਵਾਈ ਹੈ।

## ਅਮਰੀਕਾ ਦੇ ਸਾਰੇ 50 ਸੂਬਿਆਂ 'ਚ ਹਾਈ ਅਲਰਟ, ਹਿੰਸਾ ਦੇ ਖਦਸ਼ੇ ਕਾਰਨ ਸੁਰੱਖਿਆ ਪ੍ਰਬੰਧ ਪੁਖ਼ਤਾ

ਵਾਸ਼ਿੰਗਟਨ : ਅਮਰੀਕਾ ਚ ਟਰੰਪ ਹਮਾਇਤੀਆਂ ਦੀ 17 ਜਨਵਰੀ ਨੂੰ ਸ਼ਸਤਰ ਅੰਦੋਲਨ ਦੀ ਧਮਕੀ ਤੇ ਵਾਸ਼ਿੰਗਟਨ ਡੀਸੀ ਚ ਮਾਰਚ ਕੱਢਣ ਦੀ ਧਮਕੀ ਦੌਰਾਨ ਅਮਰੀਕਾ ਦੇ ਸਾਰੇ 50 ਸੂਬਿਆਂ ਚ ਹਾਈ ਅਲਰਟ ਕਰ ਦਿੱਤਾ ਗਿਆ ਹੈ। ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਦੇ ਸਹੁੰ ਚੁੱਕ ਸਮਾਗਮ ਦੇ ਸਾਬਕਾ ਕੋਲੰਬੀਆ ਡੀਸੀ ਸਮੇਤ ਸਾਰੇ ਸੂਬਿਆਂ ਚ ਸੁਰੱਖਿਆ ਪ੍ਰਬੰਧ ਪੁਖ਼ਤਾ ਕਰ ਦਿੱਤੇ ਗਏ ਹਨ। 6 ਜਨਵਰੀ ਨੂੰ ਹੋਏ ਦੰਗੇ ਦੇ ਮੱਦੇਨਜ਼ਰ ਦੇਸ਼ ਭਰ ਤੋਂ ਨੈਸ਼ਨਲ ਗਾਰਡ ਦੀਆਂ ਟੁਕੜੀਆਂ ਵਾਸ਼ਿੰਗਟਨ ਰਵਾਨਾ ਕੀਤੀਆਂ ਗਈਆਂ ਹਨ। ਕੋਲੰਬੀਆ ਡੀਸੀ ਨੂੰ ਛਾਉਣੀ ਚ ਤਬਦੀਲ ਕਰ ਦਿੱਤਾ ਗਿਆ ਹੈ।ਅਮਰੀਕਾ ਦੀ ਸੁਰੱਖਇਆ ਏਜੰਸੀ ਐੱਫਬੀਆਈ ਨੇ ਸਾਰੇ 50 ਸੂਬਿਆਂ ਦੀਆਂ ਰਾਜਧਾਨੀਆਂ ਚ ਟਰੰਪ ਸਮਰਥਕਾਂ ਤੇ ਪ੍ਰਦਰਸ਼ਨਕਾਰੀਆਂ ਵੱਲੋਂ ਸੰਭਾਵੀ ਸ਼ਸਤਰ ਮਾਰਚ ਦੀ ਚਿਤਾਵਨੀ ਦਿੱਤੀ ਗਈ ਹੈ। ਇਹਤਿਆਤ ਦੇ ਤੌਰ ਤੇ ਡੀਸੀ ਚ ਨੈਸ਼ਨਲ ਮਾਲ ਨੂੰ ਬੰਦ ਕਰ ਦਿੱਤਾ ਗਿਆ ਹੈ। ਸੁਰੱਖਿਆ ਦੇ ਪੁਖ਼ਤ ਇੰਤਜ਼ਾਮ ਕੀਤੇ ਜਾ ਰਹੇ ਹਨ। ਨਿਊਜ਼ ਏਜੰਸੀ ਰਾਇਟਰ ਮੁਤਾਬਿਕ ਬਾਇਡਨ ਦੇ ਸਹੁੰ ਚੁੱਕ ਸਮਾਗਮ ਚ ਸੁਰੱਖਿਆ ਦੀ ਕਈ ਪੱਧਰੀ ਵਿਵਸਥਾ ਹੋਵੇਗੀ। ਟਰੰਪ ਸਮਰਥਕਾਂ ਵੱਲੋਂ ਕੋਈ ਹੰਗਾਮਾ ਨਾ ਹੋਵੇ ਇਸ ਦੇ ਲਈ ਸੁਰੱਖਿਆ ਪੁਖ਼ਤਾ ਰੱਖੀ ਗਈ ਹੈ। ਕੈਪੀਟਲ ਬਿਲਡਿੰਗ ਦੇ ਆਸਪਾਸ ਫੈਂਸਿੰਗ ਤੋਂ ਲੈ ਕੇ ਤਮਾਮ ਇੰਤਜ਼ਾਮ ਕੀਤੇ ਗਏ ਹਨ।ਪੁਖ਼ਤਾ ਸੁਰੱਖਿਆ ਦੌਰਾਨ ਰਾਜਧਾਨੀ ਦੀਆਂ ਸੜਕਾਂ ਤੇ ਬੈਰੀਕੇਡਿੰਗ ਕੀਤੀ ਜਾ ਰਹੀ ਹੈ। ਉਧਰ, ਬਾਇਡਨ ਦੀ ਟੀਮ ਨੇ ਪਹਿਲਾਂ ਹੀ ਕੋਰੋਨਾ ਮਹਾਮਾਰੀ ਕਾਰਨ ਨਾਗਰਿਕਾਂ ਨੂੰ ਰਾਜਧਾਨੀ ਦੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਹੈ। ਸਥਾਨਕ ਅਧਿਕਾਰੀਆਂ ਨੇ ਲੋਕਾਂ ਨੂੰ ਇਸ ਸਮਾਗਮ ਨੂੰ ਆਪਣੇ ਘਰੋਂ ਹੀ ਦੇਖਣ ਦੀ ਅਪੀਲ ਕੀਤੀ ਹੈ।

## 1.8 ਕਰੋੜ ਆਬਾਦੀ ਨਾਲ ਭਾਰਤੀ ਦੁਨੀਆ ਦਾ ਸਭ ਤੋਂ ਵੱਡਾ ਪ੍ਰਵਾਸੀ ਸਮੂਹ

ਸੰਯੁਕਤ ਰਾਸ਼ਟਰ : ਪ੍ਰਵਾਸੀ ਭਾਰਤੀਆਂ ਦੀ ਸੰਖਿਆ ਸੰਸਾਰ 'ਚ ਸਭ ਤੋਂ ਜ਼ਿਆਦਾ ਹੈ, ਜੋ ਦੁਨੀਆ ਦੇ ਵੱਖ–ਵੱਖ ਦੇਸ਼ਾਂ 'ਚ ਰਹਿ ਰਹੇ ਹਨ ਤੇ ਇਹ ਸਭ ਤੋਂ ਜ਼ਿਆਦਾ ਵਿਭਿੰਨਤਾ ਤੇ ਜ਼ਿੰਦਾ ਦਿਲੀ ਵਾਲੇ ਤਬਕਿਆਂ 'ਚੋਂ ਇਕ ਹੈ। ਸੰਯੁਕਤ ਰਾਸ਼ਟਰ ਨੇ ਦੱਸਿਆ ਕਿ ਸਾਲ 2020 'ਚ ਤਕਰੀਬਨ 1.8 ਕਰੋੜ ਭਾਰਤੀ ਆਪਣੇ ਦੇਸ਼ ਤੋਂ ਦੂਰ ਦੁਨੀਆ ਦੇ ਵੱਖ–ਵੱਖ ਦੇਸ਼ਾਂ 'ਚ ਰਹਿੰਦੇ ਹਨ ਤੇ ਇਸ ਮਾਮਲੇ 'ਚ ਇਹ ਸੰਸਾਰ ਦਾ ਸਭ ਤੋਂ ਵੱਡਾ ਪ੍ਰਵਾਸੀ ਸਮੂਹ ਹੈ।ਵਿਸ਼ਵ ਬਾਡੀ ਨੇ ਦੱਸਿਆ ਕਿ ਸਭ ਤੋਂ ਜ਼ਿਆਦਾ ਸੰਖਿਆ 'ਚ ਪ੍ਰਵਾਸੀ ਭਾਰਤੀ ਸੰਯੁਕਤ ਅਰਬ ਅਮੀਰਾਤ, ਅਮਰੀਕਾ ਤੇ ਸਾਊਦੀ ਅਰਬ 'ਚ ਰਹਿੰਦੇ ਹਨ। ਸੰਯੁਕਤ ਰਾਸ਼ਟਰ ਦੇ ਆਰਥਿਕ ਤੇ ਸਮਾਜਿਕ ਮਾਮਲਿਆਂ ਦੇ ਵਿਭਾਗ (ਡੀ.ਈ.ਐੱਸ.ਏ.) 'ਚ ਜਨਸੰਖਿਆ ਵੰਡ 'ਚ ਜਨਸੰਖਿਆ ਮਾਮਲਿਆਂ ਦੀ ਅਧਿਕਾਰੀ ਕਲੇਰ ਮੇਨੋਜੀ ਨੇ ਇਕ ਇੰਟਰਵਿਊ 'ਚ ਕਿਹਾ,"ਭਾਰਤ ਦੇ ਤਕਰੀਬਨ 1.8 ਕਰੋੜ ਲੋਕ ਦੁਨੀਆ ਦੇ ਵੱਖ–ਵੱਖ ਦੇਸ਼ਾਂ 'ਚ ਰਹਿੰਦੇ ਹਨ। ਸਭ ਤੋਂ ਰੌਚਕ ਗੱਲ ਇਹ ਹੈ ਕਿ ਭਾਰਤੀ ਪ੍ਰਵਾਸੀ ਆਬਾਦੀ ਪੂਰੀ ਦੁਨੀਆ 'ਚ ਹੈ।

## _ਗੁਰਦੁਆਰਾ ਸੰਤ ਸਾਗਰ ਨਿਊਯਾਰਕ ਬੀਤੀ 16 ਜਨਵਰੀ ਨੂੰ ਦਿੱਲੀ ਵਿਖੇ ਚੱਲ ਰਹੇ ਕਿਸਾਨ ਅੰਦੋਲਨ ਦੇ ਹੱਕ ਵਿਚ ਇੱਕ ਭਰਵੀਂ ਰੋਸ ਰੈਲੀ ਕੱਢੀ ਗਈ। (ਤਸਵੀਰਾਂ ਅਤੇ ਵੇਰਵਾ ਠਾਕੁਰ ਡਿਜੀਟਲ ਸਟੂਡੀਓ)








# ਨਿਊਯਾਰਕ ਦੀ ਕੈਪੀਟਲ ਸਿਟੀ ਐਲਬਨੀ ਦੇ ਨੇੜੇ ਸੋਡੈਕ ਕਸਬੇ ਚ' ਇਕ ਪੰਜਾਬੀ ਵੱਲੋਂ ਆਪਣੀ ਧੀ ਅਤੇ ਸੱਸ ਦੇ ਕਤਲ ਮਗਰੋਂ ਖੁਦ ਨੂੰ ਗੋਲੀ ਮਾਰ ਕੇ ਕੀਤੀ ਖੁਦਕੁਸ਼ੀ



ਨਿਊਯਾਰਕ, ( ਰਾਜ ਗੋਗਨਾ ) ਬੀਤੀ ਰਾਤ ਨਿਊਯਾਰਕ ਦੀ ਰਾਜਧਾਨੀ ਐਲਬਨੀ ਦੇ ਨੇੜੇ ਸੋਡੈਕ ਟਾਊਨ ਚ' ਇਕ ਭਾਰਤੀ ਮੂਲ ਦੇ ਭੁਪਿੰਦਰ ਸਿੰਘ ਨਾਮੀ ਪੰਜਾਬੀ ਵਿਅਕਤੀ ਨੇ ਆਪਣੀ 14 ਸਾਲਾ ਦੀ ਧੀ ਜਸਲੀਨ ਕੋਰ ਅਤੇ ਬਜੁਰਗ ਸੱਸ ਮਨਜੀਤ ਕੋਰ ਦਾ ਗੋਲੀਆਂ ਮਾਰ ਕੇ ਕਤਲ ਕਰਨ ਮਗਰੋਂ ਖੁਦ ਨੂੰ ਗੋਲੀ ਮਾਰ ਕੇ ਆਪਣੀ ਜੀਵਨ ਲੀਲਾ ਵੀ ਖਤਮ ਕਰ ਲਈ. ਜਦ ਕਿ ਭੁਪਿੰਦਰ ਸਿੰਘ ਦੀ ਪਤਨੀ ਰਸਪਾਲ ਕੋਰ ਦੇ ਹੱਥ ਤੇ ਗੋਲੀ ਲੱਗੀ ਪਰ ਉਹ ਬਚ ਕੇ ਭੱਜਣ ਚ' ਕਾਮਯਾਬ ਰਹੀ ਜੋ ਐਲਬਨੀ ਦੇ ਹਸਪਤਾਲ ਚ' ਦਾਖਿਲ ਹੈ ਜਿਸ ਦੀ ਹਾਲਤ ਖਤਰੇ ਤੋ ਬਾਹਰ ਹੈ । ਪੁਲਸ ਨੇ ਦੱਸਿਆ ਕਿ ਅਲਬਾਨੀ ਤੋਂ 19 ਕਿਲੋਮੀਟਰ ਦੂਰ ਦੱਖਣ ਵਿੱਚ ਸੋਡੈਕ ਕਸਬੇ ਵਿਚ ਆਪਣੇ ਘਰ ਵਿਚ ਭੁਪਿੰਦਰ ਸਿੰਘ ਨੇ ਆਪਣੀ ਧੀ ਜਸਲੀਨ ਕੌਰ ਅਤੇ ਸੱਸ ਮਨਜੀਤ ਕੌਰ ਨੂੰ ਗੋਲੀ ਮਾਰ ਦਿੱਤੀ। ਨਿਊਯਾਰਕ ਪੁਲਸ ਨੇ ਦੱਸਿਆ ਕਿ ਸੁਰੂਆਤੀ ਜਾਂਚ ਵਿਚ ਪਤਾ ਚੱਲਿਆ ਹੈ ਕਿ ਜਸਲੀਨ ਕੌਰ ਅਤੇ ਮਨਜੀਤ ਕੌਰ ਦੋਹਾਂ ਦੀ ਮੌਤ ਗੋਲੀ ਲੱਗਣ ਕਾਰਨ ਹੋਈ ਹੈ ਅਤੇ ਦੋਹਾਂ ਨੂੰ ਬੀਤੀ ਰਾਤ ਕਰੀਬ ਸਾਢੇ 9 :15 ਵਜੇ ਘਰ ਚ' ਘਰੇਲੂ ਹਿੰਸਾ ਦੇ ਦੌਰਾਨ ਗੋਲੀ ਲੱਗੀ। ਜਦ ਕਿ ਭੁਪਿੰਦਰ ਸਿੰਘ ਦੀ ਪਤਨੀ ਰਸਪਾਲ ਕੌਰ ਦੇ ਹੱਥ ਤੇ ਗੋਲੀ ਲੱਗੀ ਹੈ ਪਰ ਉਹ ਬਚ ਨਿਕਲਣ ਵਿਚ ਸਮਰੱਥ ਰਹੀ। ਪੁਲਸ ਨੇ ਦੱਸਿਆ ਕਿ ਰਸਪਾਲ ਕੌਰ ਦਾ ਅਲਬਾਨੀ ਮੈਡੀਕਲ ਸੈਂਟਰ ਵਿਚ ਇਲਾਜ ਚੱਲ ਰਿਹਾ ਹੈ ਅਤੇ ਉਸ ਦੀ ਜਾਨ ਨੂੰ ਕੋਈ ਵੀ ਖਤਰਾ ਨਹੀਂ ਹੈ।



ਚੰਡੀਗੜ੍ਹ ਵਿਖੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾਂ ਪ੍ਰਕਾਸ ਪੁਰਬ ਨੂੰ ਸਮਰਪਿਤ ਸੀਨੀਅਰ ਐਡਵੋਕੇਟ ਹਰਪ੍ਰੀਤ ਸਿੰਘ ਸੰਧੂ ਦੁਆਰਾ ਤਿਆਰ ਕੀਤੀ ਡਾਕੂਮੈਂਟਰੀ ਫਲਿਮ ਦਾ ਖੂਬਸੂਰਤ ਕੈਲੰਡਰ ਰਿਲੀਜ ਕੀਤਾ ਗਿਆ ਜੋ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੇਂ ਪੀ ਸਿੰਘ ਰਾਣਾ ਪੰਜਾਬ ਲਾਰਜ ਇੰਡਸਟਰਲ ਬੋਰਡ ਐਂਡ ਕਮਰਸ ਪੰਜਾਬ ਦੇ ਚੇਅਰਮੈਨ ਨੇ ਭੇਟ ਕੀਤਾ ਗਿਆ। ਤਸਵੀਰ ਵਿੱਚ ਸਪੀਕਰ ਰਾਣਾ, ਚੇਅਰਮੈਨ ਪਵਨ ਦੀਵਾਨ ਨੇਐਡਵੋਕੇਟ ਸੰਧੂ ਦੀ ਇਸ ਸਲਾਘਾਯੋਗ ਉੱਦਮ ਦੀ ਭਰਪੂਰ ਪ੍ਰਸੰਸਾ ਕੀਤੀ।

ਫੋਟੋ ਤੇ ਵੇਰਵਾ:-ਰਾਜ ਗੋਗਨਾ, ਸੀਨੀਅਰ ਪੱਤਰਕਾਰ ਪੰਜਾਬੀ ਮੀਡੀਆ, ਯੂ.ਐਸ.ਏ ਰਾਹੀਂ ।

# ਦੇਸ਼ 'ਚ ਕੋਰੋਨਾ ਵੈਕਸੀਨ ਦੀ ਹੋ ਰਹੀ ਹੈ ਬਰਬਾਦੀ, ਪੰਜਾਬ ਸਭ ਤੋਂ ਮੋਹਰੀ

ਚੰਡੀਗੜ੍ਹ, : ਕੋਰੋਨਾਵਾਇਰਸ ਮਹਾਮਾਰੀ ਦੇ ਖਾਤਮੇ ਲਈ ਲੋਕ ਕਰੀਬ ਪਿਛਲੇ 10 ਮਹੀਨੇ ਤੋਂ ਟੀਕਾਕਰਨ ਦਾ ਇੰਤਜਾਰ ਕਰ ਰਹੇ ਸੀ। ਭਾਰਤ ਵਿੱਚ 16 ਜਨਵਰੀ ਨੂੰ ਇਹ ਟੀਕਾਕਰਨ ਮੁਹਿੰਮ ਸ਼ੁਰੂ ਹੋਈ ਪਰ ਮੰਗਲਵਾਰ ਨੂੰ ਟੀਕਾਕਰਨ ਦੇ ਤੀਜੇ ਦਿਨ ਰਿਪੋਰਟਾਂ ਆਉਣ ਲੱਗੀਆਂ ਹਨ ਕਿ ਵੈਕਸੀਨ ਦੀ ਬਰਬਾਦੀ ਹੋ ਰਹੀ ਹੈ। ਕੇਂਦਰੀ ਸਿਹਤ ਮੰਤਰਾਲੇ ਅਨੁਸਾਰ, ਇੱਕ ਕੋਰੋਨਾ ਟੀਕਾ ਯਾਨੀ ਇੱਕ ਸ਼ੀਸ਼ੀ (5 ) ਨਾਲ 10 ਲੋਕਾਂ ਨੂੰ ਖੁਰਾਕ ਦਿੱਤੀ ਜਾ ਸਕਦੀ ਹੈ। ਜੇਕਰ ਇਹ ਥੋੜ੍ਹੀ ਬਹੁਤ ਬਚ ਵੀ ਜਾਂਦੀ ਹੈ ਤਾਂ ਇਸ ਨੂੰ ਸੁੱਟਿਆ ਨਹੀਂ ਜਾ ਸਕਦਾ। ਅਜਿਹੀ ਸਥਿਤੀ ਵਿੱਚ, ਬਹੁਤ ਸਾਰੇ ਸਥਾਨਾਂ ਤੇ ਪਹੁੰਚ ਰਹੇ ਕਰਮਚਾਰੀਆਂ ਦੀ ਘੱਟ ਗਿਣਤੀ ਤੇ ਕਈ ਥਾਵਾਂ ਤੇ ਟੀਕੇ ਲਗਾਉਣ ਵਾਲਿਆਂ ਦੀ ਲੋੜੀਂਦੀ ਗਿਣਤੀ ਨਾ ਹੋਣ ਕਾਰਨ ਖੁਰਾਕ ਬਰਬਾਦ ਕੀਤੀ ਜਾ ਰਹੀ ਹੈ। ਇਸ ਵਿੱਚ ਸਭ ਤੋਂ ਪਹਿਲਾ ਨੰਬਰ ਪੰਜਾਬ ਦਾ ਹੈ। ਪੰਜਾਬ ਵਿੱਚ ਕੋਰੋਨਾ ਵੈਕਸੀਨ ਦੀ ਸਭ ਤੋਂ ਵੱਧ ਬਰਬਾਦੀ ਹੋ ਰਹੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ ਹੁਣ ਤੱਕ 247 ਡੋਜ ਦੀ ਬਰਬਾਦੀ ਹੋ ਚੁੱਕੀ ਹੈ। ਪੰਜਾਬ ਵਿੱਚ ਟੀਕਾਕਰਨ ਮੁਹਿੰਮ ਦੀ ਰਫਤਾਰ ਬਹੁਤ ਹੌਲੀ ਹੈ। ਰਾਜ ਵਿੱਚ ਤਿੰਨ ਦਿਨਾਂ ਵਿੱਚ 247 ਖੁਰਾਕਾਂ ਦਾ ਨੁਕਸਾਨ ਹੋਇਆ ਹੈ। ਸਿਹਤ ਕਰਮਚਾਰੀ ਟੀਕਾ ਲਗਵਾਉਣ ਤੋਂ ਪਿੱਛੇ ਹਟ ਗਏ ਹਨ। ਅੰਮ੍ਰਿਤਸਰ ਵਿੱਚ 39, ਪਟਿਆਲੇ 'ਚ 52, ਫਰੀਦਕੋਟ 'ਚ 36, ਸੰਗਰੂਰ 'ਚ 19, ਮੋਗਾ ਅਤੇ ਬਠਿੰਡਾ ਵਿਚ 16-16, ਹੁਸਆਿਰਪੁਰ ਅਤੇ ਕਪੂਰਥਲਾ ਵਿਚ 13-13, ਫਤਿਹਗੜ ਸਾਹਿਬ ਵਿਚ 12, ਜਲੰਧਰ, ਰੋਪੜ ਤੇ ਨਵਾਂ ਸਹਿਰ ਵਿਚ 10-10 , ਅਬੋਹਰ ਵਿੱਚ 7 ਤੇ ਮੁਕਤਸਰ ਵਿੱਚ ਚਾਰ ਖੁਰਾਕਾਂ ਨੂੰ ਨੁਕਸਾਨ ਪਹੁੰਚਿਆ ਹੈ। ਜਦਕਿ ਲੁਧਿਆਣਾ ਤੇ ਗੁਰਦਾਸਪੁਰ ਵਿੱਚ ਕੋਈ ਵੀ ਖੁਰਾਕ ਨਹੀਂ ਖਰਾਬ ਕੀਤੀ ਗਈ। ਸੀਸੀ ਸਿਰਫ 10 ਵਿਅਕਤੀਆਂ ਦੇ ਡੀਐਮਸੀ ਅਤੇ ਸੀਐਮਸੀ ਵਿੱਚ ਜਮ੍ਹਾ ਹੋਣ ਤੋਂ ਬਾਅਦ ਖੋਲ੍ਹੀ ਜਾ ਰਹੀ ਹੈ। ਇਸ ਨਾਲ, ਪੂਰੀ ਸੀਸੀ ਇਕੋ ਵਾਰ ਵਰਤੀ ਜਾਂਦੀ ਹੈ। ਬੰਗਾਲ ਦੀ ਮਮਤਾ ਸਰਕਾਰ ਨੇ ਇਸ 'ਤੇ ਕਾਬੂ ਪਾਉਣ ਲਈ ਆਦੇਸ਼ ਜਾਰੀ ਕਰ ਦਿੱਤੇ ਹਨ। ਬਿਹਾਰ ਅਤੇ ਮੱਧ ਪ੍ਰਦੇਸ਼ 'ਚ 10 ਲੋਕਾਂ ਦੇ ਪਹੁੰਚਣ ਤੇ ਹੀ ਸ਼ੀਸ਼ੀ ਖਾਲੀ ਕੀਤੀ ਜਾ ਰਹੀ ਹੈ। ਵੈਕਸੀਨ ਵਾਲੀ ਸ਼ੀਸ਼ੀ ਨੂੰ ਬਰਫ ਵਾਲੇ ਡੱਬੇ ਵਿੱਚੋਂ ਬਾਹਰ ਕੱਢਣ ਮਗਰੋਂ ਤੁਰੰਤ ਇਸਤਮਾਲ ਕਰਨਾ ਲਾਜਮੀ ਹੈ। ਜਦੋਂ ਸ਼ੀਸ਼ੀ ਇੱਕ ਵਾਰ ਖੁਲ ਜਾਂਦੀ ਹੈ ਤਾਂ ਉਸ ਨੂੰ ਸਿਰਫ ਚਾਰ ਘੰਟੇ ਤਕ ਹੀ ਫਰਿਜ ਵਿੱਚ ਸਟੋਰ ਕੀਤਾ ਜਾ ਸਕਦਾ ਹੈ। ਪੰਜਾਬ 'ਚ ਟੀਕਾਕਰਨ ਦੀ ਰਫਤਾਰ ਹੌਲੀ ਪੰਜਾਬ ਵਿੱਚ ਟੀਕਾਕਰਨ ਦੀ ਰਫਤਾਰ ਬਹੁਤ ਹੌਲੀ ਚੱਲ ਰਹੀ ਹੈ। ਮੰਗਲਵਾਰ ਨੂੰ ਇਸ ਵਿੱਚ 13 ਫੀਸਦ ਦਾ ਵਾਧਾ ਜਰੂਰ ਵੇਖਿਆ ਗਿਆ ਹੈ।



# ਐਨਆਈਏ ਨੇ ਖਾਲਸਾ ਏਡ ਦੇ ਵਾਲੰਟੀਅਰਾਂ ਖਿਲਾਫ ਭੇਜੇ ਸੰਮਨ ਕੀਤੇ ਮੁਲਤਵੀ

ਨਿਊਯਾਰਕ (ਰਾਜ ਗੋਗਨਾ ) ਚੈਰੀਟੇਬਲ ਸੰਸਥਾ ਖਾਲਸਾ ਏਡ ਦੇ ਨੋਬਲ ਸਾਂਤੀ ਪੁਰਸਕਾਰ ਲਈ ਨੋਮੀਨੇਟ ਹੋਣ ਤੋਂ ਬਾਅਦ ਹੀ ਵੱਲੋਂ ਖਾਲਸਾ ਏਡ ਦੇ ਵਾਲੰਟਿਅਰਾ ਖਿਲਾਫ ਭੇਜੇ ਸੰਮਨ ਹਾਲ ਦੀ ਘੜੀ ਮੁਲਤਵੀ ਕਰ ਦਿੱਤੇ ਗਏ ਹਨ। ਐਨਆਈਏ ਨੇ 16 ਜਨਵਰੀ ਨੂੰ ਖਾਲਸਾ ਦੇ ਭਾਰਤ ਚ' ਡਾਇਰੈਕਟਰ ਅਮਰਦੀਪ ਸਿੰਘ ਤੇ ਕੁੱਝ ਹੋਰਨਾਂ ਵਾਲਟੀਅਰਾਂ ਨੂੰ ਪੁੱਛਗਿੱਛ ਲਈ ਸੰਮਨ ਜਾਰੀ ਕੀਤੇ ਸਨ ਪਰ ਹੁਣ ਜਦੋਂ ਖਾਲਸਾ ਏਡ ਦਾ ਨਾਮ ਨੋਬਲ ਸਾਂਤੀ ਪੁਰਸਕਾਰ ਲਈ ਨੋਮੀਨੇਟ ਹੋਇਆ ਹੈ ਤਾਂ ਨੇ ਫਲਿਹਾਲ ਆਪਣੀ ਕਾਰਵਾਈ ਮੁਲਤਵੀ ਕਰ ਦਿੱਤੀ ਹੈ। ਨੇ 18 ਜਨਵਰੀ ਨੂੰ ਅਮਰਪ੍ਰੀਤ ਸਿੰਘ ਨਾਲ ਸੰਪਰਕ ਕਰਕੇ ਕਿਹਾ ਹੈ ਕਿ ਫਿਲਹਾਲ ਪੁਛਗਿੱਛ ਨੂੰ ਮੁਲਤਵੀ ਕੀਤਾ ਗਿਆ ਹੈ। ਯਾਦ ਰਹੇ ਇਸਤੋਂ ਪਹਿਲਾਂ ਖਾਲਸਾ ਏਡ ਸਮੇਤ ਵੱਡੀ ਗਿਣਤੀ ਵਿੱਚ ਕਿਸਾਨੀ ਸੰਘਰਸ ਨਾਲ ਜੁੜੇ ਹਿਮਾਇਤੀਆਂ, ਪੱਤਰਕਾਰਾਂ ਤੇ ਕਈ ਨਾਲ ਸਬੰਧਤ ਵਾਲੰਟਿਅਰਾ ਨੂੰ ਵੱਲੋਂ ਪੁੱਛ ਗਿੱਛ ਲਈ ਸੰਮਨ ਜਾਰੀ ਕੀਤੇ ਗਏ ਸਨ।



# ਜੋਅ ਬਾਇਡਨ ਅਤੇ ਕਮਲਾ ਹੈਰਿਸ ਜਦੋਂ ਸਹੁੰ ਚੁੱਕਣਗੇ, ਉਸ ਦਿਨ ਕੀ ਕੀ ਹੋਵੇਗਾ

ਰਾਸਟਰਪਤੀ ਚੁਣੇ ਗਏ ਜੋਅ ਬਾਇਡਨ ਉਦਘਾਟਨ ਦੇ ਦਿਨ ਤੱਕ ਅਧਿਕਾਰਤ ਤੌਰ 'ਤੇ ਵ੍ਹਾਈਟ ਹਾਊਸ ਵਿੱਚ ਕਦਮ ਨਹੀਂ ਰੱਖ ਸਕਦੇ। ਇਹ ਇੱਕ ਰਾਜਨੀਤਿਕ ਪਰੇਡ ਹੈ, ਜਦੋਂ ਬਾਇਡਨ ਅਤੇ ਉਨ੍ਹਾਂ ਦੇ ਉਪ-ਰਾਸਟਰਪਤੀ ਕਮਲਾ ਹੈਰਿਸ ਅਹੁਦੇ ਦੀ ਸਹੁੰ ਚੁੱਕਣਗੇ। ਕੋਵਿਡ -19 ਪ੍ਰੋਟੋਕੋਲ ਤੋਂ ਲੈ ਕੇ ਸੁਰੱਖਿਆ ਦੀਆਂ ਚਿੰਤਾਵਾਂ ਤੱਕ, ਲੇਡੀ ਗਾਗਾ ਦੀ ਪੇਸਕਾਰੀ ਤੱਕ, ਇੱਥੇ ਉਹ ਸਭ ਕੁਝ ਹੈ ਜਿਸ ਅਹਿਮ ਦਿਨ ਬਾਰੇ ਤੁਹਾਨੂੰ ਜਾਣਨ ਦੀ ਜਰੂਰਤ ਹੈ।

**ਉਦਘਾਟਨ ਕੀ ਹੈ ?**

ਉਦਘਾਟਨ ਇੱਕ ਰਸਮੀ ਸਮਾਗਮ ਹੈ ਜੋ ਨਵੇਂ ਰਾਸਟਰਪਤੀ ਦੀ ਸੁਰੂਆਤ ਦਾ ਇੱਕ ਪ੍ਰਤੀਕ ਹੈ ਅਤੇ ਇਹ ਸਮਾਗਮ ਵਾਸਿੰਗਟਨ ਡੀਸੀ ਵਿੱਚ ਹੁੰਦਾ ਹੈ। ਇਸ ਦੀ ਜਰੂਰੀ ਵਿਸੇਸਤਾ ਇਹ ਹੈ ਕਿ ਚੁਣਿਆ ਗਿਆ ਰਾਸਟਰਪਤੀ ਆਪਣੇ ਅਹੁਦੇ ਦੀ ਸਹੁੰ ਚੁੱਕਦਾ ਹੈ: "ਮੈਂ ਸਹੁੰ ਚੁੱਕਦਾ ਹਾਂ ਕਿ ਮੈਂ ਸਯੁੰਕਤ ਰਾਜ ਦੇ ਰਾਸਟਰਪਤੀ ਦੇ ਦਫਤਰ ਨੂੰ ਇਮਾਨਦਾਰੀ ਨਾਲ ਚਲਾਵਾਂਗਾ ਅਤੇ ਸੰਯੁਕਤ ਰਾਜ ਦੇ ਸੰਵਿਧਾਨ ਦੀ ਸੁਰੱਖਿਆ ਲਈ ਆਪਣੀ ਪੂਰੀ ਯੋਗਤਾ, ਸਮਰੱਥਾ ਅਤੇ ਬਚਾਅ ਦੇ ਸਰਵੋਤਮ ਯਤਨ ਕਰਾਂਗਾ। ਇੱਕ ਵਾਰ ਜਦੋਂ ਉਹ ਇਹ ਸਬਦ ਬੋਲਣਗੇ, ਬਾਇਡਨ ਫਿਰ 46ਵੇਂ ਰਾਸਟਰਪਤੀ ਵਜੋਂ ਆਪਣਾ ਸਥਾਨ ਗ੍ਰਹਿਣ ਕਰਨਗੇ ਅਤੇ ਉਦਘਾਟਨ ਸਮਾਗਮ ਪੂਰਾ ਹੋ ਜਾਵੇਗਾ। ਕਮਲਾ ਹੈਰਿਸ ਜਦੋਂ ਸਹੁੰ ਚੁੱਕਣਗੇ ਤਾਂ ਉਹ ਉਪ-ਰਾਸਟਰਪਤੀ ਬਣਨਗੇ, ਜੋ ਆਮ ਤੌਰ 'ਤੇ ਰਾਸਟਰਪਤੀ ਦੇ ਸਹੁੰ ਚੁੱਕਣ ਤੋਂ ਪਹਿਲਾਂ ਹੁੰਦਾ ਹੈ।

**ਬਾਇਡਨ ਦਾ ਉਦਘਾਟਨ ਕਦੋਂ ਹੋਵੇਗਾ ?**

ਕਾਨੂੰਨ ਅਨੁਸਾਰ ਉਦਘਾਟਨ ਦਾ ਦਿਨ 20 ਜਨਵਰੀ ਹੈ। ਉਦਘਾਟਨੀ ਟਿੱਪਣੀਆਂ ਆਮ ਤੌਰ 'ਤੇ ਲਗਭਗ 11:30 ਈਐੱਸਟੀ (16:30 ਜੀਐੱਮਟੀ) ਲਈ ਤੈਅ ਕੀਤੀਆਂ ਜਾਂਦੀਆਂ ਹਨ ਅਤੇ ਜੋਅ ਬਾਇਡਨ ਅਤੇ ਕਮਲਾ ਹੈਰਿਸ ਨੂੰ ਦੁਪਹਿਰ ਦੇ ਸਮੇਂ ਸਹੁੰ ਚੁਕਾਈ ਜਾਏਗੀ। ਇਸ ਤੋਂ ਬਾਅਦ ਦਿਨ ਵਿੱਚ ਬਾਇਡਨ ਵ੍ਹਾਈਟ ਹਾਊਸ ਵਿੱਚ ਜਾਣਗੇ - ਜੋ ਅਗਲੇ ਚਾਰ ਸਾਲਾਂ ਲਈ ਉਨ੍ਹਾਂ ਦਾ ਘਰ ਹੈ।\

**ਸੁਰੱਖਿਆ ਕੀ ਹੋਵੇਗੀ ?**

ਰਾਸਟਰਪਤੀ ਦੇ ਉਦਘਾਟਨ ਵਿੱਚ ਆਮ ਤੌਰ 'ਤੇ ਵਿਸਥਾਰਤ ਸੁਰੱਖਿਆ ਯੋਜਨਾਵਾਂ ਸਾਮਲ ਹੁੰਦੀਆਂ ਹਨ, ਪਰ ਇਸ ਵਾਰ ਇਸ ਤੋਂ ਵੀ ਜਿਆਦਾ ਹਨ ਕਿਉਂਕਿ 6 ਜਨਵਰੀ ਨੂੰ ਟਰੰਪ ਪੱਖੀ ਭੀੜ ਨੇ ਯੂਐੱਸ ਕੈਪੀਟਲ 'ਤੇ ਹਮਲਾ ਕਰ ਦਿੱਤਾ ਸੀ। ਐੱਫਬੀਆਈ ਨੇ ਉਦਘਾਟਨ ਦੇ ਦਿਨਾਂ ਤੱਕ ਪੂਰੇ ਅਮਰੀਕਾ ਅਤੇ ਵਾਸਿੰਗਟਨ ਡੀਸੀ ਵਿਖੇ ਯੂਐੱਸ ਕੈਪੀਟਲ 'ਤੇ ਹਥਿਆਰਬੰਦ ਵਿਰੋਧ ਪ੍ਰਦਰਸਨ ਦੀ ਚਿਤਾਵਨੀ ਦਿੱਤੀ ਹੈ, ਜਿਸ ਨਾਲ ਅਧਿਕਾਰੀਆਂ ਨੂੰ ਸੁਰੱਖਿਆ ਵਧਾਉਣੀ ਪਈ। ਬਾਇਡਨ ਨੇ ਸਾਬਕਾ ਰਾਸਟਰਪਤੀ ਬਰਾਕ ਓਬਾਮਾ ਦੀ ਅਤਿਵਾਦ ਵਿਰੋਧੀ ਸਲਾਹਕਾਰ ਲੀਜਾ ਮੋਨਾਕੋ ਨੂੰ ਉਦਘਾਟਨ



ਲਈ ਸੁਰੱਖਿਆ 'ਤੇ ਅਸਥਾਈ ਸਲਾਹਕਾਰ ਵਜੋਂ ਕੰਮ ਕਰਨ ਲਈ ਕਿਹਾ ਹੈ। ਮੋਨਾਕੋ ਡਿਪਟੀ ਅਟਾਰਨੀ ਜਨਰਲ ਲਈ ਬਾਇਡਨ ਵੱਲੋਂ ਨਾਮਜਦ ਹੈ। ਵਾਸਿੰਗਟਨ ਡੀਸੀ ਪਹਿਲਾਂ ਹੀ ਐਮਰਜੈਂਸੀ ਦੀ ਸਥਿਤੀ ਵਿੱਚ ਹੈ - ਕੈਪੀਟਲ ਹਿੱਲ ਵਿਖੇ ਹੋਏ ਦੰਗਿਆਂ ਵਿਚਕਾਰ ਮੇਅਰ ਮੂਰੀਅਲ ਬਾਉਸਰ ਵੱਲੋਂ ਇਸ ਦਾ ਆਦੇਸ ਦਿੱਤਾ ਗਿਆ ਸੀ ਅਤੇ ਉਦਘਾਟਨ ਤੱਕ ਇਹ ਇਸ ਤਰ੍ਹਾਂ ਹੀ ਰਹੇਗਾ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਉਦਘਾਟਨ ਲਈ ਵਿਸੇਸ ਸੁਰੱਖਿਆ ਨੂੰ ਸਮਾਰੋਹ ਤੋਂ ਇੱਕ ਹਫਤੇ ਪਹਿਲਾਂ ਤੱਕ ਵਧਾ ਦਿੱਤਾ ਹੈ ਤਾਂ ਜੋ ਵਧੇਰੇ ਤਿਆਰੀ ਕੀਤੀ ਜਾ ਸਕੇ। ਸੀਕਰੇਟ ਸਰਵਿਸ ਨੇ ਹਜਾਰਾਂ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਲਗਭਗ 15,000 ਨੈਸਨਲ ਗਾਰਡ ਸੈਨਿਕ ਸਮਰਥਿਤ ਸੁਰੱਖਿਆ ਯੋਜਨਾਵਾਂ ਦੀ ਕਮਾਂਡ ਵੀ ਸੰਭਾਲੀ ਹੋਈ ਹੈ। ਬਾਇਡਨ ਨੇ ਬਾਹਰ ਸਹੁੰ ਚੁੱਕਣ 'ਤੇ ਜੋਰ ਦਿੱਤਾ ਹੈ ਕਿਉਂਕਿ ਇਹ ਇੱਕ ਰਵਾਇਤ ਹੈ, ਅਜਿਹਾ ਨਾ ਕਰਨ 'ਤੇ ਇਹ ਰਵਾਇਤ ਟੁੱਟ ਜਾਵੇਗੀ।

**ਕੀ ਉੱਥੇ ਟਰੰਪ ਹੋਣਗੇ ?**

ਅਹੁਦੇ ਤੋਂ ਜਾਣ ਵਾਲੇ ਰਾਸਟਰਪਤੀ ਵੱਲੋਂ ਮੌਜੂਦਾ ਰਾਸਟਰਪਤੀ ਨੂੰ ਸਹੁੰ ਚੁੱਕਦੇ ਵੇਖਣਾ ਇੱਕ ਰਿਵਾਜ ਬਣ ਗਿਆ ਹੈ, ਪਰ ਇਹ ਇੱਥੇ ਸਥਿਤੀ ਨੂੰ ਅਜੀਬ ਬਣਾ ਸਕਦਾ ਹੈ। ਇਸ ਸਾਲ, ਇਹ ਇੱਕ ਅਜੀਬ ਵਰਤਾਰਾ ਹੋਵੇਗਾ ਜਿੱਥੇ ਅਹੁਦੇ ਤੋਂ ਜਾਣ ਵਾਲਾ ਰਾਸਟਰਪਤੀ ਆਕਰਸਣ ਨਹੀਂ ਹੋਵੇਗਾ। ਟਰੰਪ ਨੇ 8 ਜਨਵਰੀ ਨੂੰ ਟਵੀਟ ਕੀਤਾ, "ਉਨ੍ਹਾਂ ਸਾਰਿਆਂ ਲਈ ਜਿਨ੍ਹਾਂ ਨੇ ਪੁੱਛਿਆ ਹੈ, ਮੈਂ 20 ਜਨਵਰੀ ਨੂੰ ਉਦਘਾਟਨ ਲਈ ਨਹੀਂ ਜਾਵਾਂਗਾ।' ਇਹ ਰਾਸਟਰਪਤੀ ਵੱਲੋਂ "ਸਹੀ ਢੰਗ" ਨਾਲ ਸੱਤਾ ਦੇ "ਨਵੇਂ ਪ੍ਰਸਾਸਨ" ਵਿੱਚ ਤਬਦੀਲੀ ਕਰਨ ਲਈ ਵਚਨਬੱਧ ਹੋਣ ਤੋਂ ਥੋੜ੍ਹੀ ਦੇਰ ਬਾਅਦ ਕੀਤਾ ਗਿਆ ਟਵੀਟ ਹੈ। ਉਸੇ ਦਿਨ (ਅਤੇ ਸਮੇਂ) ਬਾਇਡਨ ਦੇ ਅਹੁਦਾ ਸੰਭਾਲਣ ਵੇਲੇ ਟਰੰਪ ਦੇ ਵਰਚੁਅਲ "ਦੂਸਰੇ ਉਦਘਾਟਨ" ਦੀ ਯੋਜਨਾ ਬਣਾਉਂਦੇ ਹੋਏ ਉਨ੍ਹਾਂ ਦੇ ਕੁਝ ਸਮਰਥਕ ਇਸ ਨੂੰ ਪਹਿਲਾਂ ਹੀ ਇੱਕ ਕਦਮ ਹੋਰ ਅੱਗੇ ਲੈ ਗਏ ਹਨ। ਫੇਸਬੁੱਕ 'ਤੇ 68,000 ਤੋਂ ਵੱਧ ਲੋਕਾਂ ਨੇ ਕਿਹਾ ਹੈ ਕਿ ਉਹ ਟਰੰਪ ਲਈ ਆਪਣਾ ਸਮਰਥਨ ਦਰਸਾਉਣ ਲਈ ਆਨਲਾਈਨ ਪ੍ਰੋਗਰਾਮ ਵਿੱਚ ਸਾਮਲ ਹੋਣਗੇ। ਹਾਲਾਂਕਿ ਉਪ-ਰਾਸਟਰਪਤੀ ਮਾਈਕ ਪੈਂਸ ਨੇ ਕਿਹਾ ਹੈ ਕਿ ਉਹ ਇਸ ਸਮਾਗਮ ਵਿੱਚ ਸਰਿਕਤ ਕਰਨਗੇ। ਜਦੋਂ ਟਰੰਪ ਵੱਲੋਂ ਸਹੁੰ ਚੁੱਕੀ ਗਈ ਸੀ, ਹਿਲੇਰੀ ਕਲਿੰਟਨ ਉਦਘਾਟਨ ਸਮੇਂ ਆਪਣੇ ਪਤੀ ਸਾਬਕਾ ਰਾਸਟਰਪਤੀ ਬਿਲ ਕਲਿੰਟਨ ਨਾਲ ਇਸ ਵਿੱਚ ਸਾਮਲ ਹੋਈ ਸੀ- ਇਹ ਉਸ ਦੀ ਚੋਣਾਂ ਵਿੱਚ ਹਾਰ ਤੋਂ ਸਿਰਫ ਦੋ ਮਹੀਨਿਆਂ ਬਾਅਦ ਹੋਇਆ ਸੀ। ਸਿਰਫ ਤਿੰਨ ਰਾਸਟਰਪਤੀਆਂ - ਜੌਹਨ ਐਡਮਜ, ਜੌਨ ਕਵਿੰਸੀ ਐਡਮਜ ਅਤੇ ਐਂਡਰਿਉ ਜੌਨਸਨ ਨੇ ਆਪਣੇ ਉਤਰਾਧਿਕਾਰੀ ਦੇ ਉਦਘਾਟਨ ਵਿੱਚ ਪੂਰੀ ਸਰਗਰਮੀ ਨਾਲ ਹਿੱਸਾ ਲਿਆ ਸੀ ਅਤੇ ਪਿਛਲੀ ਸਦੀ ਵਿੱਚ ਕਿਸੇ ਨੇ ਅਜਿਹਾ ਨਹੀਂ ਕੀਤਾ।

**ਕੋਵਿਡ -19 ਇਸ ਸਾਲ ਦੇ ਉਦਘਾਟਨ ਨੂੰ ਕਿਵੇਂ ਬਦਲੇਗਾ ?**

ਆਮ ਹਾਲਤਾਂ ਵਿੱਚ ਵਾਸਿੰਗਟਨ ਡੀਸੀ ਵਿੱਚ ਸੈਂਕੜੇ-ਹਜਾਰਾਂ ਦੀ ਸੰਖਿਆ ਵਿੱਚ ਲੋਕ ਉਦਘਾਟਨ ਵਾਲੇ ਇਸ ਸਹਿਰ ਵੱਲ ਆਉਂਦੇ ਨਜਰ ਆਉਂਦੇ ਹਨ। ਨੈਸਨਲ ਮਾਲ ਅਤੇ ਹੋਟਲਾਂ ਵਿੱਚ ਭਰਮਾਰ ਹੁੰਦੀ ਹੈ। ਲਗਭਗ 20 ਲੱਖ ਲੋਕ ਉਦੋਂ ਆਏ ਜਦੋਂ ਰਾਸਟਰਪਤੀ ਓਬਾਮਾ ਨੇ 2009 ਵਿੱਚ ਆਪਣੇ ਪਹਿਲੇ ਕਾਰਜਕਾਲ ਲਈ ਸਹੁੰ ਚੁੱਕੀ ਸੀ। ਬਾਇਡਨ ਦੀ ਟੀਮ ਨੇ ਕਿਹਾ ਹੈ ਕਿ ਇਸ ਸਾਲ ਜਸਨ ਦਾ ਆਕਾਰ "ਬਹੁਤ ਸੀਮਿਤ" ਹੋਵੇਗਾ ਅਤੇ ਉਨ੍ਹਾਂ ਨੇ ਅਮਰੀਕੀਆਂ ਨੂੰ ਰਾਜਧਾਨੀ ਦੀ ਯਾਤਰਾ ਕਰਨ ਤੋਂ ਪਰਹੇਜ ਕਰਨ ਦੀ ਅਪੀਲ ਕੀਤੀ ਹੈ, ਜਿਸ ਨੂੰ ਪਿਛਲੇ ਦਿਨਾਂ ਦੇ ਹਾਲਤ ਦੇ ਮੱਦੇਨਜਰ ਡੀਸੀ ਅਧਿਕਾਰੀਆਂ ਨੇ ਦੁਹਰਾਇਆ ਹੈ। ਬਾਇਡਨ ਅਤੇ ਹੈਰਿਸ ਹੁਣ ਵੀ ਮਾਲ (ਇੱਕ ਪਰੰਪਰਾ ਹੈ ਜੋ ਰਾਸਟਰਪਤੀ ਰੋਨਾਲਡ ਰੀਗਨ ਨਾਲ 1981 ਵਿੱਚ ਸੁਰੂ ਹੋਈ ਸੀ) ਦੀ ਅਣਦੇਖੀ ਕਰਦੇ ਹੋਏ ਯੂਐੱਸ ਕੈਪੀਟਲ ਦੇ ਸਾਹਮਣੇ ਸਹੁੰ ਚੁੱਕਣਗੇ, ਪਰ ਪਰੇਡ ਦੇ ਮਾਰਗ 'ਤੇ ਬਣਾਏ ਗਏ ਸਟੈਂਡਾਂ ਤੋਂ ਇਸ ਨੂੰ ਦੇਖਣ ਦਾ ਕੰਮ ਘੱਟ ਤੋਂ ਘੱਟ ਕੀਤਾ ਜਾ ਰਿਹਾ ਹੈ। ਅਤੀਤ ਵਿੱਚ ਅਧਿਕਾਰਤ ਸਮਾਰੋਹ ਵਿੱਚ ਸਾਮਲ ਹੋਣ ਲਈ 200,000 ਤੱਕ ਟਿਕਟਾਂ ਦਿੱਤੀਆਂ ਜਾਂਦੀਆਂ ਸਨ, ਪਰ ਇਸ ਸਾਲ ਪੂਰੇ ਅਮਰੀਕਾ ਵਿੱਚ ਕੋਰੋਨਾ ਦੀ ਲਾਗ ਅਜੇ ਵੀ ਵਧਣ ਕਾਰਨ, ਇਸ ਵਾਰ ਸਿਰਫ 1000 ਦੇ ਕਰੀਬ ਟਿਕਟਾਂ ਉਪਲੱਬਧ ਹੋਣਗੀਆਂ। ਇਸ ਸਾਲ, ਅਜੇ ਵੀ ਇੱਕ "ਪਾਸ ਇਨ ਰੀਵਿਊ' ਸਮਾਰੋਹ ਹੋਵੇਗਾ - ਇਹ ਸਕਤੀ ਦੀ ਸਾਂਤਮਈ ਤਬਦੀਲੀ ਦਾ ਇੱਕ ਰਵਾਇਤੀ ਹਿੱਸਾ ਹੈ, ਜਿੱਥੇ ਨਵਾਂ ਕਮਾਂਡਰ ਇਨ ਚੀਫ ਫੌਜ ਦਾ ਮੁਆਇਨਾ ਕਰਦਾ ਹੈ। ਪਰ ਵ੍ਹਾਈਟ ਹਾਊਸ ਵਿੱਚ ਪੈਨਸਿਲਵੇਨੀਆ ਐਵੀਨਿਊ ਦੀ ਆਮ ਪਰੇਡ ਦੀ ਬਜਾਏ, ਪ੍ਰਬੰਧਕ ਕਹਿੰਦੇ ਹਨ ਕਿ ਉਹ ਯੂਐੱਸ ਵਿੱਚ "ਵਰਚੁਅਲ ਪਰੇਡ" ਦੀ ਮੇਜਬਾਨੀ ਕਰਨਗੇ। ਬਾਇਡਨ, ਕਮਲਾ ਹੈਰਿਸ ਅਤੇ ਉਨ੍ਹਾਂ ਦੇ ਜੀਵਨ ਸਾਥੀਆਂ ਨੂੰ ਫਿਰ ਇੱਕ ਬੈਂਡ ਅਤੇ ਡਰੱਮ ਕੋਰ ਸਮੇਤ ਮਿਲਟਰੀ ਦੇ ਮੈਂਬਰਾਂ ਵੱਲੋਂ ਵ੍ਹਾਈਟ ਹਾਊਸ ਲਿਜਾਇਆ ਜਾਵੇਗਾ।

**ਤੁਹਾਨੂੰ ਉਦਘਾਟਨ ਟਿਕਟਾਂ ਕਿਵੇਂ ਮਿਲਣਗੀਆਂ ?**

ਸਟੇਜ ਦੇ ਨੇੜੇ ਬੈਠਣ ਅਤੇ ਖੜ੍ਹਨ ਵਾਲੇ ਖੇਤਰਾਂ ਅਤੇ ਪਰੇਡ ਮਾਰਗ ਦੇ ਨਾਲ ਆਮ ਸਾਲਾਂ ਵਿੱਚ ਸੀਟਾਂ ਲਈ ਟਿਕਟਾਂ ਦੀ ਜਰੂਰਤ ਹੁੰਦੀ ਹੈ, ਪਰ ਬਾਕੀ ਨੈਸਨਲ ਮਾਲ ਲੋਕਾਂ ਲਈ ਖੁੱਲ੍ਹਾ ਹੁੰਦਾ ਹੈ। ਜੇ ਤੁਸੀਂ ਉਦਘਾਟਨ ਸਮਾਰੋਹ ਨੂੰ ਨੇੜੇ ਤੋਂ ਦੇਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਪਹਿਲਾਂ ਆਪਣੇ ਸਥਾਨਕ ਨੁਮਾਇੰਦਿਆਂ ਨਾਲ ਗੱਲ ਕਰਨ ਦੀ ਜਰੂਰਤ ਹੋਏਗੀ। ਸਹਿਰ ਦੇ ਆਸ ਪਾਸ ਉਦਘਾਟਨੀ ਪ੍ਰੋਗਰਾਮਾਂ ਅਤੇ ਹੋਰ ਸਬੰਧਤ ਸਮਾਗਮਾਂ ਲਈ ਵੱਖਰੀਆਂ ਟਿਕਟਾਂ ਦੀ ਲੋੜ ਹੈ। ਸੈਨੇਟਰ ਅਤੇ ਕਾਂਗਰਸ ਦੇ ਮੈਂਬਰ ਚਾਬੀਆਂ ਦੇ ਰਖਵਾਲੇ ਹਨ। ਹਰੇਕ ਲਈ ਮੁਫਤ ਟਿਕਟਾਂ ਦੀ ਵੰਡ ਕੀਤੀ ਗਈ ਹੈ ਜੋ ਉਹ ਵੰਡ ਸਕਦੇ ਹਨ। ਇਸ ਸਾਲ ਮਹਾਂਮਾਰੀ ਕਾਰਨ-ਪ੍ਰਤੀਬੰਧਿਤ ਗਿਣਤੀ ਹਰੇਕ ਸੰਸਦ ਮੈਂਬਰ ਅਤੇ ਇੱਕ ਮਹਿਮਾਨ ਲਈ ਸੀਮਿਤ ਹੈ। ਉਦਘਾਟਨ ਦੇ ਦਿਨ ਤੋਂ ਬਾਅਦ ਹਲਕੇ ਲਈ ਯਾਦਗਾਰੀ ਟਿਕਟਾਂ ਉਪਲੱਬਧ ਹੋਣਗੀਆਂ।

## ਕੌਣ ਪੇਸਕਾਰੀ ਦੇ ਰਿਹਾ ਹੈ ?

ਹਾਲ ਹੀ ਦੇ ਸਾਲਾਂ ਵਿੱਚ ਆਉਣ ਵਾਲੇ ਰਾਸਟਰਪਤੀਆਂ ਲਈ ਦੇਸ ਦੇ ਸਭ ਤੋਂ ਹਰਮਨ ਪਿਆਰੇ ਕਲਾਕਾਰਾਂ ਨੂੰ ਦਿਨ ਦੇ ਪ੍ਰੋਗਰਾਮ ਵਿੱਚ ਸਾਮਲ ਕੀਤਾ ਗਿਆ ਹੈ। ਮਹਾਂਮਾਰੀ ਦੇ ਬਾਵਜੂਦ, ਇਹ ਸਾਲ ਕੋਈ ਵੱਖਰਾ ਨਹੀਂ ਹੋਵੇਗਾ। ਜੋਅ ਬਾਇਡਨ ਅਤੇ ਕਮਲਾ ਹੈਰਿਸ ਲੇਡੀ ਗਾਗਾ ਨਾਲ ਸਾਮਲ ਹੋਣਗੇ- ਜੋ ਆਉਣ ਵਾਲੇ ਰਾਸਟਰਪਤੀ ਦੀ ਕੱਟੜ ਸਮਰਥਕ ਹੈ, ਜਿਸ ਨੇ ਚੋਣਾਂ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਨਾਲ ਪ੍ਰਚਾਰ ਕੀਤਾ ਸੀ। ਲੇਡੀ ਗਾਗਾ ਰਾਸਟਰੀ ਗੀਤ ਗਾਵੇਗੀ ਅਤੇ ਜੈਨੀਫਰ ਲੋਪੇਜ ਇਸ ਸਮਾਰੋਹ ਦੀ ਸੰਗੀਤਕ ਪੇਸਕਾਰੀ ਦੌਰਾਨ ਗਾਵੇਗੀ। ਜੋਅ ਬਾਇਡਨ ਦੇ ਸਹੁੰ ਚੁੱਕਣ ਤੋਂ ਬਾਅਦ ਅਦਾਕਾਰ ਟੌਮ ਹੈਂਕਸ 90 ਮਿੰਟ ਦੀ ਪ੍ਰਾਈਮਟਾਈਮ ਟੈਲੀਵਿਜਨ ਦੀ ਮੇਜਬਾਨੀ ਕਰਨਗੇ - ਇਸ ਪ੍ਰੋਗਰਾਮ ਦਾ ਇੱਕ ਕੋਵਿਡ ਅਨੁਕੂਲ ਪ੍ਰੋਗਰਾਮ ਜੋ ਆਮ ਤੌਰ 'ਤੇ ਵਿਅਕਤੀਗਤ ਪੱਧਰ 'ਤੇ ਕੀਤਾ ਜਾਂਦਾ ਹੈ। ਇਸ ਵਿੱਚ ਜੌਨ ਬੋਨ ਜੋਵੀ, ਡੈਮੀ ਲੋਵਾਟੋ ਅਤੇ ਜਸਟਿਨ ਟਿੰਬਰਲੇਕ ਨੂੰ ਪ੍ਰਦਰਸਤਿ ਕਰੇਗਾ ਅਤੇ ਸਾਰੇ ਪ੍ਰਮੁੱਖ ਯੂਐੱਸ ਨੈੱਟਵਰਕ ਅਤੇ ਸਟ੍ਰੀਮਿੰਗ ਪਲੇਟਫਾਰਮਾਂ 'ਤੇ ਪ੍ਰਸਾਰਿਤ ਕੀਤਾ ਜਾਵੇਗਾ - ਫੌਕਸ ਨਿਊਜ ਨੂੰ ਛੱਡ ਕੇ ਕਿਉਂਕਿ ਇਹ ਇੱਕ ਕੰਜਰਵੇਟਿਵ ਨੈੱਟਵਰਕ ਹੈ ਜਿਸ ਨੇ ਮੁੱਖ ਤੌਰ 'ਤੇ ਟਰੰਪ ਨੂੰ ਆਪਣੇ ਰਾਸਟਰਪਤੀ ਪਦ ਦੇ ਸਮੇਂ ਸਮਰਥਨ ਦਿੱਤਾ ਸੀ। ਸਾਲ 2009 ਵਿੱਚ ਅਰੇਥਾ ਫਰੈਂਕਲਿਨ ਨੇ ਬਰਾਕ ਓਬਾਮਾ ਦੇ ਉਦਘਾਟਨ ਸਮੇਂ ਮਾਈ ਕੰਟਰੀ 'ਟੀਸ ਆਫ ਥੀ' ਕਰਦਿਆਂ



ਗਾਇਆ। ਬਿਓਂਸੇ ਵੀ ਮੌਜੂਦ ਸਨ ਜਿਨ੍ਹਾਂ ਨੇ ਓਬਾਮਾ ਦੀ ਉਦਘਾਟਨ ਬਾਲ 'ਤੇ ਐਟ ਲਾਸਟ ਟੂ ਦਿ ਫਸਟ ਕਪਲ' ਗਾਉਂਦਿਆਂ ਆਪਣੀ ਹਾਜਰੀ ਲੁਆਈ। ਸਾਲ 2013 ਵਿੱਚ ਆਪਣੇ ਦੂਜੇ ਉਦਘਾਟਨ ਸਮੇਂ ਰਾਸਟਰਪਤੀ ਓਬਾਮਾ ਨੇ ਕੈਲੀ ਕਲਾਰਕਸਨ ਅਤੇ ਜੈਨੀਫਰ ਹਡਸਨ ਨੂੰ ਸਨਮਾਨ ਕਰਨ ਲਈ ਬੁਲਾਇਆ ਸੀ। ਬਿਓਂਸੇ ਮੁੜ ਤੋਂ ਇਸ ਵਾਰ ਰਾਸਟਰੀ ਗੀਤ ਗਾਉਣ ਲਈ ਵਾਪਸ ਆ ਗਈ। ਡੌਨਲਡ ਟਰੰਪ ਨੂੰ ਕਥਿਤ ਤੌਰ 'ਤੇ ਪ੍ਰਦਰਸਨ ਕਰਨ ਵਾਲਿਆਂ ਨੂੰ ਬੁਕਿੰਗ ਕਰਨ ਵਿੱਚ ਮੁਸਕਲ ਆਈ ਸੀ। ਐਲਟਨ ਜੌਨ ਨੇ ਟਰੰਪ ਦੇ ਪ੍ਰਦਰਸਨ ਦੀ ਪੇਸਕਸ ਨੂੰ ਠੁਕਰਾ ਦਿੱਤਾ ਅਤੇ ਖਬਰਾਂ ਇਹ ਵੀ ਫੈਲ ਗਈਆਂ ਸਨ ਕਿ ਸੇਲੀਨ ਡੀਓਨ, ਕਿਸ ਅਤੇ ਗਰਥ ਬਰੂਕਸ ਨੇ ਵੀ ਅਜਿਹਾ ਹੀ ਕੀਤਾ ਸੀ। ਅੰਤ ਵਿੱਚ ਕਲਾਕਾਰ ਲੀ ਗ੍ਰੀਨਵੁੱਡ ਅਤੇ ਬੈਂਡ 3 ਡੋਰਜ ਡਾਉਨ ਟਰੰਪ ਦੇ ਸਮਾਗਮ ਲਈ ਮੰਨੇ।



# ਰਜਨੀ ਚੈਂਡੀ: 69 ਸਾਲਾਂ ਭਾਰਤੀ ਅਭਿਨੇਤਰੀ ਨੂੰ ਕਿਹੜੀਆਂ ਤਸਵੀਰਾਂ ਲਈ ਟਰੋਲ ਕੀਤਾ ਜਾ ਰਿਹਾ

ਜਦੋਂ ਰਜਨੀ ਚੈਂਡੀ ਨੇ ਆਪਣੇ ਆਕਰਸਕ ਫੋਟੋਸੂਟ ਦੀਆਂ ਤਸਵੀਰਾਂ ਫੇਸਬੁੱਕ 'ਤੇ ਸਾਂਝੀਆਂ ਕੀਤੀਆਂ ਉਨ੍ਹਾਂ ਨੂੰ ਅੰਦਾਜਾ ਨਹੀਂ ਸੀ ਕਿ ਇਹ ਵਾਇਰਲ ਹੋ ਜਾਣਗੀਆਂ ਅਤੇ ਅਨੈਤਿਕ ਟਰੋਲਾਂ ਦਾ ਧਿਆਨ ਖਿੱਚਣਗੀਆਂ। ਤਸਵੀਰਾਂ ਵਿੱਚ 69 ਸਾਲਾਂ ਘਰੇਲੂ ਔਰਤ ਜੋ ਅਭਿਨੇਤਰੀ ਵੀ ਹਨ ਤੇ ਆਮ ਤੌਰ 'ਤੇ ਰੰਗਦਾਰ ਖੂਬਸੂਰਤ ਸਾੜੀਆਂ ਪਹਿਨਦੇ ਹਨ ਉਹ ਜੰਪ-ਸੂਟ, ਲੰਬੀ ਪੌਸਾਕ, ਡਿਸਟਰੈਸਡ ਜੀਨਜ (ਡਿਜਾਈਨਿੰਗ ਲਈ ਕੱਟ ਲੱਗੀ ਹੋਈ ਜੀਨਜ), ਇੱਕ ਛੋਟੀ ਡੈਨਿਮ ਪੌਸਾਕ ਪਹਿਨੇ ਨਜਰ ਆਉਂਦੇ ਹਨ। ਕਈ ਤਸਵੀਰਾਂ ਵਿੱਚ ਉਨ੍ਹਾਂ ਨੇ ਆਪਣੇ ਬਗੀਚੇ ਵਿੱਚੋਂ ਤੋੜੇ ਤਾਜਾ ਸਫੇਦ ਫੁੱਲਾਂ ਦਾ ਬਣਿਆ ਤਾਜ ਪਹਿਨਿਆ ਹੋਇਆ ਹੈ। ਭਾਰਤ ਦੇ ਦੱਖਣੀ ਸੂਬੇ ਕੇਰਲਾ ਜਿਥੇ ਉਹ ਰਹਿੰਦੇ ਹਨ, ਦੇ ਸਥਾਨਕ ਮੀਡੀਆ ਵਲੋਂ ਉਨ੍ਹਾਂ ਨੂੰ 'ਦਲੇਰ ਅਤੇ ਖੂਬਸੂਰਤ' ਕਿਹਾ ਗਿਆ। ਇਸ ਫੋਟੋਸੂਟ ਨੇ ਰੂੜੀਵਾਦੀ ਸੂਬੇ ਜਿਥੇ ਬਹੁਤੀਆਂ ਔਰਤਾਂ ਹਾਲੇ ਵੀ ਸਾੜੀ ਜਾਂ ਰਵਾਇਤੀ ਪੌਸਾਕ ਲੰਬੀ ਸਕਰਟ ਪਹਿਨਦੀਆਂ ਹਨ, ਵਿੱਚ ਕਈਆਂ ਨੂੰ ਹੈਰਾਨ ਕਰ ਦਿੱਤਾ।

**ਕਿਵੇਂ ਆਇਆ ਫੋਟੋਸੂਟ ਦਾ ਆਈਡਿਆ ?**

ਚੈਂਡੀ ਨੇ ਬੀਬੀਸੀ ਨੂੰ ਦੱਸਿਆ ਕਿ ਫੋਟੋਸੂਟ ਦਾ ਵਿਚਾਰ ਆਪਣੇ ਗੈਰ-ਰਵਾਇਤੀ ਕੰਮ ਲਈ ਜਾਣੇ ਜਾਂਦੇ 29 ਸਾਲਾ ਫੋਟੋਗ੍ਰਾਫਰ ਆਥੀਰਾ ਜੁਆਏ ਦਾ ਸੀ। ਜੁਆਏ ਕਹਿੰਦੇ ਹਨ ਕਿ ਜਿਸ ਗੱਲ ਨੇ ਉਨ੍ਹਾਂ ਨੂੰ ਅਭਿਨੇਤਰੀ ਵੱਲ ਆਕਰਸਤ ਕੀਤਾ ਉਹ ਸੀ ਕਿ ਕਿਸ ਤਰ੍ਹਾਂ ਚੈਂਡੀ ਉਨ੍ਹਾਂ ਦੀ ਆਪਣੀ ਮਾਂ ਤੋਂ ਬਹੁਤ ਵੱਖ ਸੀ। ਉਹ ਕਹਿੰਦੇ ਹਨ, "ਭਾਰਤੀ ਔਰਤਾਂ ਵਿਆਹ ਪ੍ਰਣਾਲੀ ਵਿੱਚ ਬੰਦ ਆਪਣੀ ਜੀਂਦਗੀ ਗੁਜਾਰਦੀਆਂ ਹਨ ਅਤੇ ਇੱਕ ਪਰਿਵਾਰ ਨੂੰ ਪਾਲਦੀਆਂ ਹਨ। ਬਹੁਤੀਆਂ 60 ਸਾਲ ਦੀ ਉਮਰ ਵਿੱਚ ਜੀਂਦਗੀ 'ਤੇ ਛੱਡ ਦਿੰਦੀਆਂ ਹਨ। ਉਹ ਆਪਣੇ ਪੋਤੇ ਪੋਤੀਆਂ ਦੀ ਦੇਖ ਭਾਲ ਕਰਨ ਵਾਲੀਆਂ ਬਣਕੇ ਰਹਿ ਜਾਂਦੀਆਂ ਹਨ।" ਉਹ ਦੱਸਦੇ ਹਨ, "ਉਨ੍ਹਾਂ ਦੀ 65 ਸਾਲਾ ਮਾਂ ਇੱਕ ਰਵਾਇਤੀ ਭਾਰਤੀ ਔਰਤ ਹੈ ਜੋ ਉਨਾਂ ਸਭ ਬੀਮਾਰੀਆਂ ਤੋਂ ਪੀੜਤ ਹੈ ਜਿਨਾਂ ਦਾ 60 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਸਾਹਮਣਾ ਕਰਦੀਆਂ ਹਨ।" "ਪਰ ਰਜਨੀ ਅਲੱਗ ਹੈ - ਉਹ ਆਪਣਾ ਧਿਆਨ ਰੱਖਦੇ ਹਨ, ਉਹ ਤੰਦਰੁਸਤ ਹਨ, ਉਹ ਦਲੇਰ ਹਨ, ਉਹ ਖੂਬਸੂਰਤ ਹਨ, ਉਹ ਫੈਸਨਪ੍ਰਸਤ ਹਨ। ਉਨ੍ਹਾਂ ਦੀ ਉਮਰ 69 ਸਾਲ ਹੈ ਪਰ ਆਪਣੇ ਮਨ ਤੋਂ ਉਹ 29 ਸਾਲਾਂ ਦੇ ਹਨ, ਮੇਰੇ ਜਿੰਨੇ ਹੀ।"

**ਚੈਂਡੀ ਰਵਾਇਤੀ ਕੇਰਲ ਸਮਾਜ ਤੋਂ ਹਮੇਸਾਂ ਬਾਹਰ ਹੀ ਰਹੇ।**

ਕਈ ਦਹਾਕੇ ਮੁੰਬਈ ਜਿਥੇ ਉਨ੍ਹਾਂ ਦੇ ਪਤੀ ਇੱਕ ਵਿਦੇਸੀ ਬੈਂਕ ਵਿੱਚ ਕੰਮ ਕਰਦੇ ਵਿੱਚ ਬਿਤਾਉਣ ਤੋਂ ਬਾਅਦ ਉਹ 1995 ਵਿੱਚ ਕੇਰਲ ਵਾਪਸ ਆਏ। ਉਸ ਦੌਰ ਵਿੱਚ ਜਦੋਂ ਉਹ ਜੀਨਜ ਪਹਿਨਕੇ ਅਤੇ ਲਿਪਸਟਿਕ ਲਗਾਕੇ ਬਾਹਰ ਜਾਂਦੇ ਤਾਂ ਲੋਕ ਉਨ੍ਹਾਂ ਵੱਲ ਦੇਖਦੇ ਸਨ। ਉਨ੍ਹਾਂ ਨੇ ਮੈਨੂੰ ਦੱਸਿਆ ਇੱਕ ਵਾਰ ਤਾਂ ਬਗੈਰ ਬਾਹਾਂ ਦਾ ਬਲਾਊਜ ਪਹਿਨਣ ਲਈ ਉਨ੍ਹਾਂ ਨੂੰ ਵਰਜਿਆ ਗਿਆ। ਬੀਤੇ ਸਮੇਂ ਵਿੱਚ ਆਪਣੀ ਗੈਰ-ਰਵਾਇਤੀ ਚੋਣਾਂ ਕਰਕੇ ਉਹ ਖਬਰਾਂ ਵਿੱਚ ਰਹੇ। ਸਾਲ 2016 ਵਿੱਚ 65 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਮਲਿਆਲਮ ਭਾਸਾ ਦੇ ਇੱਕ ਹਾਸਰਸ ਡਰਾਮੇ 'ਉਰੂ ਮੂਥਾਸੀ ਗਾਧਾ (ਇੱਕ ਦਾਦੀ ਦੀ ਸੋਟੀ)' ਵਿੱਚ ਅਭਿਨੇਤਰੀ ਵਜੋਂ ਸੁਰੂਆਤ ਕੀਤੀ। ਉਸਤੋਂ ਬਾਅਦ ਉਹ ਦੋ ਹੋਰ ਫਲਿਮਾਂ ਵਿੱਚ ਨਜਰ ਆਏ ਅਤੇ ਪਿਛਲੇ ਸਾਲ ਉਨ੍ਹਾਂ ਨੇ ਬਿੱਗ ਬੌਸ (ਬਿੱਗ ਬਰਦਰ ਦਾ ਮਲਿਆਲਮ ਸੰਸਕਰਨ) ਦੇ ਦੂਜੇ ਸੀਜਨ ਵਿੱਚ ਵੀ ਹਿੱਸਾ ਲਿਆ।

**ਕਿਉਂ ਖਿੱਚਵਾਈਆਂ ਇਹ ਤਸਵੀਰਾਂ ?**

ਚੈਂਡੀ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਤਸਵੀਰਾਂ ਵੱਡੀ ਉਮਰ ਦੇ ਲੋਕਾਂ ਨੂੰ ਉਤਸਾਹਿਤ ਕਰਨ ਲਈ ਖਿੱਚਵਾਈਆਂ ਸਨ ਕਿ ਉਹ ਵਿਸਵਾਸ ਕਰਨ ਕਿ ਹਾਲੇ ਵੀ ਜੀਂਦਗੀ ਨੂੰ ਮਾਣ ਸਕਦੇ ਹਨ। ਉਹ ਕਹਿੰਦੇ ਹਨ, "ਬਹੁਤੇ ਨੌਜਵਾਨ ਜੋੜੇ ਆਪਣੀ ਜਵਾਨੀ ਬੱਚਿਆਂ ਦੇ ਪਾਲਣ ਪੋਸਣ ਵਿੱਚ ਗੁਜਾਰ ਦਿੰਦੇ ਹਨ। ਉਹ ਆਪਣੀਆਂ ਇੱਛਾਵਾਂ ਨੂੰ ਪਿੱਛੇ ਧੱਕ ਦਿੰਦੇ ਹਨ ਅਤੇ ਫਿਰ ਅਹਿਸਾਸ ਹੁੰਦਾ ਹੈ ਆਪਣੇ ਸੁਫਨੇ ਪੂਰੇ ਕਰਨ ਲਈ ਬਹੁਤ ਦੇਰੀ ਹੋ ਚੁੱਕੀ ਹੈ, ਕਿਉਂਕਿ ਉਨ੍ਹਾਂ ਨੂੰ ਚਿੰਤਾ ਹੁੰਦੀ ਹੈ ਕਿ ਸਮਾਜ ਕੀ ਕਹੇਗਾ। ਮੇਰਾ ਯਕੀਨ ਹੈ ਕਿ ਜੋ ਤੁਸੀਂ ਚਾਹੁੰਦੇ ਹੋ ਅਜਿਹਾ ਕਰਨਾ ਠੀਕ ਹੈ ਜਦੋਂ ਤੱਕ ਤੁਸੀਂ ਕਿਸੇ ਨੂੰ ਤਕਲੀਫ ਨਹੀਂ ਦੇ ਰਹੇ।" "ਮੈਂ ਆਪਣੀਆਂ ਸਾਰੀਆਂ ਪਰਿਵਾਰਿਕ ਅਤੇ ਸਮਾਜਿਕ ਜੀਂਮਿਵਾਰੀਆਂ ਪੂਰੀਆਂ ਕੀਤੀਆਂ ਅਤੇ ਹੁਣ ਮੈਂ ਬਸ ਉਹ ਕਰਦੀ ਹਾਂ ਜੋ ਮੈਨੂੰ ਖੁਸੀ ਦਿੰਦਾ ਹੈ। ਮੈਂ ਡਰੱਮ ਵਜਾਉਣਾ ਸਿੱਖ ਰਹੀ ਹਾਂ, ਮੇਰਾ ਉਦੇਸ ਨਿਪੁੰਨਤਾ ਨਹੀਂ, ਮੈਂ ਬਸ ਮਜਾ ਕਰ ਰਹੀ ਹਾਂ।"

**ਫੋਟੋਸੂਟ ਦਾ ਮਤਲਬ ਵੀ ਬਸ ਮਜਾ ਹੀ ਸੀ।**

ਚੈਂਡੀ ਨੇ ਮੈਨੂੰ ਦੱਸਿਆ," ਦਸੰਬਰ ਵਿੱਚ ਆਥੀਰਾ ਨੇ ਮੈਨੂੰ ਪੁੱਛਿਆ ਜੇ ਮੈਂ ਫੋਟੋਸੂਟ ਵਿੱਚ ਦਿਲਚਸਪ ਹੋਵਾਂ ਅਤੇ ਮੈਨੂੰ ਪੱਛਮੀ ਕੱਪੜੇ ਪਹਿਨਣ ਵਿੱਚ ਕੋਈ ਦਿੱਕਤ ਤਾਂ ਨਹੀਂ। ਮੈਂ ਕਿਹਾ ਨਹੀਂ, ਮੈਂ ਉਨ੍ਹਾਂ ਨੂੰ ਹਰ ਵਕਤ ਪਹਿਨਦੀ ਸੀ ਜਦੋਂ ਮੈਂ ਜਵਾਨ ਸੀ। ਮੈਂ ਉਸ ਨੂੰ ਦੱਸਿਆ ਕਿ ਮੇਰੇ ਕੋਲ ਤਾਂ ਇੱਕ ਤਸਵੀਰ ਹੈ ਜਿਸ ਵਿੱਚ ਮੈਂ ਸਵਿਮਸੂਟ ਪਹਿਨਿਆ ਹੋਇਆ ਹੈ।" ਚੈਂਡੀ ਨੇ ਕਿਹਾ, ਉਨ੍ਹਾਂ ਨੂੰ ਅਥੀਰਾ ਦਾ ਪ੍ਰਸਤਾਵ ਦਿਲਚਸਪ ਲੱਗਿਆ। ਆਪਣੀ ਵਿਦੇਸ ਯਾਤਰਾਵਾਂ ਹਨ ਮੈਂ ਉਨ੍ਹਾਂ ਬਜੁਰਗ ਔਰਤਾਂ ਦੀ ਤਾਰੀਫ ਕਰਦੀ ਸੀ ਜਿਹੜੀਆਂ ਚੰਗੀ ਤਰ੍ਹਾਂ ਸੰਵਰਕੇ ਰਹਿੰਦੀਆਂ ਸਨ। "ਪਰ ਮੈਂ ਉਸ ਨੂੰ ਕਿਹਾ ਕਿ ਮੈਂ ਕਰਾਂਗੀ ਜੇ ਮੇਰੇ ਪਤੀ ਨੇ ਪ੍ਰਵਾਨਗੀ ਦਿੱਤੀ। ਇਸ ਲਈ ਉਸਨੇ ਉਨ੍ਹਾਂ ਨੂੰ ਆਗਿਆ ਲਈ ਪੁੱਛਿਆ ਅਤੇ ਉਨ੍ਹਾਂ ਨੇ ਕਿਹਾ: ਇਹ ਉਸਦੀ ਜੀਂਦਗੀ ਹੈ। ਜੇ ਉਹ ਕਰਨਾ ਚਾਹੁੰਦੀ ਹੈ ਤਾਂ ਮੈਂ ਇਸ ਨਾਲ ਸਹਿਮਤ ਹਾਂ।"

**ਕਪੜੇ ਵੇਖ ਕੇ ਕੀ ਸੀ ਚੈਂਡੀ ਦਾ ਰਿਐਕਸਨ ?**

ਚੈਂਡੀ ਕਹਿੰਦੇ ਹਨ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਕੱਪੜੇ ਦੇਖੇ, ਅਥੀਰਾ ਨੇ ਇੱਕ ਸਥਾਨਕ ਬੁਟੀਕ ਤੋਂ ਕਿਰਾਏ 'ਤੇ ਲਈ ਸਨ, ਉਹ ਹੈਰਾਨ ਹੋ ਗਏ। "ਮੈਂ ਲੰਬੇ ਸਮੇਂ ਤੋਂ ਇਸ ਤਰ੍ਹਾਂ ਸੈਕਸੀ ਤਰੀਕੇ ਨਾਲ ਤਿਆਰ ਨਹੀਂ ਸੀ ਹੋਈ। ਪਰ ਇੱਕ ਵਾਰ ਜਦੋਂ ਮੈਂ ਉਹ ਪਹਿਨੇ ਤਾਂ ਮੈਂ ਠੀਕ ਸੀ।" ਪਿਛਲੇ ਮਹੀਨੇ ਦੇ ਅਖੀਰ ਵਿੱਚ ਚੈਂਡੀ ਦੇ ਵਿਸਾਲ ਘਰ ਵਿੱਚ 20 ਤਸਵੀਰਾਂ ਲਈਆਂ ਗਈਆਂ। ਪਿਛਏ ਹਫਤੇ ਜਦੋਂ ਤਸਵੀਰਾਂ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਸਾਂਝੀਆਂ ਕੀਤੀਆਂ ਗਈਆਂ ਤਾਂ ਫੁੱਲ ਅਤੇ ਇੱਟਾਂ ਆਉਣ ਲੱਗੀਆਂ ਅਤੇ ਸਥਾਨਕ ਮੀਡੀਆ ਨੇ ਤਸਵੀਰਾਂ ਛਾਪੀਆਂ। ਉਥੇ ਹਜਾਰਾਂ ਹੀ ਤਾਰੀਫ ਭਰੇ ਕੰਮੈਂਟ ਸਨ, ਲੋਕ ਕਹਿ ਰਹੇ ਸਨ "ਤੁਸੀਂ ਸਾਬਤ ਕਰ ਦਿੱਤਾ ਉਮਰ ਮਹਿਜ ਇੱਕ ਨੰਬਰ ਹੈ", ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਨੂੰ "ਦਲੇਰ", "ਬੇਹੱਦ ਖੂਬਸੂਰਤ", "ਹੌਟ" ਅਤੇ "ਸੁੰਦਰ" ਕਿਹਾ। ਬਹੁਤ ਸਾਰੇ ਲੋਕਾਂ ਨੇ ਉਨ੍ਹਾਂ ਦੇ "ਹੌਸਲੇ" ਲਈ ਉਨ੍ਹਾਂ ਦੀ ਤਾਰੀਫ ਕੀਤੀ, ਪ੍ਰਸੰਸਕਾਂ ਨੇ ਉਨ੍ਹਾਂ ਦਾ ਫੋਨ ਨੰਬਰ ਲਿਆ, ਉਨ੍ਹਾਂ ਨੂੰ ਫੋਨ ਜਾਂ ਵੱਟਸਐਪ ਜਰੀਏ ਕਿਹਾ, "ਤੁਸੀਂ ਬਹੁਤ ਸਾਨਦਾਰ ਅੰਟੀ ਲੱਗਦੇ ਹੋ"। ਪਰ ਜਲਦ ਹੀ ਇਸ ਦੇ ਉੱਲਟ ਜੁਆਬੀ ਕਾਰਵਾਈ ਸੁਰੂ ਹੋਈ ਅਤੇ ਇਹ ਲਗਾਤਾਰ ਚੱਲਦੀ ਰਹੀ।

**ਕਿਉਂ ਚੈਂਡੀ ਨੂੰ ਕੀਤਾ ਗਿਆ ਟ੍ਰੋਲ ?**

"ਮੈਨੂੰ ਵੇਸਵਾ ਕਿਹਾ ਗਿਆ"। ਕਿਸੇ ਨੇ ਮੈਨੂੰ ਪੁੱਛਿਆ, 'ਕੀ ਮੈਂ ਹਾਲੇ ਮਰੀ ਨਹੀਂ ?' ਇੱਕ ਹੋਰ ਨੇ ਮੈਨੂੰ ਸਲਾਹ ਦਿੱਤੀ ਕਿ 'ਮੈਂ ਘਰ ਬੈਠ ਜਾਵਾਂ ਅਤੇ ਬਾਈਬਲ ਪੜ੍ਹਾਂ। ਇਹ ਤੁਹਾਡੀ ਅਰਦਾਸ ਕਰਨ ਦੀ ਉਮਰ ਹੈ, ਆਪਣਾ ਸਰੀਰ ਨਾ ਦਿਖਾਓ।' ਹਾਲੇ ਇੱਕ ਹੋਰ ਨੇ ਮੈਨੂੰ ਕਿਹਾ ਕਿ ਮੈਂ ਇੱਕ ਪੁਰਾਣਾ ਆਟੋਰਿਕਸਾ ਹਾਂ ਅਤੇ ਚਾਹੇ ਮੈਂ ਇੱਕ ਨਵਾਂ ਕੋਟ ਪੈਂਟ ਪਹਿਨ ਲਵਾਂ, ਮੈਂ ਫਿਰ ਵੀ ਬੁੱਢੀ ਹੀ ਰਹਾਂਗੀ।' ਟ੍ਰੋਲ ਅਸਲ 'ਚ ਦੋ ਤਸਵੀਰਾਂ ਤੋਂ ਸੁਰੂ ਹੋਏ, ਇੱਕ ਵਿੱਚ ਉਨ੍ਹਾਂ ਨੇ ਡਿਸਟਰੈਸਡ ਜੀਨਜ ਪਹਿਨੀ ਹੋਈ ਹੈ ਅਤੇ ਲੱਤਾਂ ਖੋਲ੍ਹ ਕੇ ਬੈਠੇ ਹਨ, ਇਸ ਵਿੱਚ ਉਨ੍ਹਾਂ ਦਾ ਕਲੀਵੇਜ ਵੀ ਨਜਰ ਆ ਰਿਹਾ ਹੈ। ਦੂਸਰੀ ਵਿੱਚ ਉਨ੍ਹਾਂ ਨੇ ਇੱਕ ਛੋਟੀ ਡੈਨਿਮ ਪੌਸਾਕ ਪਹਿਨੀ ਹੋਈ ਹੈ। ਉਹ ਹੱਸਦੇ ਹਨ, " ਇਹ ਬਹੁਤ ਬੁਰੀ ਸੀ ਕਿਉਂਕਿ ਇਸ ਵਿੱਚ ਮੇਰੀਆਂ ਲੱਤਾਂ ਦਿੱਖ ਰਹੀਆਂ ਸਨ। ਪਰ ਮੇਰੀਆਂ ਲੱਤਾਂ ਚੰਗੀਆਂ ਹਨ, ਇਸ ਕਰਕੇ ਅਸਲ 'ਚ ਇਸਨੇ ਮੈਨੂੰ ਪਰੇਸਾਨ ਨਹੀਂ ਕੀਤਾ।" ਇੱਕ ਪਲ ਬਾਅਦ ਉਨ੍ਹਾਂ ਨੇ ਮੰਨਿਆ ਕਿ ਕਿ ਲਗਾਤਾਰ ਟ੍ਰੋਲਿੰਗ ਅਤੇ ਨਾਕਾਰਤਮਕ ਕੁਮੈਂਟ ਉਨ੍ਹਾਂ ਲਈ ਆ ਰਹੇ ਹਨ। ਅਤੇ ਇੱਕ ਤੱਥ ਕਿ ਬਹੁਤਾ ਦੁਰਵਿਵਹਾਰ ਔਰਤਾਂ ਵਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ, "ਬਹੁਤ ਸਾਰੇ ਨੌਜਵਾਨ ਮਰਦਾਂ ਲਈ ਵੱਡੀ ਉਮਰ ਦੀਆਂ ਔਰਤਾਂ ਵਿੱਚ ਕਾਮੁਕਤਾ ਪਰੇਸਾਨੀ ਭਰੀ ਹੁੰਦੀ ਹੈ, ਉਹ ਉਨ੍ਹਾਂ ਨੂੰ ਇੱਛਾ ਦੀ ਕਿਸੇ ਚੀਜ ਵਜੋਂ ਨਹੀਂ ਸੋਚਣਾ ਚਾਹੁੰਦੇ। ਪਰ ਜੋ ਮੈਨੂੰ ਬਹੁਤਾ ਹੈਰਾਨ ਕਰਨ ਵਾਲਾ ਲੱਗਿਆ ਉਹ ਸੀ ਕਿ ਬਹੁਤੇ ਨਾਕਾਰਤਮਕ ਕੁਮੈਂਟ ਔਰਤਾਂ ਦੁਆਰਾ ਕੀਤੀ ਗਏ ਸਨ।" "ਮੈਨੂੰ ਲੱਗਦਾ ਹੈ ਇਹ ਈਰਖਾ ਦੀ ਭਾਵਨਾਂ ਵਿੱਚੋਂ ਪੈਦਾ ਹੋਇਆ ਹੈ, 40ਵਿਆਂ ਅਤੇ 50 ਵਿਆਂ ਵਿੱਚਲੀਆਂ ਔਰਤਾਂ ਜੋ ਆਪਣਾ ਧਿਆਨ ਹੀਂ ਰੱਖ ਸਕਦੀਆਂ ਇਸ ਗੱਲ ਨੂੰ ਬਰਦਾਸਤ ਨਹੀਂ ਕਰ ਸਕਦੀਆਂ ਕਿ ਇੱਕ ਬਜੁਰਗ ਔਰਤ ਆਪਣੀ ਖੂਬਸੂਰਤ ਦਿੱਖ ਦਾ ਪ੍ਰਦਰਸਨ ਕਰੇ।" ਨਮੀਤਾ ਭੰਡਾਰੇ, ਇੱਕ ਨਿਊਜ ਵੈੱਬਸਾਈਟ ਆਰਟੀਕਲ 14 ਵਿੱਚ ਜਿਨਸੀ ਮਾਮਲਿਆਂ ਦੇ ਸੰਪਾਦਕ ਹਨ, ਉਹ ਕਹਿੰਦੇ ਹਨ ਕਿ ਸਾਇਦ ਕੰਮੈਂਟ ਈਰਖਾ ਵਿੱਚੋਂ ਹੋਣ, ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਾਰੀਆਂ ਔਰਤਾਂ ਨਾਰੀਵਾਦੀ ਨਹੀਂ ਹਨ। "ਸਾਡੀਆਂ ਮਾਵਾਂ ਅਤੇ ਦਾਦੀਆਂ ਪਿੱਤਰਸੱਤਾ ਵਾਲੇ ਸਮਾਜ ਦੀਆਂ ਵੱਡੀਆਂ ਹਮਾਇਤੀ ਰਹੀਆਂ ਹਨ।" ਉਹ ਕਹਿੰਦੇ ਹਨ, ਵਿਸਵੀ ਪੱਧਰ 'ਤੇ ਜਿਵੇਂ ਜਿਵੇਂ ਔਰਤਾਂ ਬਜੁਰਗ ਹੁੰਦੀਆਂ ਹਨ ਉਨ੍ਹਾਂ ਨੂੰ ਕਾਮੁਕਤਾ ਅਤੇ ਉਮਰ ਪੱਖੋਂ ਦੋਹਰੀ ਮਾਰ ਝੱਲਣੀ ਪੈਂਦੀ ਹੈ, ਪਰ ਭਾਰਤ ਵਿੱਚ ਪੱਛਮ ਦੇ ਉੱਲਟ, "ਅਸੀਂ ਬਜੁਰਗ ਔਰਤਾਂ ਨੂੰ ਹਾਸੀਏ 'ਤੇ ਨਹੀਂ ਧੱਕਦੇ"। ਮੈਨੂੰ ਲੱਗਦਾ ਹੈ ਕਿ ਭਾਰਤ ਵਿੱਚ ਵੱਧਦੀ ਉਮਰ ਕਿਸੇ ਹੱਦ ਤੱਕ ਔਰਤਾਂ ਲਈ ਫਾਇਦੇਮੰਦ ਹੈ। ਬਜੁਰਗ ਔਰਤਾਂ ਸਾਡੀਆਂ ਦਾਦੀਆਂ ਅਤੇ ਨਾਨੀਆਂ ਪਰਿਵਾਰ ਵਿੱਚ ਇੱਕ ਰੁਤਬਾ ਮਾਣਦੀਆਂ ਹਨ। ਅਤੇ ਫਿਰ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ ਕਿਉਂਕਿ ਉਹ ਰੂੜੀਵਾਦੀ ਹਨ। ਉਨ੍ਹਾਂ ਦਾ ਪਹਿਰਾਵਾ ਸਾਦਾ ਹੈ, ਜੇ ਉਹ ਵਿਧਵਾ ਹਨ ਤਾਂ ਸਫੇਦ ਕੱਪੜੇ ਪਹਿਨਦੀਆਂ ਹਨ, ਅਤੇ ਉਨ੍ਹਾਂ ਦੇ ਜਿਨਸੀ ਸਬੰਧ ਨਹੀਂ ਹੁੰਦੇ। "ਹੁਣ ਜੇ ਇੱਕ ਦਾਦੀ ਆਪਣਾ ਗਲਮਾਂ ਦਿਖਾਉਂਦੀ ਹੈ ਜਾਂ ਆਪਣੀਆਂ ਲੱਤਾਂ ਦਿਖਾਉਂਦੀ ਹੈ, ਉਹ ਰੂੜੀਵਾਦੀ ਸੋਚ ਨੂੰ ਉਲਟਾ ਰਹੀ ਹੈ, ਉਹ ਸੀਮਾਂ ਤੋਂ ਬਾਹਰ ਪੈਰ ਰੱਖ ਰਹੀ ਹੈ ਅਤੇ ਫਿਰ ਉਹ ਇੱਕ ਨਿਰਪੱਖ ਖੇਡ ਹੈ।" ਚੈਂਡੀ ਕਹਿੰਦੇ ਹਨ ਕਿ ਉਨ੍ਹਾਂ ਨੇ ਕਦੀ ਨਹੀਂ ਸੋਚਿਆ ਸੀ ਕਿ ਤਸਵੀਰਾਂ ਵਾਇਰਲ ਹੋ ਜਾਣਗੀਆਂ ਅਤੇ ਉਨ੍ਹਾਂ ਨੂੰ ਟ੍ਰੋਲ ਕੀਤਾ ਜਾਵੇਗਾ। "ਮੈਂ ਸੱਚੀਂਓ ਖੁੱਲ੍ਹਕੇ ਬੋਲਣ ਵਾਲੀ ਹਾਂ ਸਾਇਸ ਇਸ ਕਰਕੇ ਬਹੁਤ ਲੋਕ ਮੈਨੂੰ ਪਸੰਦ ਨਹੀਂ ਕਰਦੇ। ਪਰ ਮੈਂ ਉਨ੍ਹਾਂ ਨੂੰ ਕਹਿੰਦੀ ਹਾਂ, ਆਪਣਾ ਸਮਾਂ ਮੇਰੇ 'ਤੇ ਬਰਬਾਦ ਕਰਨ ਦੀ ਬਜਾਇ, ਤੁਸੀਂ ਆਪਣੀ ਊਰਜਾ ਦੀ ਵਰਤੋਂ ਦੇਸ ਲਈ ਜਾਂ ਫਿਰ ਦੁਨੀਆਂ ਲਈ ਜਾਂ ਫਿਰ ਧਰਤੀ ਮਾਂ ਲਈ ਕੁਝ ਚੰਗਾ ਕਰਨ ਲਈ ਕਿਉਂ ਨਹੀਂ ਕਰਦੇ ?"







# ਅਮਰੀਕਾ ਦੀ ਉੱਪ ਰਾਸਟਰਪਤੀ ਵਜੋਂ ਸਹੁੰ ਚੁੱਕ ਰਹੀ ਕਮਲਾ ਹੈਰਿਸ ਦਾ ਭਾਰਤ ਨਾਲ ਕੀ ਹੈ ਸਬੰਧ

**ਖੁਦ ਰਾਸਟਰਪਤੀ ਬਣਨ ਦਾ ਸੁਪਨਾ ਅੱਧ ਵਿਚਾਲੇ ਟੁੱਟ ਜਾਣ ਤੋਂ ਬਾਅਦ ਕਮਲਾ ਹੈਰਿਸ ਨੇ ਡੈਮੋਕਰੇਟਿਕ ਪਾਰਟੀ ਵੱਲੋਂ ਅਮਰੀਕਾ ਦੇ ਉਪ-ਰਾਸਟਰਪਤੀ ਵਜੋਂ ਚੋਣ ਜਿੱਤੀ ਅਤੇ ਹੁਣ ਅਹੁਦੇ ਦੀ ਸਹੁੰ ਚੁੱਕ ਰਹੇ ਹਨ। ਇੱਕ ਸਾਲ ਪਹਿਲਾਂ ਕੈਲੀਫੋਰਨੀਆ ਤੋਂ ਸੈਨੇਟਰ ਕਮਲਾ ਹੈਰਿਸ ਆਪਣੇ ਵਿਰੋਧੀ ਜੋਅ ਬਾਇਡਨ ਖਲਿਾਫ ਭਖਵੀਆਂ ਬਹਿਸਾਂ ਕਾਰਨ ਉਮੀਦਵਾਰਾਂ ਦੀ ਭੀੜ ਵਿੱਚ ਵੱਖਰੇ ਤੌਰ 'ਤੇ ਉੱਭਰ ਕੇ ਸਾਹਮਣੇ ਆਏ ਸਨ। ਉਸ ਸਮੇਂ ਤੱਕ ਕਮਲਾ ਜੋਅ ਬਾਇਡਨ ਦੇ ਤਿੱਖੇ ਵਿਰੋਧੀ ਸਨ ਪਰ ਸਾਲ 2019 ਦੇ ਅੰਤ ਤੱਕ ਉਨ੍ਹਾਂ ਦੀ ਰਾਸਟਰਪਤੀ ਦੇ ਅਹੁਦੇ ਦੀ ਉਮੀਦਵਾਰੀ ਲਈ ਮੁਹਿੰਮ ਮੁੱਕ ਚੁੱਕੀ ਸੀ। ਹੁਣ 55 ਸਾਲਾ ਕਮਲਾ ਬਾਇਡਨ ਦੇ ਨਾਲ ਹਨ ਅਤੇ ਇੰਨ੍ਹਾਂ ਚੋਣਾਂ ਲਈ ਉਨ੍ਹਾਂ ਨੇ ਉਪ-ਰਾਸਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਹੀ ਬਹਿਸ ਵਿੱਚ ਉਪ-ਰਾਸਟਰਪਤੀ ਮਾਈਕ ਪੈਂਸ ਦਾ ਸਾਹਮਣਾ ਕੀਤਾ। ਕਮਲਾ ਹੈਰਿਸ ਦੀ ਵਾਈਟ ਹਾਊਸ ਤੱਕ ਦੀ ਦੌੜ ਬਾਕੀਆਂ ਨਾਲੋਂ ਵੱਖਰੀ ਹੈ ਆਓ ਜਾਣਦੇ ਹਾਂ ਉਨ੍ਹਾਂ ਬਾਰੇ ਕੁੱਝ ਗੱਲਾਂ:**

ਕਮਲਾ ਹੈਰਿਸ ਦਾ ਜਨਮ ਕੈਲੀਫੋਰਨੀਆ ਦੇ ਓਕਲੈਂਡ ਵਿੱਚ ਦੋ ਪਰਵਾਸੀ ਮਾਪਿਆਂ ਦੇ ਘਰ ਹੋਇਆ। ਉਨ੍ਹਾਂ ਦੀ ਮਾਂ ਭਾਰਤੀ ਮੂਲ ਦੀ ਸੀ ਜਦਕਿ ਪਿਤਾ ਇੱਕ ਜਮਾਇਕਨ। ਨਿੱਕੀ ਉਮਰ ਵਿੱਚ ਹੀ ਮਾਪਿਆਂ ਦਾ ਤਲਾਕ ਹੋ ਗਿਆ। ਉਸ ਤੋਂ ਬਾਅਦ ਕਮਲਾ ਨੂੰ ਉਨ੍ਹਾਂ ਦੀ ਹਿੰਦੂ ਮਾਂ ਸਇਆਮਲਾ ਗੋਪਾਲਨ ਹੈਰਿਸ ਨੇ ਇੱਕਲਿਆਂ ਹੀ ਪਾਲਿਆ। ਉਨ੍ਹਾਂ ਦੀ ਮਾਂ ਇੱਕ ਕੈਂਸਰ ਰਿਸਰਚਰ ਤੋਂ ਇਲਾਵਾ ਨਾਗਰਿਕ ਹੱਕਾਂ ਦੀ ਐਕਟਿਵਿਸਟ ਵੀ ਸੀ। ਕਮਲਾ ਦੀ ਮਾਂ ਨੇ ਉਨ੍ਹਾਂ ਵਿੱਚ ਭਾਰਤੀ ਕਦਰਾਂ-ਕੀਮਤਾਂ ਭਰੀਆਂ। ਉਹ ਅਕਸਰ ਆਪਣੀ ਮਾਂ ਨਾਲ ਭਾਰਤ ਆਉਂਦੇ ਰਹਿੰਦੇ ਸਨ। ਹਾਲਾਂਕਿ ਕਮਲਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮਾਂ ਨੇ ਓਕਲੈਂਡ ਦੇ ਸਿਆਹਫਾਮ ਲੋਕਾਂ ਦਾ ਸਭਿਆਚਾਰ ਅਪਣਾ ਲਿਆ ਸੀ ਅਤੇ ਆਪਣੀਆਂ ਧੀਆਂ ਨੂੰ ਵੀ ਉਸੇ ਵਿੱਚ ਰਚਾ-ਮਿਚਾ ਲਿਆ ਸੀ। ਕਮਲਾ ਹੈਰਿਸ ਨੇ 2018 ਵਿੱਚ ਆਪਣੀ ਸਵੈ-ਜੀਵਨੀ 'ਦਿ ਟਰੁਥ ਵੀ ਹੋਲਡ' ਵਿੱਚ ਲਿਖਿਆ, "ਮੇਰੀ ਮਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹ ਦੋ ਕਾਲੀਆਂ ਧੀਆਂ ਨੂੰ ਪਾਲ ਰਹੀ ਹੈ। ਉਸ ਨੂੰ ਪਤਾ ਸੀ ਕਿ ਉਸ ਵੱਲੋਂ ਅਪਣਾਇਆ ਗਿਆ ਪਰਵਰਿਸ ਦਾ ਤਰੀਕਾ ਮੈਨੂੰ ਤੇ ਮਾਇਆ ਨੂੰ ਕਾਲੀਆਂ ਕੁੜੀਆਂ ਵਜੋਂ ਵੱਡਾ ਕਰੇਗਾ, ਤੇ ਉਹ ਸਾਨੂੰ ਆਤਮ-ਵਿਸਵਾਸ ਨਾਲ ਭਰੀਆਂ ਕਾਲੀਆਂ ਔਰਤਾਂ ਬਣਾਉਣ ਲਈ ਪੂਰੀ ਤਰ੍ਹਾਂ ਦ੍ਰਿੜ ਸੀ।" ਜਦੋਂ ਗੁਪਾਲਨ ਹੈਰਿਸ ਨੂੰ ਮੈਕਗਿਲ ਯੂਨੀਵਰਸਿਟੀ ਵਿੱਚ ਅਧਿਆਪਕ ਦੀ ਨੌਕਰੀ ਮਿਲੀ। ਕਮਲਾ ਅਤੇ ਉਨ੍ਹਾਂ ਦੀ ਛੋਟੀ ਭੈਣ ਇਸ ਸਮੇਂ ਦੌਰਾਨ ਆਪਣੀ ਮਾਂ ਦੇ ਨਾਲ ਕੈਨੇਡਾ ਵਿੱਚ ਹੀ ਰਹੀਆਂ। ਜਿੱਥੋਂ ਕਮਲਾ ਨੇ ਮੌਨਟਰੀਅਲ ਵਿੱਚ ਪੰਜ ਸਾਲ ਸਕੂਲੀ ਪੜ੍ਹਾਈ ਕੀਤੀ।

ਕਮਲਾ ਨੇ ਆਪਣੀ ਕਾਲਜ ਪੱਧਰ ਦੀ ਪੜ੍ਹਾਈ ਅਮਰੀਕਾ ਵਿੱਚ ਹੀ ਕੀਤੀ ਅਤੇ ਚਾਰ ਸਾਲ ਅਮਰੀਕਾ ਦੀ ਉੱਘੀ ਹਾਵਰਡ ਯੂਨੀਵਰਸਿਟੀ ਵਿੱਚ ਬਿਤਾਏ। ਹਾਰਵਰਡ ਸਿਆਹਫਾਮਾਂ ਲਈ ਉੱਘੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸੁਮਾਰ ਰਹੀ ਹੈ। ਕਮਲਾ ਯੂਨੀਵਰਸਿਟੀ ਵਿੱਚ ਬਿਤਾਏ ਸਮੇਂ ਨੂੰ ਆਪਣੀ ਜ਼ਿੰਦਗੀ ਦੇ ਸਭ ਤੋਂ ਅਹਿਮ ਤਜਰਬਿਆਂ ਵਿੱਚੋਂ ਇੱਕ ਗਿਣਦੇ ਹਨ। ਹੈਰਿਸ ਦਾ ਕਹਿਣਾ ਹੈ ਕਿ ਉਹ ਆਪਣੀ ਪਹਿਚਾਣ ਨਾਲ ਸਹਿਜ ਰਹੇ ਅਤੇ ਆਪਣੇ ਆਪ ਨੂੰ ਹਮੇਸਾ 'ਇੱਕ ਅਮਰੀਕਨ' ਹੀ ਦੱਸਿਆ। 2019 ਵਿੱਚ ਕਮਲਾ ਨੇ ਵਾਸ਼ਿੰਗਟਨ ਪੋਸਟ ਨੂੰ ਦੱਸਿਆ ਸੀ ਕਿ ਸਿਆਸਤਦਾਨਾਂ ਨੂੰ ਆਪਣੇ ਰੰਗ ਜਾਂ ਪਿਛੋਕੜ ਕਰ ਕੇ ਖੁਦ ਨੂੰ ਬੰਦ ਨਹੀਂ ਹੋਣ ਦੇਣਾ ਚਾਹੀਦਾ। ਉਨ੍ਹਾਂ ਨੇ ਕਿਹਾ, "ਮੇਰਾ ਨੁਕਤਾ ਹੈ: ਮੈਂ ਜੋ ਹਾਂ ਉਹ ਹਾਂ। ਮੈਂ ਇਸ ਨਾਲ ਠੀਕ ਹਾਂ। ਤੁਹਾਨੂੰ ਪਤਾ ਕਰਨ ਦੀ ਲੋੜ ਹੋ ਸਕਦੀ ਹੈ, ਪਰ ਮੈਂ ਇਸ ਨਾਲ ਠੀਕ ਹਾਂ।" 2014 ਵਿੱਚ ਸੈਨੇਟਰ ਕਮਲਾ ਹੈਰਿਸ ਨੇ ਵਕੀਲ ਡਗਲਜ ਐਮਹੋਫਡ ਨਾਲ ਵਿਆਹ ਕਰਵਾ ਲਿਆ। ਵਿਆਹ ਤੋਂ ਬਾਅਦ ਕਮਲਾ ਆਪਣੇ ਪਤੀ ਦੇ ਦੋ ਬੱਚਿਆਂ ਦੀ ਮਤਰੇਈ ਮਾਂ ਵੀ ਬਣ ਗਏ।

**ਅਮਨ ਤੇ ਕਾਨੂੰਨ ਨਾਲ ਸੰਬੰਧਿਤ ਅਹੁਦਿਆਂ 'ਤੇ ਪੁਲਾਂਘਾਂ**

ਹਾਵਰਡ ਯੂਨੀਵਰਸਿਟੀ ਤੋਂ ਬਾਅਦ ਕਮਲਾ ਹੈਰਿਸ ਆਪਣੀ ਵਕਾਲਤ ਦੀ ਡਿਗਰੀ ਲੈਣ ਕੈਲੀਫੋਰਨੀਆ ਯੂਨੀਵਰਸਿਟੀ ਅਤੇ ਆਪਣਾ ਕੈਰੀਅਰ ਅਲਾਮੇਡਾ ਕਾਉਂਟੀ ਦੇ ਜਲ੍ਹਿਾ ਅਟਾਰਨੀ ਦੇ ਦਫਤਰ ਤੋਂ ਸੁਰੂ ਕੀਤਾ। ਸਾਲ 2003 ਵਿੱਚ ਸੈਨ ਫ੍ਰਾਂਸਿਸਕੋ ਦੀ ਜਲ੍ਹਿਾ ਅਟਾਰਨੀ ਬਣੀ। ਉਹ ਅਮਰੀਕਾ ਦੇ ਸਭ ਤੋਂ ਵੱਧ ਅਬਾਦੀ ਵਾਲੇ ਸੂਬੇ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਬਣਨ ਵਾਲੀ ਪਹਿਲੀ ਮਹਿਲਾ ਅਤੇ ਕਾਲੇ ਭਾਈਚਾਰੇ ਨਾਲ ਸੰਬੰਧਿਤ ਔਰਤ ਸੀ। ਇੱਥੇ ਉਹ ਸਿਖਰਲੀ ਪਰੌਸੀਕਿਊਟਰ ਅਤੇ ਕਾਨੂੰਨ ਲਾਗੂ ਕਰਵਾਉਣ ਵਾਲੀ ਅਫਸਰ ਸੀ। ਆਪਣੇ ਅਟਾਰਨੀ ਜਨਰਲ ਵਜੋਂ ਦੋ ਕਾਰਜਕਾਲਾਂ ਵਿੱਚ ਹੀ ਕਮਲਾ ਹੈਰਿਸ ਨੂੰ ਅਮਰੀਕਾ ਦੀ ਡੈਮੋਕਰੇਟਿਕ ਪਾਰਟੀ ਦੀ ਉੱਭਰਦੀ ਆਗੂ ਵੱਜੋਂ ਦੇਖਿਆ ਜਾਣ ਲੱਗਿਆ। ਉਹ 2017 ਵਿੱਚ ਕੈਲੀਫੋਰਨੀਆ ਦੀ ਜੂਨੀਅਰ ਸੈਨੇਟਰ ਦੀ ਚੋਣ ਵੱਲ ਤੁਰ ਪਏ। ਯੂਐੱਸ ਕਾਂਗਰਸ ਪਹੁੰਚਣ ਤੋਂ ਬਾਅਦ ਇਸ ਸਾਬਕਾ ਵਕੀਲ ਨੇ ਸੁਪਰੀਮ ਕੋਰਟ ਦੇ ਨਾਮਜਦ ਉਮੀਦਵਾਰ ਬਰੈਟ ਕਵਾਨੌਅ ਅਤੇ ਅਟਾਰਨੀ ਜਨਰਲ ਵਿਲੀਅਮ ਬਾਰ ਨੂੰ ਇੱਕ ਖਾਸ ਸੁਣਵਾਈ ਵਿੱਚ ਸਖਤ ਸੁਆਲ ਪੁੱਛੇ ਅਤੇ ਅਗਾਂਹਵਧੂ ਲੋਕਾਂ ਦੀ ਹਮਾਇਤ ਹਾਸਲ ਕੀਤੀ।



**ਵ੍ਹਾਈਟ ਹਾਊਸ ਪਹੁੰਚਣ ਦੀ ਚਾਹ**

ਪਿਛਲੇ ਸਾਲ ਓਕਲੈਂਡ, ਕੈਲੀਫੋਰਨੀਆ ਵਿੱਚ ਕਮਲਾ ਨੇ ਪਹਿਲੀ ਵਾਰ 20,000 ਲੋਕਾਂ ਦੇ ਸਾਹਮਣੇ ਰਾਸਟਰਪਤੀ ਦੇ ਅਹੁਦੇ ਲਈ ਆਪਣੀ ਉਮੀਦਵਾਰੀ ਦਾ ਐਲਾਨ ਕੀਤਾ। ਉਨ੍ਹਾਂ ਦੀ ਇਸ ਕੋਸਸਿ ਨੂੰ ਸੁਰੂਆਤ ਵਿੱਚ ਚੰਗਾ ਹੁੰਗਾਰਾ ਮਿਲਿਆ ਪਰ ਉਹ ਆਪਣੀ ਮੁਹਿੰਮ ਵਿੱਚ ਸਪੱਸਟ ਤਰਕ ਪੂਰਨ ਬਿਆਨ ਦੇਣ ਵਿੱਚ ਅਸਫਲ ਰਹੇ। ਉਨ੍ਹਾਂ ਨੇ ਨੀਤੀ ਨਾਲ ਜੁੜੇ ਖੇਤਰਾਂ ਜਿਵੇਂ ਕਿ ਸਿਹਤ ਸੰਭਾਲ ਸੰਬੰਧੀ ਸਵਾਲਾਂ ਦੇ ਵੀ ਉਲਝੇ ਹੋਏ ਜੁਆਬ ਦਿੱਤੇ। ਉਹ ਆਪਣੀ ਉਮੀਦਵਾਰੀ ਲਈ ਪ੍ਰਮੁੱਖ ਵਜ੍ਹਾ ਦੱਸਣ ਵਿੱਚ ਵੀ ਨਾਕਾਮਯਾਬ ਰਹੇ। ਆਪਣੀਆਂ ਬਹਿਸਾਂ ਦੌਰਾਨ ਉਨ੍ਹਾਂ ਅਕਸਰ ਬਾਇਡਨ ਨੂੰ ਨਿਸਾਨੇ 'ਤੇ ਰੱਖਿਆ। ਕਮਲਾ ਆਪਣੀ ਪਾਰਟੀ ਦੇ ਪ੍ਰਗਤੀਸੀਲ ਅਤੇ ਨਰਮਖਿਆਲ ਧੜਿਆਂ ਦੇ ਲੋਕਾਂਨੂੰ ਨਾਲ ਲੈ ਕੇ ਚੱਲਣ ਦੀ ਕੋਸਸਿ ਤਾਂ ਕੀਤੀ ਪਰ ਦੋਵਾਂ ਨੂੰ ਹੀ ਪ੍ਰਭਾਵਿਤ ਨਾ ਕਰ ਸਕੇ। ਜਿਸ ਕਾਰਨ ਉਨ੍ਹਾਂ ਦੀ ਸਾਲ 2020 ਦੀ ਸੁਰੂਆਤ ਹੁੰਦੇ-ਹੁੰਦੇ ਰਾਸਟਰਪਤੀ ਉਮੀਦਵਾਰ ਬਣ ਸਕਣ ਦੀ ਉਮੀਦ ਵੀ ਖਤਮ ਹੋ ਗਈ। ਮਾਰਚ ਵਿੱਚ ਹੈਰਿਸ ਨੇ ਸਾਬਕਾ ਉਪ-ਰਾਸਟਰਪਤੀ ਦਾ ਸਮਰਥਨ ਕਰਨਾ ਸੁਰੂ ਕਰ ਦਿੱਤਾ ਅਤੇ ਕਿਹਾ, "ਉਸਨੂੰ ਅਮਰੀਕਾ ਦਾ ਅਗਲਾ ਰਾਸਟਰਪਤੀ ਬਣਾਉਣ ਵਿੱਚ ਮਦਦ ਕਰਨ ਲਈ ਜੋ ਵੀ ਉਸਦੇ ਹੱਥ ਵਿੱਚ ਹੋਵੇਗਾ ਉਹ ਕਰਾਂਗੀ" ਇਸ ਸਾਲ ਅਕਤੂਬਰ ਵਿੱਚ ਹੋਈ ਉਪ-ਰਾਸਟਰਪਤੀ ਦੇ ਅਹੁਦੇ ਲਈ ਪ੍ਰੈਜੀਡੈਂਸਲਿ ਡਿਬੇਟ ਵਿੱਚ ਕਮਲਾ ਨੇ ਮੌਜੂਦਾ ਉਪ-ਰਾਸਟਰਪਤੀ ਮਾਈਕ ਪੈਂਸ ਨੂੰ ਕਈ ਮਸਲਿਆਂ 'ਤੇ ਘੇਰਿਆ। ਜਦੋਂ ਮਾਈਕ ਪੈਂਸ ਵਾਰ ਵਾਰ ਵਿੱਚੋਂ ਟੋਕ ਰਹੇ ਸਨ ਤਾਂ ਕਮਲਾ ਨੇ ਉਨ੍ਹਾਂ ਨੂੰ ਯਾਦ ਕਰਵਾਇਆ "ਮਿਸਟਰ ਵਾਈਸ ਪ੍ਰੈਜੀਡੈਂਟ, ਆਈ ਐਮ ਸਪੀਕਿੰਗ" (ਉਪ ਰਾਸਟਰਪਤੀ ਜੀ, ਮੈਂ ਬੋਲ ਰਹੀ ਹਾਂ)। ਉਨ੍ਹਾਂ ਦੀ ਇਸ ਟੂਕ ਨੂੰ ਪ੍ਰੈਜੀਡੈਂਸਲਿ ਡਿਬੇਟ ਵਿੱਚ ਆਪਣੇ ਗੱਲ ਸੁਣਾਏ ਜਾਣ ਦੀ ਕੋਸਸਿ ਵਜੋਂ ਦੇਖਿਆ ਗਿਆ।

## ਰਾਸਟਰਪਤੀ ਵਜੋਂ ਪਹਿਲੇ ਦਿਨ ਹੀ ਜੋ ਬਾਈਡਨ ਨੇ ਦਿੱਤਾ ਕੈਨੇਡਾ ਨੂੰ ਝਟਕਾ, ਕੀਸਟੋਨ ਪਾਇਪ ਲਾਈਨ ਦੇ ਪਰਮਿਟ ਨੂੰ ਕੀਤਾ ਰੱਦ

ਨਿਊਯਾਰਕ/ ਅਲਬਰਟਾ (ਰਾਜ ਗੋਗਨਾ/ ਕੁਲਤਰਨ ਪਧਿਆਣਾ) ਕੈਨੇਡਾ ਖਾਸਕਰ ਅਲਬਰਟਾ ਦੀ ਆਰਥਿਕਤਾ ਲਈ ਅਹਿਮ ਕੀਸਟੋਨ ਪਾਇਪ ਲਾਈਨ ਦਾ ਪਰਮਿਟ ਅਮਰੀਕਾ ਦੇ ਨਵੇਂ ਬਣੇ ਰਾਸਟਰਪਤੀ ਜੋ ਬਿਡੇਨ ਦੁਆਰਾ ਰੱਦ ਕਰ ਦਿੱਤਾ ਗਿਆ ਹੈ । ਨਵੇਂ ਰਾਸਟਰਪਤੀ ਨੇ ਵਾਤਾਵਰਣ ਤਬਦੀਲੀ ਨਾਲ ਨਜਿੱਠਣ ਲਈ ਇੱਕ ਆਦੇਸ ਜਾਰੀ ਕੀਤਾ ਹੈ, ਜਿਸ ਵਿੱਚ ਪਾਈਪਲਾਈਨ ਪਰਮਿਟ ਰੱਦ ਕਰਨਾ ਵੀ ਸਾਮਲ ਹੈ। ਇਸ ਪਾਈਪ ਲਾਈਨ ਦੇ ਪਰਮਿਟ ਦੇ ਰੱਦ ਹੋਣ ਨਾਲ ਅਲਬਰਟਾ ਦੀ ਆਰਥਿਕਤਾ ਨੂੰ ਧੱਕਾ ਲੱਗੇਗਾ । ਇਸ ਬਾਰੇ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਨੇ ਆਪਣਾ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਇਹ ਇੱਕ ਗਲਤ ਕਦਮ ਸੀ ਜਿਸ ਨਾਲ ਆਰਥਿਕ ਵਿਕਾਸ ਨੂੰ ਧੱਕਾ ਲੱਗੇਗਾ। ਜੇਸਨ ਕੈਨੀ ਨੇ ਕਿਹਾ ਹੈ ਕਿ ਇਸ ਨਾਲ ਅਮਰੀਕਾ ਤੇ ਕੈਨੇਡਾ ਵਿੱਚ ਹਜਾਰਾਂ ਨੌਕਰੀਆਂ ਚਲੇ ਜਾਣਗੀਆਂ। ਇੱਥੇ ਯਾਦ ਰੱਖਣਾ ਚਾਹੀਦਾ ਹੈ ਕਿ ਰਾਸਟਰਪਤੀ ਜੋ ਬਾਈਡਨ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਹੀ ਇਸ ਪਾਈਪ ਲਾਈਨ ਦੇ ਪਰਮਿਟ ਨੂੰ ਰੱਦ ਕਰਨ ਦੀ ਗੱਲ ਕੀਤੀ ਸੀ। ਇਸ ਪਾਈਪ ਲਾਈਨ ਨੂੰ ਵਾਤਾਵਰਨ ਲਈ ਖਤਰਾ ਮੰਨਦਿਆਂ ਬਹੁਤ ਸਾਰੀਆਂ ਜੱਥੇਬੰਦੀਆਂ ਵੱਲੋਂ ਵਿਰੋਧ ਦਰਜ ਕਰਵਾਇਆ ਜਾ ਰਿਹਾ ਸੀ। ਯਾਦ ਰਹੇ ਤੇਲ ਉਤਪਾਦਨ ਅਲਬਰਟਾ ਦੀ ਆਰਥਿਕਤਾ ਦਾ ਇੱਕ ਅਹਿਮ ਸ੍ਰੋਤ ਵੀ ਹੈ।

## ਪੰਜਾਬ ਤੇ ਚੰਡੀਗੜ੍ਹ ਪੁਲਸ ਨੂੰ ਲੋੜੀਂਦੇ ਲਾਰੈਂਸ਼ ਬਿਸ਼ਨੋਈ ਗੈਂਗ ਦੇ 4 ਸਾਥੀ ਅਸਲੇ ਸਣੇ ਗ੍ਰਿਫ਼ਤਾਰ

ਕੁਰਾਲੀ (ਬਠਲਾ) : ਇੱਥੇ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ, ਜਦੋਂ ਪੰਜਾਬ, ਹਰਿਆਣਾ, ਰਾਜਸਥਾਨ ਸੂਬਿਆਂ ਅਤੇ ਚੰਡੀਗੜ੍ਹ 'ਚ ਕਤਲਾਂ ਅਤੇ ਡਕੈਤੀਆਂ ਲਈ ਜ਼ਿੰਮੇਵਾਰ ਲਾਰੈਂਸ ਬਿਸ਼ਨੋਈ ਗੈਂਗ ਦੇ ਜੇਲ੍ਹ 'ਚ ਬੰਦ ਸ਼ਾਰਪ ਸ਼ੂਟਰ ਸੰਪਤ ਨਹਿਰਾ ਤੇ ਦੀਪਕ ਉਰਫ ਟੀਨੂੰ ਦੇ ਨੇੜਲੇ ਚਾਰ ਸਾਥੀਆਂ ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਮੋਹਾਲੀ ਨੇ ਦੱਸਿਆ ਕਿ 18 ਅਤੇ 19 ਜਨਵਰੀ, 2021 ਦੀ ਰਾਤ ਨੂੰ ਐੱਸ. ਐੱਚ. ਓ. ਸਿਟੀ ਕੁਰਾਲੀ ਨੂੰ ਭਰੋਸੇਯੋਗ ਇਤਲਾਹ ਮਿਲੀ ਕਿ ਸੰਪਤ ਨਹਿਰਾ ਅਤੇ ਦੀਪਕ ਟੀਨੂੰ ਦੇ ਨਜ਼ਦੀਕੀ ਸਾਥੀ ਕੁਰਾਲੀ 'ਚ ਸਰਗਰਮ ਹਨ ਅਤੇ ਕਿਸੇ ਵੱਡੀ ਵਾਰਦਾਤ ਦੀ ਤਿਆਰੀ 'ਚ ਹਨ, ਜਿਸ 'ਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਅਸਲਾ ਬਰਾਮਦ ਕੀਤਾ ਗਿਆ। ਐਸ. ਐਸ. ਪੀ. ਨੇ ਇਹ ਵੀ ਜਾਣਕਾਰੀ ਦਿੱਤੀ ਕਿ ਗ੍ਰਿਫਤਾਰ ਦੋਸ਼ੀਆਂ ਦਾ ਅਪਰਾਧਿਕ ਪਿਛੋਕੜ ਹੈ ਤੇ ਦੋਸ਼ੀ ਦਰਸ਼ਨ ਸਿੰਘ ਵਾਸੀ ਅਮਲਾਲਾ, ਥਾਣਾ ਸਿਵਲ ਲਾਈਨ ਭਿਵਾਨੀ ਦੇ ਸਾਲ-2017 ਦੇ ਕਤਲ ਮੁਕੱਦਮੇ 'ਚ ਭਗੌੜਾ ਸੀ ਅਤੇ ਮਨੀਸ਼ ਕੁਮਾਰ ਖਲਿਾਫ ਥਾਣਾ ਜੁਲਕਾਂ ਜ਼ਿਲ੍ਹਾ ਪਟਿਆਲਾ ਵਿਖੇ ਕਤਲ ਦਾ ਮੁਕੱਦਮਾ ਦਰਜ ਹੈ।

## ਰੇਡੀਓ ਹੋਸਟ ਦੇ ਹਮਲੇ ਤੋਂ ਬਾਅਦ ਛੇ ਵਿਅਕਤੀਆਂ ਉੱਤੇ ਕਤਲ ਦੀ ਕੋਸ਼ਿਸ਼ ਦੇ ਲੱਗੇ ਚਾਰਜ

### ਮੁਲਜ਼ਮਾਂ ਨੂੰ 10 ਫਰਵਰੀ ਤੱਕ ਨਿਆਇਕ ਹਿਰਾਸਤ ਵਿਚ ਭੇਜਿਆ

ਆਕਲੈਂਡ : ਬੀਤੀ 23 ਦਸੰਬਰ ਨੂੰ ਰੇਡੀਓ ਪੇਸ਼ਕਾਰ ਹਰਨੇਕ ਸਿੰਘ ਨੇਕੀ ਉਤੇ ਕੁਝ ਅਣਪਛਾਤੇ ਲੋਕਾਂ ਨੇ ਜਾਨਲੇਵਾ ਹਮਲਾ ਕਰ ਦਿੱਤਾ ਸੀ। ਇਸ ਸਬੰਧ ਵਿਚ ਅਦਾਲਤ ਵੱਲੋਂ 6 ਵਿਅਕਤੀਆਂ ਦੇ ਕਤਲ ਦੇ ਚਾਰਜ ਲਗਾਏ ਗਏ ਹਨ ਅਤੇ ਉਨ੍ਹਾਂ ਨੂੰ 10 ਫਰਵਰੀ ਤੱਕ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਇਸ ਵਿਚ ਹਾਲਾਂਕਿ 4 ਵਿਅਕਤੀਆਂ ਦੇ ਨਾਮ ਅਦਾਲਤ ਵੱਲੋਂ ਗੁਪਤ ਰੱਖੇ ਗਏ ਹਨ। ਇਨ੍ਹਾਂ ਚਾਰ ਵਿਅਕਤੀਆਂ ਨੂੰ ਅੱਜ ਅਦਾਲਤ ਵਿਚ ਤਕਰੀਬਨ ਪੌਣੇ ਤਿੰਨ ਵਜੇ ਪੇਸ਼ ਕੀਤਾ ਗਿਆ ਸੀ। ਉਕਤ ਸਾਰੇ ਵਿਅਕਤੀਆਂ ਦੀ ਉਮਰ 24 ਤੋਂ 39 ਸਾਲ ਦੱਸੀ ਜਾ ਰਹੀ ਹੈ। ਇਥੇ ਦੱਸਣਾ ਬਣਦਾ ਹੈ ਕਿ ਬੀਤੀ 23 ਦਸੰਬਰ ਨੂੰ ਰਾਤ ਨੂੰ 10.20 ਵਜੇ ਦੇ ਕਰੀਬ ਵਾਟਲ ਡਾਨਜ ਵਿੱਚ ਗਲੇਨਰੋਸ ਡ੍ਰਾਇਵ ਉੱਤੇ ਉਸਦੇ ਘਰ ਦੇ ਬਾਹਰ ਹੋਏ ਹਮਲੇ ਤੋਂ ਬਾਅਦ ਸਿੰਘ ਨੂੰ ਗੰਭੀਰ ਹਾਲਤ ਵਿੱਚ ਛੱਡ ਦਿੱਤਾ ਗਿਆ ਅਤੇ ਉਸ ਨੂੰ ਸਰਜਰੀ ਦੀ ਜਰੂਰਤ ਵਜੋਂ ਹਸਪਤਾਲ ਲਿਜਾਇਆ ਗਿਆ ਸੀ।



'ਤੇਰੇ ਹੱਥਾਂ ਨੂੰ 'ਰਾਹਤ' ਦਊਂਗੀ', ਬੇਟੀ ਦਾ ਜਵਾਬ ਸੀ।

# ਰੱਬ ਦਾ ਵਾਸਤਾ ਹੁਣ ਤਾਂ ਬਸ ਕਰੋ ....



ਲੇਖਕ - ਸਿੰਦਰ ਸਿੰਘ ਮੀਰਪੁਰੀ
ਫਰਿਜਨੋ ਯੂ.ਐਸ.ਏ.

- ਲੰਘੇ ਸਮੇਂ ਦੁਨੀਆਂ ਦੇ ਬਹੁਤੇ ਦੇਸਾਂ ਅੰਦਰ ਕੋਰੋਨਾ ਨਾਂ ਦੀ ਮਹਾਂਮਾਰੀ ਨੇ ਆਪਣੀ ਦਸਤਕ ਦੇਣ ਤੋਂ ਬਾਅਦ ਕੋਹਰਾਮ ਮਚਾ ਰੱਖਿਆ ਸੀ , ਸੋਸ਼ਲ ਮੀਡੀਏ 'ਤੇ ਕੋਰੋਨਾ ਵਾਇਰਸ ਨੂੰ ਲੈ ਕੇ ਲੋਕਾਂ ਅੰਦਰ ਤਰ੍ਹਾਂ-ਤਰ੍ਹਾਂ ਦੀਆਂ ਝੂਠੀਆਂ ਅਫਵਾਹਾਂ ਦਾ ਬਾਜਾਰ ਗਰਮ ਹੋਇਆ ਜਿਸ ਨਾਲ ਜਨਤਾ ਦੀ ਮਾਨਸਿਕ ਅਤੇ ਆਰਥਿਕ ਲੁੱਟ ਤੋਂ ਇਲਾਵਾ ਸਿਹਤ ਨਾਲ ਵੀ ਨਾਲ ਖਿਲਵਾੜ ਅਜੇ ਵੀ ਹੋ ਰਿਹਾ ਹੈ ।

ਚੀਨ ਦੇ ਸ਼ਹਿਰ ਵੂਹਾਨ ਤੋਂ ਸ਼ੁਰੂ ਹੋਏ ਕੋਰੋਨਾ ਵਾਇਰਸ ਨੇ ਦੁਨੀਆ ਭਰ ਦੇ ਬਹੁਗਿਣਤੀ ਦੇਸਾਂ ਤੋਂ ਬਾਅਦ ਭਾਰਤ 'ਚ ਵੀ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ ਜਿਸ ਕਾਰਨ ਲੋਕਾਂ 'ਚ ਡਰ ਦਾ ਮਾਹੌਲ ਬਣ ਰਿਹਾ ਹੈ । ਸਰਕਾਰਾਂ ਵੱਲੋਂ ਇਤਿਹਾਤ ਵਜੋਂ ਲੋਕਾਂ ਨੂੰ ਇੱਕ ਦੂਜੇ ਦੇ ਸੰਪਰਕ ਵਿੱਚ ਜਾਣ ਤੋਂ ਰੋਕਣ ਲਈ ਬਹੁਤ ਸਾਰੀਆਂ ਪਾਬੰਦੀਆਂ ਲਾਜਮੀ ਕਰ ਦਿੱਤੀਆਂ ਹਨ ਅਤੇ ਕਹਾਣੀ ਕਰਫਿਊ ਤੱਕ ਪਹੁੰਚੀ ,ਜਿਸ ਦੀ ਲੋੜ ਵੀ ਹੈ ਕਿਉਂਕਿ ਇਹ ਵਾਇਰਸ ਇੱਕ ਪੀੜਤ ਵਲੋਂ ਦੂਜਿਆਂ ਦੇ ਸੰਪਰਕ ਵਿੱਚ ਜਾਣ 'ਤੇ ਫੈਲਦਾ ਹੈ । ਇਸ ਸਬੰਧੀ ਵਿਗਿਆਨਕ ਲੋਕ ਐਲੋਪੈਥੀ ਰਾਹੀਂ ਇਲਾਜ ਦੇ ਤਜਰਬੇ ਕਰ ਰਹੇ ਹਨ ਦੁਨੀਆਂ ਭਰ ਦੇ ਸਿਹਤ ਵਿਗਿਆਨੀਆਂ ਨੇ ਵੱਖ-ਵੱਖ ਟੀਮਾਂ ਦੇ ਰੂਪ ਵਿੱਚ ਇਸ ਵਾਇਰਸ ਦੇ ਇਲਾਜ ਨੂੰ ਲੈ ਕੇ ਦਿਨ ਰਾਤ ਇੱਕ ਕਰ ਰੱਖੀ ਹੈ ।

ਦਾਦ ਦੇਣੀ ਬਣਦੀ ਹੈ ਉਹਨਾਂ ਸਾਰੇ ਡਾਕਟਰਾਂ ਦੀ ਜਿਨ੍ਹਾਂ ਵੱਲੋਂ ਇਸ ਬੇਹੱਦ ਜ਼ੋਖਮ ਭਰੇ ਸਮੇਂ ਅੰਦਰ ਵੀ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਪੀੜਤ ਲੋਕਾਂ ਦੀ ਜ਼ਿੰਦਗੀ ਨੂੰ ਬਚਾਉਣ ਖਾਤਰ ਪੂਰੀ ਵਾਹ ਲਾਈ , ਉਨ੍ਹਾਂ ਵੱਲੋਂ ਰਾਤਾਂ ਨੂੰ ਉਨੀਂਦਿਆਂ ਰਹਿ ਕੇ ਹਸਪਤਾਲਾਂ ਅੰਦਰ ਡਿਊਟੀ ਨੂੰ ਪਹਿਲ ਦਿੰਦਿਆਂ ਇਸ ਅਲਾਮਤ ਨਾਲ ਨਜਿੱਠਣ ਦੇ ਲਈ ਆਪਣੇ ਪਰਿਵਾਰਾਂ ਤੱਕ ਦੀ ਵੀ ਪ੍ਰਵਾਹ ਨਹੀਂ ਕੀਤੀ । ਹੈਰਾਨੀ ਦੀ ਗੱਲ ਹੈ ਜਦ ਦੇਸ਼ ਦੀ ਜਨਤਾ ਇੱਕ ਵੱਡੇ ਡਰ ਨਾਲ ਜੂਝ ਰਹੀ ਹੈ ਤਾਂ ਉਸ ਸਮੇਂ ਵੀ ਕੁਝ ਚਾਤੁਰ ਅਤੇ ਸ਼ਰਾਰਤੀ ਕਿਸਮ ਦੇ ਲੋਕਾਂ ਵੱਲੋਂ ਆਪਣੇ ਫੋਨਾਂ ਜ਼ਰੀਏ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਈਆਂ ਜਾ ਰਹੀਆਂ ਹਨ , ਕੋਈ ਲੂਣ ਲਾ ਕੇ ਪਿਆਜ਼ ਖਾਣ ਦੀ ਗੱਲ ਕਰ ਰਿਹਾ ਹੈ ਅਤੇ ਕੋਈ ਆਖਦੈ ਕਿ ਇੱਕ ਬਾਬਾ ਇਸ ਸੰਸਾਰ ਨੂੰ ਛੱਡ ਕੇ ਜਾਣ ਤੋਂ ਬਾਅਦ ਜਨਤਾ ਨੂੰ ਇਹ ਕਹਿ ਕੇ ਗਿਐ ਕਿ ਕੋਰੋਨਾ ਤੋਂ ਬੱਚਣ ਲਈ ਅਦਰਕ ਨੂੰ ਕਾਲੀ ਚਾਹ ਵਿੱਚ ਉਬਾਲ ਕੇ ਪੀਵੋ ।

ਇੱਕ ਨੇ ਹਥੌਲੇ ਰਾਹੀਂ ਕੋਰੋਨਾ ਦਾ ਸਰਤੀਆ ਇਲਾਜ ਕਰਨ ਦਾ ਝੰਡਾ ਗੱਡ ਦਿੱਤਾ ਅਤੇ ਕਈ ਸੱਜਣ ਰਾਤ ਨੂੰ ਦੋਸਤਾਂ ਮਿੱਤਰਾਂ ਨੂੰ ਜਹਾਜ਼ ਰਾਹੀਂ ਸਪਰੇਅ ਹੋਣ ਦੀਆਂ ਵਿਉਂਤਾਂ ਦੱਸਦੇ ਨੇ । ਇੱਕ ਹੌਲੀ ਅਕਲ ਦਾ ਕਲਾਕਾਰ ਕਿਸੇ ਸਿੱਖ ਪ੍ਰਚਾਰਕ ਦੇ ਪ੍ਰਚਾਰ ਨੂੰ ਕੋਰੋਨਾ ਵਾਇਰਸ ਦੇ ਫੈਲਣ ਦਾ ਕਾਰਨ ਦੱਸ ਕੇ ਸੋਸਲ ਮੀਡੀਏ 'ਤੇ ਆਪਣੇ ਮਨ ਦਾ ਗੁਬਾਰ ਕੱਢਿਆ । ਇਹ ਛੋਟੀ ਸੋਚ ਅਤੇ ਹੋਸ਼ੀ ਮਾਨਸਿਕਤਾ ਦੀ ਨਿਸਾਨੀ ਹੈ । ਹੋਰ ਤਾਂ ਹੋਰ ਬਿਨਾਂ ਸੋਚੇ ਸਮਝੇ ਪਿੰਡਾਂ ਅੰਦਰ ਕੋਰੋਨਾ ਦੇ ਮਰੀਜ਼ ਦੱਸ ਕੇ ਦਹਿਸਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ । ਕਿਸੇ ਨੇ ਇਹ ਵੀ ਯਬਲੀ ਮਾਰ ਦਿੱਤੀ ਕਿ ਅਖਬਾਰ ਪਤਾ ਨਹੀਂ ਕਿੰਨੇ ਹੱਥਾਂ ਵਿੱਚ ਦੀ ਲੰਘ ਕੇ ਆਉਂਦਾ ਹੈ ਇਸ ਨੂੰ ਵੀ ਪੜ੍ਹਨ ਤੋਂ ਗੁਰੇਜ਼ ਕੀਤਾ ਜਾਵੇ ਜਦਕਿ ਇਹ ਸਭ ਕੁਝ ਸਿਰਫ 'ਤੇ ਸਿਰਫ ਸੋਸ਼ਲ ਮੀਡੀਏ ਦੀ ਝੂਠੀ ਪੈਦਾਇਸ ਹੈ ਜਿਸ ਰਾਹੀਂ ਬਹੁਤ ਸਾਰੇ ਨਰਮ ਤਸੀਰ ਦੇ ਇਨਸਾਨ ਸਹਿਮ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ ਜਦਕਿ ਅਖ਼ਬਾਰ ਸੈਨੇਟਾਇਜ਼ਰ ਕੀਤੀਆਂ ਮਸੀਨਾਂ ਰਾਹੀਂ ਤਿਆਰ ਹੁੰਦਾ ਹੈ ।

ਇੱਕ ਨੇ ਤਾਂ ਹੱਦ ਕਰ ਦਿੱਤੀ ਅਖੇ ਜੀ ਇਹ ਕੋਰੋਨਾ ਵਾਇਰਸ ਬਾਕੀ ਪੰਛੀਆਂ ਵਾਂਗ ਹਵਾ ਵਿੱਚ ਵੀ ਉੱਡਦਾ ਹੈ ਇਸ ਦਾ ਆਕਾਰ ਮੱਛਰ ਜਿੱਡਾ ਹੈ , ਅਜਿਹੇ ਸਰਾਰਤੀ ਤੱਤ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ । ਕਿੰਨੇ ਹੀ ਦੁਕਾਨਦਾਰਾਂ ਵੱਲੋਂ ਆਪਣੇ ਨਿੱਜੀ ਵਪਾਰ ਹਿੱਤ ਖਾਤਰ ਕਈ ਵਸਤਾਂ ਨੂੰ ਕੋਰੋਨਾ ਵਿਰੋਧੀ ਦੱਸ ਕੇ ਵੱਧ ਭਾਅ 'ਤੇ ਵੇਚਿਆ ਜਾ ਰਿਹਾ ਹੈ ਜੋ ਸਰਾਸਰ ਗ਼ਲਤ ਰੁਝਾਨ ਹੈ ਇਹ ਆਪਣੇ ਹੀ ਲੋਕਾਂ ਨਾਲ ਧੋਖਾ ਅਤੇ ਬੇਈਮਾਨੀ ਹੈ । ਇਨ੍ਹਾਂ ਲੋਕਾਂ ਦਾ ਮਕਸਦ ਸਿਰਫ ਸੋਸ਼ਲ ਮੀਡੀਏ 'ਤੇ ਆਪਣੀ 'ਮਸ਼ਹੂਰੀ' ਕਰਨ ਤੋਂ ਸਿਵਾਏ ਕੁਝ ਵੀ ਨਹੀਂ । ਜਦਕਿ ਇਸ ਸਬੰਧੀ ਮੈਡੀਕਲ ਖੇਤਰ ਵਿੱਚ ਸੇਵਾਵਾਂ ਨਿਭਾ ਰਹੇ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਮੇਂ ਸੋਸਲ ਮੀਡੀਏ 'ਤੇ ਹੋ ਰਹੇ ਝੂਠੇ ਪ੍ਰਚਾਰ ਤੋਂ ਦੂਰ ਰਹਿਣ ਦੀ ਲੋੜ ਹੈ ਸਗੋਂ ਹਰ ਇਨਸਾਨ ਨੂੰ ਸਾਫ-ਸਫਾਈ ਅਤੇ ਸਿਹਤ ਵਿਭਾਗ ਅਤੇ ਸਰਕਾਰ ਵੱਲੋਂ ਜਾਰੀ ਕੀਤੇ ਕੁੱਝ ਖਾਸ ਕਿਸਮ ਦੇ ਇਤਹਿਆਤ ਵਰਤਣ ਦੀ ਇਸ ਸਮੇਂ ਸਖ਼ਤ ਜਰੂਰਤ ਹੈ ।

ਸਿਹਤ ਮਾਹਿਰਾਂ ਅਨੁਸਾਰ ਸਾਨੂੰ ਇਸ ਸਮੇਂ ਡਰਨ ਦੀ ਨਹੀਂ ਬਲਕਿ ਖੰਘ , ਜ਼ੁਕਾਮ , ਬੁਖਾਰ ਸਮੇਤ ਕਿਸੇ ਵੀ ਅਜਿਹੀ ਬਿਮਾਰੀ ਤੋਂ ਪੀੜਤ ਵਿਅਕਤੀਆਂ ਦੇ ਸੰਪਰਕ ਤੋਂ ਬਚਾਅ ਕਰਨ ਦੀ ਲੋੜ ਹੈ ਕਿਉਂਕਿ ਇਹ ਵਾਇਰਸ ਜ਼ਿਆਦਾਤਰ ਇੱਕ-ਦੂਜੇ ਵਿਅਕਤੀਆਂ ਦੇ ਸੰਪਰਕ ਵਿੱਚ ਆਉਣ ਤੋਂ ਫੈਲਦਾ ਹੈ । ਇਸ ਲਈ ਚੰਗਾ ਹੈ ਜੇਕਰ ਸੋਸ਼ਲ ਮੀਡੀਆ ਦੀਆਂ ਝੂਠੀਆਂ ਅਫਵਾਹਾਂ 'ਤੇ ਯਕੀਨ ਕਰਨ ਦੀ ਬਜਾਏ ਸਾਵਧਾਨੀਆਂ ਵਰਤੀਆਂ ਜਾਣ ਇਸੇ ਵਿੱਚ ਸਭ ਦੀ ਭਲਾਈ ਹੈ । ਇਸ ਤਰ੍ਹਾਂ ਦੀਆਂ ਅਫਵਾਹਾਂ ਫੈਲਾਉਣ ਵਾਲੇ ਵੀਰਾਂ ਨੂੰ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਔਖੇ ਸਮੇਂ ਅੰਦਰ ਜੇਕਰ ਜਾਣਕਾਰੀ ਜਾਂ ਗਿਆਨ ਵੰਡਣਾ ਹੈ ਤਾਂ ਚੰਗਾ ਵੰਡੋ ਐਵੇਂ ਭੋਲੇ-ਭਾਲੇ ਲੋਕਾਂ ਨੂੰ ਗੁਮਰਾਹ ਨਾ ਕਰੋ ।

# ਟਰੈਕਟਰ ਦੀ ਦੌੜ ਅਤੇ ਸਾਂਝੀ ਖੇਤੀ ਦੀ ਖੁਸ਼ਹਾਲੀ



ਕਿਸਾਨੀ ਦਾ ਖੇਤੀ ਅਤੇ ਖੇਤੀ ਸੰਦਾ ਨਾਲ ਅਟੁੱਟ ਮੋਹ ਹੈ । ਜਿਸ ਨਾਲ ਜੀਵਨ ਦੀਆ ਮੁੱਢਲੀਆ ਲੋੜ ਅਤੇ ਸੁੱਖ -ਸੁਵਿਧਾਵਾ ਪੂਰੀਆ ਹੁੰਦੀਆ ਹਨ । ਭਾਰਤ ਦੇ 70 ਫੀਸਦੀ ਲੋਕ ਖੇਤੀ ਕਾਰੋਬਾਰ ਜਦੋ ਕਿ ਖਾਣੇ ਦੀ ਪੂਰਤੀ ਲਈ 100 ਫੀਸਦੀ ਲੋਕ ਖੇਤੀ ਉਤਪਾਦਾ ਉਪਰ ਨਿਰਭਰ ਹਨ । ਖੇਤੀ ਦਾ ਕੋਈ ਦੂਸਰਾ ਬਦਲ਼ ਨਹੀ । ਸੋ ਹਕੂਮਤਾ ਸਿਆਸੀ ਤੇ ਜੋਟੀਦਾਰਾ ਦੇ ਫਾਇਦੇ ਲਈ ਨਵੀਆ ਖੋਜਾ ਜਾ ਨੀਤੀਆ ਲਿਆਉਦੀਆ ਹਨ । ਜਿਸ ਦੀ ਮੋਜੂਦਾ ਉਦਾਹਰਨ ਤਿੰਨ ਖੇਤੀ ਕਨੂੰਨ ਹਨ । ਜਿਸ ਨਾਲ ਆਪਣੇ ਕਾਰਪੋਰੇਟ ਮਿੱਤਰਾ ਨੂੰ ਜਮੀਨਾ ਹਥਿਆਉਣ ਦੀ ਖੁੱਲ ਦਿੱਤੀ ਜਾ ਸਕੇ । 60ਵਿਆ ਵਿੱਚ ਵਿਦੇਸੀ ਹਰੀ ਕ੍ਰਾਂਤੀ ਮੈਕਸੀਕੋ (ਅਮਰੀਕਾ) ਦਾ ਮਾਡਲ ਪੇਸ ਕੀਤਾ । ਜਿਸ ਨਾਲ ਪਾਣੀ ਤੇ ਪਦਾਰਥਾ ਵਿੱਚ ਘੁਲੇ ਜਹਿਰ ਕਾਰਨ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਦੀ ਆਮਦ ਹੋਈ । ਉਂਜ ਕੀਟ-ਨਾਸਕ ਤੇ ਝਾੜ ਵਧਾਊ ਦਵਾਈਆ ਨਾਲ ਪਹਿਲਾ ਹੀ ਅਰਬਾ-ਖਰਬਾਂ ਤੇ ਮੋਜੂਦਾ ਸਮੇ ਵੀ ਸਿਰਫ 10 ਪੈਸਟੀਸਾਈਡ ਕੰਪਨੀਆ ਨੇ 2020 ਵਿੱਚ 57036 ਕਰੌੜ ਦਾ ਮੁਨਾਫਾ ਕਮਾਇਆ ।

ਦੇਸ ਦੀ ਵੰਡ ਤੋ ਬਾਅਦ ਉਜਾੜੇ ਦੇ ਜਖਮਾ ਨੇ ਜਿੱਥੇ ਲੋਕਾ ਦੇ ਮਨਾ ਅੰਦਰ ਡੂੰਘੀ ਠੇਸ ਪਹੁਚਾਈ ਹੈ । ਉਥੇ ਹੀ ਉਹਨਾ ਨੂੰ ਇਕ ਦੂਜੇ ਦੀ ਮੱਦਦ ਲਈ ਵੀ ਹਲੂਣਿਆ । ਇਸ ਵਿੱਚ ਵਿਚਾਲੇ ਦੀ ਮਨੋਦਸਾ ਦਾ ਫਾਇਦਾ ਉਠਾਉਣ ਲਈ ਪੂਜੀਵਾਦੀ ਸਮਾਜ ਦੇ ਪੈਰੋਕਾਰ ਉਸ ਸਮੇ ਵੀ ਤਿਆਰ ਹੀ ਬੈਠੇ ਸਨ । ਜਿਹਨਾ ਬਾਅਦ ਵਿੱਚ ਹਰੀ ਕ੍ਰਾਤੀ ਵਰਗੇ ਵਿਦੇਸੀ ਮਾਡਲ ਦੇ ਨੁਕਸਾਨ ਛੁਪਾ ਸਿਰਫ ਫਾਇਦੇ ਦੇ ਸਬਜਬਾਗ ਦਿਖਾ ਕੇ ਲੀਕੋ ਹਟ ਕੇ ਖੇਤੀ ਕਰਨ ਲਈ ਪ੍ਰੇਰਿਆ ।

ਨਵੀਆ ਦਿਸ਼ਾਵਾ ਨੇ ਰਵਾਇਤੀ ਖੇਤੀ ਅਤੇ ਸਹਿਕਾਰਤਾ ਲਹਿਰ ਨੂੰ ਖਤਮ ਕਰ ਦਿੱਤਾ । ਕਿਸਾਨੀ ਲਈ ਮੁਨਾਫੇ ਦੇ ਕਾਰਨ ਪਿੱਛੇ ਮੁੜਨਾ ਨਾਮੁਕਨ ਹੈ । ਪਰ ਪੰਜਾਬ ਦੀ 1947 ਤੋ ਬਾਅਦ ਵਾਲੀ ਸਹਿਕਾਰਤਾ ਲਹਿਰ ਨੂੰ ਭੁਲਾਇਆ ਨਹੀ ਜਾ ਸਕਦਾ । ਭਾਂਵੇ ਅਸੀ ਉਹਨਾ ਵੇਲਿਆ ਨੂੰ ਵਾਪਿਸ ਨਹੀ ਲਿਆ ਸਕਦੇ ਉਹ ਇਕ ਸਿੱਧਾ ਸਾਧਾ ਮਾਡਲ ਸੀ । ਜਦੋ ਲੋਕੀ ਬਿਨਾ ਕਿਸੇ ਲੋਭ ਲਾਲਚ ਦੇ ਮਿਲ ਕੇ ਖੇਤਾ ਵਿੱਚ ਫਸਲ ਬੀਜਣੀ ,ਪਾਲਣੀ ,ਵੱਡਣੀ ,ਕੱਢਣੀ ਤੇ ਘਰ ਪਹਚਾਉਣ ਤੋ ਇਲਾਵਾ ਸਾਂਭਣ ਦਾ ਕੰਮ ਵੀ ਸਾਂਝੀ ਮੇਹਨਤ ਨਾਲ ਕਰਦੇ । ਵਿਆਹ ਸਾਦੀ ਦੇ ਸਮੇ ਸੀਧਾ ਪੱਤਾ ਜਿਵੇ ਚੀਨੀ ,ਘਿਉ ,ਆਟਾ ਤੇ ਦੁੱਧ ਦਾ ਡੋਲੂ ਡੋਲੂ ਇਕੱਠਾ ਕਰ ਕੜਾਹੇ ਭਰ ਦਿੰਦੇ । ਇਥੋ ਤੱਕ ਹਲਵਾਈ ਦੇ ਸਮਾਨ , ਮੰਜੇ - ਬਿਸਤਰੇ ਤੇ ਆਏ ਮੇਲ ਦੇ ਖਾਣੇ ਤੇ ਸੋਣ ਦੇ ਪ੍ਰਬੰਧ ਦੀ ਜਿਮੇਵਾਰੀ ਲੈ ਕੇ ਘਰਦਿਆ ਨੂੰ ਮੁੱਖ ਰਸਮਾਂ ਨਿਭਾਉਣ ਅਤੇ ਤਿਆਰੀ ਕਰਨ ਵਾਸਤੇ ਵਾਧੂ ਸਮਾ ਦਿੰਦੇ । ਨਾ ਹੀ ਅੱਜ ਵਾਂਗ ਪਿੰਡ ਵਿੱਚ ਕਿਸੇ ਦੇ ਸੰਸਕਾਰ ਲਈ ਲੱਕੜਾ ਦੀ ਟਰਾਲੀ ਟਾਲ ਤੋ ਅਉਦੀ ਸੀ ਸਗੋ ਲੋਕ ਜਾਤ-ਪਾਤ ,ਧਰਮ ਤੇ ਊਚ--ਨੀਚ ਤੋ ਉਪਰ ਉਠ ਕੇ ਪਿੰਡ ਵਿਚੋ ਹੀ ਲੱਕੜਾ ਇਕੱਠੀਆ ਕਰਦੇ ਸਨ । ਜਦੋ ਕਿ ਸ਼ਹਿਰਾ ਵਿੱਚ ਤਾ ਅੱਜ ਵੀ ਗੁਆਢੀਆ ਨੂੰ ਸੰਸਕਾਰ ਤੋ ਚੰਦ ਮਿੰਟ ਪਹਿਲਾ ਹੀ ਪਤਾ ਚਲਦਾ ਹੈ ।

ਟਰੈਕਟਰ ਦਾ ਖੇਤੀ ਵਿੱਚ ਵੱਡੇਰੇ ਯੋਗਦਾਨ ਹੈ ।1947 ਵਿਚ ਕੇਂਦਰ ਤੇ ਰਾਜਾ ਦੇ ਸਾਝੇ ਖੇਤੀ ਸੰਗਠਨ ਬਣੇ । ਜਿਸ ਅਧੀਨ ਟ੍ਰੈਕਟਰ ਵਰਤਣ ਦੀ ਯੋਜਨਾ ਉਲੀਕੀ । 1951 ਵਿਚ 8500 ,1955 ਵਿੱਚ 20000 ਤੇ 1960 ਵਿੱਚ 37000 ਵਿਦੇਸ਼ਾ ਤੋ ਖਰੀਦੇ । 1961 ਵਿੱਚ ਭਾਰਤ ਦੀਆ ਪੰਜ ਕੰਪਨੀਆ ਆਈਸਰ ,ਗੁਜਰਾਤ ਟ੍ਰੈਕਟਰਜ ,ਟੇਫੈ ,ਇਸਕੋਰਟ ਤੇ ਐਮ ਐਂਡ ਐਮ ਨੇ ਘਰੇਲੂ ਉਤਪਾਦ ਸੁਰੂ ਹੋਇਆ । ਪਲੇਠੇ ਸੀਜਨ ਵਿੱਚ 880 ਤੇ 1965 ਵਿੱਚ 5000 ਹਜਾਰ ਸਲਾਨਾ ਟ੍ਰੈਕਟਰ ਤਿਆਰ ਕਰਨ ਲੱਗੇ । 70ਵੇ ਵਿੱਚ ਕ੍ਰਿਲੋਸਕਰ ,ਹਰਸਾ ਤੇ ਐਚ.ਐਮ.ਟੀ ਨੇ ਵਿਦੇਸੀ ਕੰਪਨੀਆ ਨਾਲ ਸ਼ਾਂਝ ਪਾ ਕੇ ਵੱਡੇ ਯੂਨਿਟ ਸਥਾਪਤ ਕੀਤੇ । ਭਾਰਤ ਵਿੱਚ ਇਸ ਦੀ ਤਰੱਕੀ ਨੂੰ ਦੇਖਦਿਆ ਅੰਤਰਰਾਸਟਰੀ ਕੰਪਨੀਆ ਜਿਵੇ ਜੋਨ ਧੀਰਾ ,ਫੋਰਸ ,ਨਿਉ ਹੋਲੈਂਡ ਤੇ ਫੋਰਡ ਨੇ ਵੀ ਆਪਣਾ ਕਾਰੋਬਾਰ ਸੁਰੂ ਕਰ ਦਿੱਤਾ । ਇਕੱਲੇ ਭਾਰਤ ਨੇ 2013 ਵਿੱਚ 619000 ਟ੍ਰੈਕਟਰ ਤਿਆਰ ਕੀਤੇ ਜੋ ਪੂਰੀ ਦੁਨੀਆ ਦਾ 29 ਪ੍ਰਤੀਸਤ ਬਣਦਾ ਹੈ ।16-17 ਸਾਲ ਦੀ ਘਰੇਲੂ ਉਤਪਾਦ 18.2 ਪ੍ਰਤੀਸਤ ਰਿਹਾ । ਅੱਜ ਮਹਿੰਦਰਾ ਅਤੇ ਮਹਿੰਦਰਾ ਵਰਗੀ ਭਾਰਤੀ ਕੰਪਨੀ ਨੇ ਅਮਰੀਕਾ ਦੀ ਜੌਨ ਧੀਰਾ ਕੰਪਨੀ ਖਰੀਦ ਕੇ ਚੀਨ ,ਨੌਰਥ ਅਮਰੀਕਾ ਤੇ ਅਸਟ੍ਰੇਲੀਆ ਵਰਗੇ ਵਿਦੇਸਾ ਵਿੱਚ ਦੇਸ ਦੀ ਝੰਡਾ ਬੁਲੰਦ ਕੀਤਾ । ਟ੍ਰੈਕਟਰ ਨਿਰਮਾਤਾ ਐਸੋਸੀਏਸਨ ( ਟੀ.ਐਮ.ਏ )ਅਨੁਸਾਰ ਅਪ੍ਰੈਲ 2019 ਤੋ ਮਾਰਚ 2020 ਤੱਕ ਭਾਰਤ ਵਿੱਚ ਕੁਲ 709005 ਵੈਚੇ ਗਏ । ਮੌਜੂਦਾ ਸਮੇ ਭਾਰਤ ਵਿੱਚ 21 ਕੰਪਨੀਆ ਕਾਰਜ ਕਰ ਰਹੀਆ ਹਨ । ਇਸ ਦੇ ਵਾਧੇ ਵਿੱਚ ਵੀ ਬੜੇ ਕ੍ਰਾਂਤੀਕਾਰੀ ਬਦਲਾਉ ਆਏ । ਭਾਂਵੇ 1960--61 ਵਿੱਚ ਭਾਰਤ ਵਿੱਚ 1000 ਏਕੜ ਪਿੱਛੇ 7 ਟ੍ਰੈਕਟਰ ਹੀ ਸਨ । ਜਿਹੜੇ 1998-99 ਵਿੱਚ 96 ਹੋ ਗਏ ਤਾਜਾ ਸਥਿਤੀ ਦੇ ਮੁਤਾਬਕ ਅੱਜ ਦੇਸ ਵਿੱਚ 22 ਏਕੜ ਤੇ ਪੰਜਾਬ ਵਿੱਚ ਤਾ 5 ਏਕੜ ਮਗਰ ਇਕ ਟ੍ਰੈਕਟਰ ਮੋਜੂਦ ਹੈ । ਪਰ ਵਿਡੰਬਨਾ ਇਹ ਹੈ ਕਿ ਵਰਤੋ ਸਲਾਨਾ 450 ਘੰਟੇ ਹੀ ਹੁੰਦੀ ਹੈ ਜਦੋ ਕਿ ਖੇਤੀ ਮਾਹਿਰਾ ਦੇ ਮੁਤਾਬਕ ਚੰਗੇ ਨਤੀਜੇ ਵਾਸਤੇ ਇਹ ਘੰਟੇ 1000 ਸਲਾਨਾ ਵਿੱਚ ਤਬਦੀਲ ਕਰਨੇ ਜਰੂਰੀ ਹਨ । ਇਸ ਦੀ ਸਹੂਲਤਾ ਦੱਸ ਕੰਪਨੀਆ ਨੇ ਵੇਚ ਦਰ ਕੇ ਵਧਾ ਦਿੱਤੀ । ਜਿਸ ਸਦਕਾ ਆਮਦਨ ਵਿੱਚ ਜਰੂਰ ਵਾਧਾ ਹੋਇਆ । ਪਰ ਸਾਲ 2000 ਤੋ ਬਾਅਦ ਖੇਤੀ ਜਮੀਨਾ ਦੀ ਵੇਚ ਵੱਟਤ ਤੇ ਸਰਕਾਰੀ ਨੀਤੀਆ ਦੇ ਚਲਦਿਆ ਖੇਤੀ ਹੇਠ ਰਕਬਾ ਘਟਣ ਲੱਗਾ ਤੇ ਪੈਦਾਵਾਰ ਦੀ ਵਧੀ ਕੀਮਤ ਨਾਲ ਆਮ ਜਨਤਾ ਉਪਰ ਮਾਰੂ ਪ੍ਰਭਾਵ ਪਿਆ । ਆਸਮਾਨ ਛੂਹਦੀਆ ਜਮੀਨੀ ਕੀਮਤਾ ਨੇ ਪੰਜਾਬੀਆ ਦੇ ਸੱਭਿਆਚਾਰ ,ਆਰਥਿਕ ਤੇ ਸਮਾਜਿਕ ਤੌਰ ਤੇ ਉਹਨਾ ਦੇ ਜੀਵਨ ਦੀ ਦਸਾ ਤੇ ਦਿਸਾ ਹੀ ਬਦਲ ਦਿੱਤੀ ।1960 ਤੱਕ ਜਿਆਦਾਤਰ ਖੇਤੀ ਬਲਦਾ, ਪ੍ਰੰਰਾਗਤ ਛੰਦਾ ਤੇ ਟਿੰਡਾ ਵਾਲੇ ਖੂਹ ਦੇ ਸਹਾਰੇ ਹੀ ਹੁੰਦੀ । 70-80 ਤੱਕ ਤਾ ਕਿਧਰੇ ਬਲ਼ਦਾ ਤੇ ਰਵਾਇਤੀ ਖੇਤੀ ਸੰਦਾ ਦੇਖਣ ਨੂੰ ਮਿਲ ਹੀ ਜਾਦੇ ਸਨ । ਪਰ 90 ਦੇ ਦਸਕ ਵਿੱਚ ਆ ਕੇ ਤਾ ਇਹ ਅਲੋਪ ਹੀ ਹੋ ਗਏ



ਰਵਿੰਦਰ ਧਾਲੀਵਾਲ
adv.dhaliwal@gmail.com

# ਕਿਸਾਨ ਸੰਘਰਸ:ਸਰਕਾਰ ਦੀ ਨੀਅਤ ਮਾੜੀ

ਦਿੱਲੀ ਦੀਆਂ ਬਰੂਹਾਂ ਤੇ ਬੈਠਿਆਂ ਕਿਸਾਨਾਂ ਨੂੰ ਤਕਰੀਬਨ ਡੇਢ ਮਹੀਨੇ ਤੋ ਉੱਪਰ ਹੋ ਗਿਆ ਹੈ। ਹਾਲ ਹੀ ਵਿਚ ਕੇਂਦਰ ਸਰਕਾਰ ਤੇ ਕਿਸਾਨਾਂ ਦਰਮਿਆਨ ਅੱਠਵੇਂ ਗੇੜ ਦੀ ਮੀਟਿੰਗ ਬੇਸਿੱਟਾ ਰਹੀ। ਹੁਣ 15 ਜਨਵਰੀ ਨੂੰ ਕਿਸਾਨਾਂ ਨੂੰ ਮੁੜ ਮੀਟਿੰਗ ਲਈ ਸੱਦਿਆ ਗਿਆ ਹੈ ।ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਲੋਹੜੀ ਦੇ ਤਿਉਹਾਰ ਤੇ ਭੁੱਗੇ ਦੇ ਰੂਪ ਵਿੱਚ ਤਿੰਨੇ ਮਾਰੂ ਖੇਤੀ ਕਾਨੂੰਨਾ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ। 7 ਜਨਵਰੀ ਨੂੰ ਦਿੱਲੀ ਦੀਆਂ ਬਰੂਹਾਂ ਤੇ ਟਰੈਕਟਰ ਮਾਰਚ ਕੱਢਿਆ ਗਿਆ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ 26 ਜਨਵਰੀ ਨੂੰ ਦਿੱਲੀ ਦੇ ਅੰਦਰ ਵੜ ਕੇ ਟਰੈਕਟਰ ਪਰੇਡ ਕੀਤੀ ਜਾਵੇਗੀ।



ਹਜੇ ਵੀ ਮੋਦੀ ਸਰਕਾਰ ਹੋਰ ਸੂਬਿਆਂ ਵਿੱਚ ਖੇਤੀ ਬਿੱਲਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰ ਰਹੀ ਹੈ ।ਤੇ ਉਨ੍ਹਾਂ ਨੂੰ ਬਿੱਲਾਂ ਦੀਆਂ ਕਾਪੀਆਂ ਵੰਡ ਰਹੀ ਹੈ। ਕੇਂਦਰੀ ਖੇਤੀ ਮੰਤਰੀ ਨੇ ਦਾਅਵਾ ਵੀ ਕੀਤਾ ਹੈ ਕਿ ਹੋਰ ਸੂਬਿਆਂ ਦੇ ਕਿਸਾਨਾਂ ਵੱਲੋਂ ਇਨ੍ਹਾਂ ਬਿੱਲਾਂ ਦੀ ਹਮਾਇਤ ਕੀਤੀ ਜਾ ਰਹੀ ਹੈ ।ਕੇਂਦਰੀ ਵਜਾਰਤ ਵੱਲੋਂ ਵਾਰ ਵਾਰ ਕਿਸਾਨਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਅਸੀਂ ਕਾਨੂੰਨ ਵਿਚ ਸੋਧ ਕਰਨ ਲਈ ਤਿਆਰ ਹਾਂ। ਕਿਸਾਨ ਮਾਰੂ ਖੇਤੀ ਬਿੱਲਾਂ ਨੂੰ ਰੱਦ ਕਰਵਾਉਣ ਲਈ ਅੜੇ ਹੋਏ ਹਨ। ਪਰ ਕੇਂਦਰ ਸਰਕਾਰ ਬਿੱਲਾਂ ਨੂੰ ਰੱਦ ਕਰਨ ਦੇ ਮੂਡ ਵਿੱਚ ਨਹੀਂ ਹੈ। ਕਿਸਾਨਾਂ ਨੇ ਦਾਅਵਾ ਕੀਤਾ ਹੈ ਕਿ ਪਹਿਲਾਂ ਹੀ ਪੰਜਾਬ ਵਿੱਚ ਕਿਸਾਨ ਖੁਦਕੁਸੀਆਂ ਵੱਧ ਰਹੀਆਂ ਹਨ ।ਅਜਿਹੇ ਹਲਾਤਾਂ 'ਚ ਜੇ ਨਵੇਂ ਕਾਨੂੰਨ ਲਾਗੂ ਕਰ ਦਿੱਤੇ ਗਏ ਤਾਂ ਮਹਿੰਗਾਈ, ਬੇਰੁਜਗਾਰੀ ਅਤੇ ਗਰੀਬੀ ਵਧੇਗੀ। ਖੁਦਕੁਸੀਆਂ ਵਿਚ ਹੋਰ ਵੀ ਵਾਧਾ ਹੋਵੇਗਾ ।ਕੇਂਦਰ ਸਰਕਾਰ ਨੂੰ ਦੇਸ ਦੇ ਲੋਕਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਕਿਸਾਨਾਂ ਦੇ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ ।ਸਰਕਾਰ ਦੇ ਵਜੀਰ ਬਾਰ ਬਾਰ ਇਹ ਗੱਲ ਦੂਹਰਾ ਰਹੇ ਹਨ ਕਿ ਇਹ ਤਾਂ ਕਿਸਾਨਾਂ ਦੇ ਹੱਕ ਚ ਹਨ ।ਇਨ੍ਹਾਂ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ । ਕਿਸਾਨ ਆਜਾਦ ਹੋ ਗਿਆ ਹੈ।

ਭਾਜਪਾ ਆਗੂਆਂ ਵੱਲੋਂ ਕਿਸਾਨਾਂ ਨੂੰ ਮਾਓਵਾਦੀ ,ਚੀਨ ਸਮਰਥਕ ,ਖਾਲਿਸਤਾਨੀ ,ਆਦਿ ਸਬਦਾਵਲੀ ਵਰਤ ਕੇ ਕਿਸਾਨਾਂ ਦੇ ਦਿਲਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ ।ਜਥੇਬੰਦੀਆਂ ਦਾ ਕਹਿਣਾ ਹੈ ਕਿ ਅੰਦੋਲਨ ਦੌਰਾਨ ਆਪਣੀ ਜੀਂਦਗੀ ਗੁਆਉਣ ਵਾਲਿਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ ਤੇ ਕੇਂਦਰ ਸਰਕਾਰ ਨੂੰ ਇਸ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪਵੇਗੀ ।ਕਿਸਾਨਾਂ ਨੇ ਸਾਫ-ਸਾਫ ਕੇਂਦਰ ਸਰਕਾਰ ਨੂੰ ਕਹਿ ਦਿੱਤਾ ਹੈ ਕਿ ਜਦੋਂ ਤੱਕ ਇਹ ਕਾਨੂੰਨ ਰੱਦ ਨਹੀ ਹੋ ਜਾਂਦੇ, ਉਦੋਂ ਤੱਕ ਇਹ ਸੰਘਰਸ ਜਾਰੀ ਰਹੇਗਾ। ਓਧਰ ਬਰਤਾਨੀਆ ਵਿੱਚ ਵੀ ਸੋ ਸੰਸਦ ਮੈਂਬਰਾਂ ਨੇ ਇਸ ਸੰਘਰਸ ਸਬੰਧੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਹਸਤਾਖਰ ਕਰਕੇ ਮੰਗ ਪੱਤਰ ਦਿੱਤਾ ਹੈ। ਹੁਣ ਇਸ ਅੰਦੋਲਨ ਦੀ ਗੂੰਜ ਪੂਰੇ ਵਿਸਵ ਤੱਕ ਫੈਲ ਚੁੱਕੀ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ**



# ਕਿਸਾਨ ਅੰਦੋਲਨ : ਟਰਾਲੀਆਂ ਆਉਂਦੀਆਂ ਨੇ

ਟਰੈਕਟਰ ਟਰਾਲੀਆਂ ਨਾਲ ਮੇਰਾ ਮੋਹ ਕਦੇ ਨਹੀਂ ਸੀ ਪਿਆ। ਸ਼ਾਇਦ ਇਸ ਕਰਕੇ ਵੀ, ਕਿ ਮੇਰਾ ਵਾਹ ਪਿੰਡਾਂ ਨਾਲ ਨਹੀਂ ਪਿਆ ਅਤੇ ਕਿਰਸਾਨੀ ਜੀਵਨ ਨਾਲ ਤਾਂ ਬਿਲਕੁੱਲ ਨਹੀਂ। ਗੁਰਬਾਣੀ ਜਾਂ ਗੁਰ ਇਿਹਤਾਸ ਪੜ੍ਹਦੇ ਕਿਸਾਨ ਦੇ ਜੀਵਨ ਬਾਰੇ ਮਾੜੀ ਮੋਟੀ ਜਾਣਕਾਰੀ ਜ਼ਰੂਰ ਸੀ। ਇਹ ਵੀ ਸੱਚ ਹੈ ਕਿ, ਮੇਰਾ ਮੋਹ ਜ਼ਰੂਰ ਪਿੰਡਾਂ ਨਾਲ ਜੁੜਿਆ ਰਿਹਾ ਹੈ। ਆਪਣੇ ਮਾਸੀ ਦੇ ਪਿੰਡ ਨੌਸ਼ਹਿਰਾ ਢਾਲਾ, ਭੂਆ ਦਾ ਪਿੰਡ ਗਉਂਸਪੁਰਾ/ਉਮਰਪੁਰਾ ਦੱਸਵੀਂ ਜਮਾਤ ਤੋਂ ਪਹਿਲਾਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਬੜੇ ਚਾਵਾਂ ਨਾਲ ਜਾਂਦਾ ਰਿਹਾ। ਇਹ ਨਹੀਂ ਕਿ ਮੈਂ ਸ਼ਹਿਰੀ ਹਾਂ, ਪੱਟੀ ਇੱਕ ਕਸਬਾਨੁਮਾ ਇਲਾਕਾ ਹੈ, ਆਲੇ ਦੁਆਲੇ ਬਹੁਤ ਸਾਰੇ ਪਿੰਡ ਨੇ, ਅਤੇ ਪਿੰਡਾਂ ਦੇ ਖੁੱਲ੍ਹੇ ਡੁੱਲ੍ਹੇ ਸੁਭਾਅ ਦਾ ਅਸਰ ਮੇਰੇ ਤੇ ਪੂਰਾ ਰਿਹਾ ਹੈ।

ਖੈਰ! ਵਿਸ਼ੇ ਵੱਲ ਹੁੰਦੇ ਹਾਂ। ਟਰੈਕਟਰ-ਟਰਾਲੀ ਖੇਤਾਂ ਦੀ ਸ਼ਾਨ ਮੰਨੇ ਜਾਂਦੇ ਹਨ ਅਤੇ ਹੈ ਵੀ ਇਹ ਸੱਚ। ਬਲਦਾਂ ਦੇ ਜੋੜਿਆਂ ਤੋਂ ਟਰੈਕਟਰਾਂ ਤੱਕ ਪਹੁੰਚਾਉਣਾ ਹੀ ਮਸ਼ੀਨੀ ਯੁੱਗ ਦਾ ਕਮਾਲ ਸੀ। ਭਾਵੇਂ ਕਿ ਅਜੋਕੇ ਦੌਰ ਵਿੱਚ ਤਾਂ ਹੋਰ ਵੀ ਬਹੁਤ ਸਾਰੀਆਂ ਤਕਨੀਕਾਂ ਅਤੇ ਖੇਤੀ ਕਰਨੀ ਦੇ ਮਸ਼ੀਨੀ ਸਾਧਨ ਉਪੱਲਬਧ ਹੋ ਚੁੱਕੇ ਹਨ। ਸ਼ਹਿਰਾਂ ਵਿੱਚ ਸਜੇ ਹੋਏ ਸੁਹਣੇ ਸੁਹਣੇ ਟਰੈਕਟਰ ਟਰਾਲੀਆਂ ਤਾਂ ਖ਼ਾਸ ਤੌਰ ਤੇ ਗੁਰਪੁਰਬਾਂ ਮੌਕੇ ਕੱਢੇ ਜਾਣ ਵਾਲੇ ਨਗਰ ਕੀਰਤਨਾਂ ਵਿੱਚ ਹੀ ਦੇਖੇ ਜਾਂਦੇ ਹਨ। ਜਾਂ ਫਿਰ ਬਹੁਤ ਪੁਰਾਣੀ ਕਿਸਮ ਦੇ ਕਬਾੜ ਵਰਗੀਆਂ ਕੁੱਝ ਟਰਾਲੀਆਂ ਸ਼ਹਿਰਾਂ ਵਿੱਚ ਕਿਸੇ ਨਵੀਂ ਬਣ ਰਹੀ ਹੈ ਇਮਾਰਤ ਲਈ ਸਮਾਨ ਢੋਹੰਦੀ ਨਜ਼ਰ ਆਉਂਦੀ ਹੈ। ਇਸ ਤੋਂ ਜਿਆਦਾ ਇਸਦੇ ਫਾਇਦੇ ਤੇ ਮੱਹਤਤਾ ਦਾ ਸ਼ਾਇਦ ਹੀ ਸ਼ਹਿਰੀਆਂ ਨੂੰ ਬਹੁਤਾ ਪਤਾ ਹੋਵੇ।

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਕਾਨੂੰਨਾਂ ਨੂੰ ਪੰਜਾਬੀ ਕਿਸਾਨਾਂ ਵੱਲੋਂ ਆਹਡਾ ਲਾਇਆ ਨੂੰ ਵੀ ਛੇ ਮਹੀਨੇ ਤੋਂ ਵੱਧ ਦਾ ਸਮਾਂ ਬੀਤ ਚੁੱਕਿਆ ਹੈ। ਇੱਕ ਸ਼ਕਤੀਸ਼ਾਲੀ ਵਿਰੋਧੀ ਪਾਰਟੀ ਨਾ ਹੋਣ ਕਰਕੇ ਮੌਜੂਦਾ ਹਾਕਮ ਆਪਣੇ ਆਪ ਨੂੰ ਤਾਨਾਸ਼ਾਹ ਸਮਝਦਾ ਹੈ ਅਤੇ ਇੱਕ ਧਰਮ ਨਿਰਪੱਖ/ਲੋਕਤੰਤਰੀ ਦੇਸ਼ ਵਿੱਚ ਇੱਕ ਰਾਸ਼ਟਰਵਾਦ ਦੇ ਨਾਂ ਹੇਠ ਘੱਟ ਗਿਣਤੀਆਂ ਨੂੰ ਹਾਸ਼ੀਏ ਵੱਲ਼ ਧੱਕਣ ਅਤੇ ਬਹੁਗਿਣਤੀ ਲੋਕਾਂ ਅੰਦਰ ਧਾਰਮਕ ਕੱਟੜਤਾ/ਫਿਰਕੂਵਾਦ ਰਾਹੀਂ ਆਪਣਾ ਭਵਿੱਖੀ ਰਾਜ ਭਾਗ ਸੰਭਾਲਣ ਦੇ ਸੁਪਨੇ ਲੈ ਰਿਹਾ ਹੈ। ਪਰ ਜਿਸ ਢੰਗ ਨਾਲ ਪੰਜਾਬ ਦੇ ਕਿਸਾਨਾਂ ਨੇ ਇਸ ਹਾਕਮ ਦੇ ਘੌੜੇ ਦੀ ਲਗਾਮ ਨੂੰ ਫੜ੍ਹ ਕੇ ਰੋਕਿਆ ਜਾ ਰਿਹਾ, ਉਸ ਨੂੰ ਪੂਰੀ ਦੁਨੀਆ ਦੇਖ ਰਹੀ ਹੈ।

26-27 ਨਵੰਬਰ ਤੋਂ ਦਿੱਲੀ ਵਿੱਚ ਟਰਾਲੀਆਂ ਦਾ ਜੋ ਗਾਹ ਪਾਇਆ ਅਤੇ ਟਰੈਕਟਰਾਂ ਨਾਲ ਪ੍ਰਸ਼ਾਸਨ ਦੇ ਲਗਾਏ ਬੈਰੀਗੇਟਾਂ ਨੂੰ ਚੱਕ ਕੇ ਪਿੱਛੇ ਕੀਤਾ, ਬਿਲਕੁੱਲ ਐਵੇਂ ਹੀ ਸੀ, ਜਿਵੇਂ ਇਤਿਹਾਸ ਵਿੱਚ ਨਾਦਰਸ਼ਾਹ, ਅਬਦਾਲੀ ਵਰਗਿਆਂ ਤੋਂ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਕੀਤਾ ਗਿਆ ਸੀ। ਮੈਂ ਇੱਕ ਹਫਤੇ ਤੋਂ ਵੱਧ ਦਾ ਸਮਾਂ ਇਸ ਮੋਰਚੇ ਵਿੱਚ ਬਤੀਤ ਕਰਕੇ ਆਇਆ ਅਤੇ ਹੁਣ ਫਿਰ ਵਾਪਸ ਜਾਣ ਦੀ ਤਿਆਰੀ ਹੈ ਅਤੇ ਇਸ ਮੌਕੇ ਚਾਰੇ ਪਾਸੇ ਟਰੈਕਟਰ-ਟਰਾਲੀਆਂ ਦੀ ਭਰਮਾਰ ਵੇਖਣ ਨੂੰ ਮਿਲੀ। ਇਤਿਹਾਸ ਪੜ੍ਹਦੇ ਸੀ ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਹੋਇਆ ਕਰਦੀਆਂ ਸੀ, ਪਰ ਅੱਜ ਮੌਜੂਦਾ ਮਸ਼ੀਨੀ ਘੋੜੇ ਟਰੈਕਟਰ ਟਰਾਲੀਆਂ ਵਿੱਚ ਸੱਚਮੁੱਚ ਦੇ ਘਰ ਬਣੇ ਦੇਖੇ। ਸਾਫ-ਸਫਾਈ ਵੱਲ ਖਾਸ ਧਿਆਨ ਰੱਖਿਆ ਜਾ ਰਿਹਾ ਹੈ ਤਾਂ ਕਿ ਗਮਦਗੀ ਵਗੈਰਾ ਫੈਲਣ ਨਾਲ ਕਿਸੇ ਕਿਸੇ ਦੀ ਮਹਾਮਾਰੀ ਇਸ ਅੰਦੋਲਨ ਨੂੰ ਫਿੱਕਾ ਨਾ ਕਰ ਦੇਵੇ। ਟਰਾਲੀਆਂ ਵਿੱਚ ਐਲ.ਈ.ਡੀ ਲਾਈਟਾਂ, ਮੋਬਾਇਲ ਚਾਰਜ ਕਰਨ ਦੀ ਸਹੂਲਤ, ਗੱਦੇ, ਰਜ਼ਾਈਆਂ ਆਦਿ ਬਜ਼ੁਰਗਾਂ ਦੇ ਆਰਾਮ ਕਰਨ ਲਈ ਵਿਛਾਏ ਹੋਏ ਹਨ। ਕੁੱਝ ਨੌਜਵਾਨਾਂ ਨੇ ਟਰਾਲੀਆਂਉਪੱਰ ਸੋਲਰ ਸਿਸਟਮ ਵੀ ਲਾਗਇਆ ਹੈ ਤਾਂ ਕਿ ਰਾਤ-ਬਰਾਤੇ ਬੱਤੀ ਜਾਣ ਤੇ ਬਜ਼ੁਰਗਾਂ ਜਾਂ ਆਂਡੀ-ਗੁਆਂਢੀਆਂ ਟਰਾਲੀ ਵਾਲਿਆਂ ਨੂੰ ਮੁਸ਼ਕਲ ਨਾ ਆਵੇ।

ਸਾਰਾ ਦਿਨ ਲੱਖਾਂ ਦੀ ਗਿਣਤੀ ਵਿੱਚ ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਸੂਬਿਆਂ ਤੋਂ ਸਰਕਾਰੀ ਨੀਤੀਆਂ ਤੋਂ ਸਤਾਏ ਕਿਸਾਨ ਅਤੇ ਕਿਸਾਨਾਂ ਦਾ ਸਮਰਥਣ ਕਰਨ ਲਈ ਲੋਕ ਆਉਂਦੇ ਹਨ ਜਾਂਦੇ ਹਨ। ਦਿਨ-ਰਾਤ ਇਹ ਆਉਣ-ਜਾਣ ਲੱਗਿਆ ਰਹਿੰਦਾ ਹੈ। ਉੱਥੇ ਸਮੁੱਚੇ ਪੰਜਾਬੀ-ਹਰਿਆਣਵੀ ਭਾਈਚਾਰੇ ਵੱਲੋਂ ਸੰਘਰਸ਼ੀ ਯੋਧਿਆਂ ਦੀਆਂ ਸਹੂਲਤਾਂ ਲਈ ਕੀਤੀਆਂ ਜਾ ਰਹੀਆਂ ਅਣੱਥਕ ਸੇਵਾਵਾਂ ਆਪਣੇ ਮਿਸਾਲ ਆਪ ਹਨ। ਪ੍ਰਸ਼ਾਦਾ, ਚਾਹ, ਦੁੱਧ ਅਤੇ ਹੋਰ ਖਾਣ-ਪੀਣ ਦੇ ਲੰਗਰਾਂ ਵਾਸਤੇ ਰਾਹਗੀਰਾਂ ਨੂੰ ਸਪੀਕਰ ਰਾਹੀਂ ਅਨਾਉਂਸਮੈਂਟ ਕਰਕੇ ਦੱਸਿਆ ਜਾਂਦਾ ਰਹਿੰਦਾ ਹੈ ਅਤੇ ਵੰਨ-ਸੁਵੰਨੇ ਭੋਜਨ ਛੱਕਣ ਦੀਆਂ ਅਪੀਲਾਂ ਸਟੇਜ ਤੇ ਪੁੱਜਣ ਤੋਂ 15 ਕਿਲੋਮੀਟਰ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ।

ਤਰਪਾਲਾਂ ਨਾਲ ਚੰਗੀ ਤਰ੍ਹਾਂ ਢੱਕੇ ਟਰੈਕਟਰ-ਟਰਾਲੀਆਂ ਤੇ ਚੜ੍ਹੀ ਨੌਜਵਾਨ, ਬਜ਼ੁਰਗ, ਬੱਚੇ, ਔਰਤਾਂ ਇਸ ਕਿਸਾਨੀ ਸੰਘਰਸ਼ ਵਿੱਚ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ। ਹਰੇਕ ਟਰੈਕਟਰ-ਟਰਾਲੀ ਤੋਂ ਮੌਜੂਦਾ ਸਮੇਂ ਦੇ ਸੰਘਰਸ਼ ਨੂੰ ਮੁੱਖ ਰੱਖਕੇ ਲਿਖੇ ਅਤੇ ਗਾਏ ਜਾ ਰਹੇ ਪੰਜਾਬ ਦੇ ਗਾਇਕਾਂ ਦੇ ਗੀਤ ਵੱਜ ਰਹੇ ਹੁੰਦੇ ਹਨ, ਜੋ ਹੋਰ ਵੀ ਰੋਹ ਅਤੇ ਜੋਸ਼ ਭਰਦੇ ਹਨ। ਕੀ ਵੇਖਦਾ ਹਾਂ ਕਿ, 'ਕੁੱਝ ਹੋਰ ਟਰੈਕਟਰਾਂ ਮਗਰ ਲੱਗੀਆਂ ਟਰਾਲੀਆਂ ਆ ਰਹੀਆਂ ਨੇ। ਉਨਾਂ ਤੇ ਕੋਈ ਵੀ ਕਿਸੇ ਕਿਸਮ ਦਾ ਸਪੀਕਰ ਜਾਂ ਗੀਤ ਨਹੀਂ ਚੱਲ ਰਿਹਾ ਹੁੰਦਾ ਐਸੀਆਂ ਟਰਾਲੀਆਂ ਜਿਨ੍ਹਾਂ ਤੇ ਕੇਵਲ ਦੋ ਨੌਜਵਾਨ ਚੜ੍ਹੇ ਹੁੰਦੇ ਹਨ, ਮੈਂ ਹੈਰਾਨ ਹੋ ਕੇ ਤੱਕਦਾ ਹਾਂ ਤਾਂ ਵਿੱਚੋਂ ਹੀ ਟਰੈਕਟਰ ਤੇ ਚੜ੍ਹਿਆ ਨੌਜਵਾਨ ਹੱਥ ਵਿੱਚ ਫੜ੍ਹੇ ਮਾਈਕ ਜਮ੍ਹਾਂ ਸਪੀਕਰ ਰਾਹੀਂ ਹੇਕ ਲਾਉਂਦਾ ਹੈ, 'ਭਾਈ! ਬਾਲਣ ਦੀ ਭਰੀ ਟਰਾਲੀ ਹੈ ਕਿਸੇ ਵੀ ਲੰਗਰ ਵਾਲੇ ਮਾਈ-ਭਾਈ ਨੂੰ ਗੁਰੂ ਦੇ ਲੰਗਰਾਂ ਲਈ ਬਾਲਣ ਚਾਹੀਦੈ ਤਾਂ ਟਰਾਲੀ ਨੇ ਨੇੜੇ ਆ ਜਾਉ ਭਾਈ!'

ਉਸਦੇ ਪਿੱਛੇ ਇੱਕ ਹੋਰ ਟਰੈਕਟਰ ਟਰਾਲੀ ਆ ਰਹੀ ਹੈ ਉਸਦਾ ਨਜ਼ਾਰਾ ਵੀ ਅੱਗੇ ਚੱਲ ਰਹੇ ਟਰੈਕਟਰ-ਟਰਾਲੀ ਵਾਲਾ ਹੀ ਹੈ, ਇਕ ਨੌਜਵਾਨ ਅਵਾਜ਼ਾ ਦਿੰਦਾ ਹੈ, 'ਭਾਈ! ਗੁਰੂ ਦੇ ਲੰਗਰਾਂ ਲਈ ਆਲੂ-ਪਿਆਜ਼ ਚਾਹੀਦੇ ਹੋਣ ਤਾਂ ਭਰੀ ਹੋਈ ਟਰਾਲੀ ਆਈ ਹੈ, ਟਰਾਲੀ ਦੇ ਨੇੜੇ ਆ ਕੇ ਲੈ ਜਾਉ।' ਸਾਰਾ ਦਿਨ ਉੱਥੇ ਇਸ ਤਰ੍ਹਾਂ ਦੀ ਵੀ ਸੈਂਕੜੇ ਟਰਾਲੀਆਂ ਆਉਂਦੀਆਂ ਹਨ, ਜਿਸ ਵਿੱਚ ਵਿਅਕਤੀ ਕੋਈ ਨਹੀਂ, ਪਰ ਕਿਸਾਨੀ ਸੰਘਰਸ਼ ਦਾ ਹਿੱਸਾ ਬਣੇ ਹਰ-ਵੱਡੇ ਛੋਟੇ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਸਮਾਨ ਲੱਦਿਆ ਹੁੰਦਾ ਹੈ। ਮੇਰਾ ਮਨ ਗਦਗਦ ਹੋ ਜਾਂਦਾ ਹੈ ਕਿ ਮੈਂ ਵੀ ਇਸ ਸੰਘਰਸ਼ ਦਾ ਹਿੱਸਾ ਹਾਂ। ਮੈਨੂੰ ਸ਼ਹਿਰ ਤੋਂ ਫੋਨ ਆਉਂਦਾ ਹੈ, ਭਾਜੀ! ਤੁਸੀਂ ਦਿੱਲੀ ਹੋ? ਮੈਂ ਹਾਂ ਵਿੱਚ ਜੁਆਬ ਦੇਣ ਲੱਗਿਆਂ ਗਿੱਠ ਗਿੱਠ ਮਾਣ ਨਾਲ ਉੱਚਾ ਹੋ ਜਾਂਦਾ ਹਾਂ। ਦੱਸਦਾ ਹਾਂ, ਭਾਵੇਂ ਮੈਂ ਕਿਸਾਨੀ ਜਾਂ ਕਿਸਾਨ ਪਰਵਾਰ ਨਾਲ ਸਬੰਧਿਤ ਨਹੀਂ ਹਾਂ, ਪਰ ਮੈਂ ਇਨਸਾਨ ਹਾਂ, ਇਨਸਾਨ ਦੇ ਜਿਉਂਦੇ ਰਹਿਣ ਲਈ ਭੋਜਨ ਦੀ ਲੋੜ ਹੁੰਦੀ ਹੈ, ਜਿਸ ਲਈ ਅੰਨ ਕਿਸਾਨ ਪੈਦਾ ਕਰਦਾ ਹੈ, ਇਸ ਲਈ ਮੈਂ ਆਪਣਾ ਫਰਜ਼ ਸਮਝਦੇ ਹੋਏ ਦਿੱਲੀ ਪਹੁੰਚ ਗਿਆ ਹਾਂ।

ਆਓ! ਇਸ ਕਿਸਾਨੀ ਅੰਦੋਲਨ, ਕਿਸਾਨੀ ਸੰਘਰਸ਼ ਦਾ ਹਿੱਸਾ ਬਣੀਏ। ਕਿਸਾਨੀ ਬਚਾਈਏ, ਪੰਜਾਬ ਬਚਾਈਏ। ਗੁਰੂ ਰਾਖਾ!

**ਇਕਵਾਕ ਸਿੰਘ ਪੱਟੀ, ਅੰਮ੍ਰਿਤਸਰ ਸਾਹਿਬ।**







# ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨੀ ਤੇ ਇੱਕ ਸੰਖੇਪ ਝਾਤ

ਰਵਨਜੋਤ ਕੌਰ ਸਿੱਧੂ ਰਾਵੀ
ਜੱਬੋਵਾਲ ਸ਼ਹੀਦ ਭਗਤ ਸਿੰਘ ਨਗਰ

ਭੀਮ ਚੰਦ ਦੇ ਪੁੱਤਰ ਦੀ ਸ਼ਾਦੀ ਹੋ ਗਈ। ਗੱਭਰੂ ਤੇ ਵਹੁਟੀ ਬਿਲਾਸਪੁਰ ਭੇਜ ਦਿੱਤੇ ਗਏ। ਬਾਕੀ ਸਾਰੇ ਰਾਜੇ ਆਪਣੀਆਂ ਫੌਜਾਂ ਲੈ ਕੇ ਪਾਉਂਟਾ ਸਾਹਿਬ ਵੱਲ ਗੁਰੂ ਸਾਹਿਬ 'ਤੇ ਹਮਲਾ ਕਰਨ ਲਈ ਤੁਰ ਪਏ। ਜਿਹਨਾਂ ਰਾਜਿਆਂ ਨੇ ਇਸ ਜੰਗ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ, ਉਹ ਸਨ ਕਹਿਲੂਰ ਦਾ ਰਾਜਾ ਭੀਮ ਚੰਦ, ਗੜ੍ਹਵਾਲ ਦਾ ਰਾਜਾ ਫ਼ਤਹਿ ਸ਼ਾਹ, ਕਾਂਗੜੇ ਦਾ ਰਾਜਾ ਕ੍ਰਿਪਾਲ ਚੰਦ, ਮੰਡੀ ਦਾ ਰਾਜਾ ਬੀਰ ਸੈਨ, ਜਸਵਾਲ ਦਾ ਰਾਜਾ ਕੇਸਰੀ ਚੰਦ, ਕਾਠਗੜ੍ਹ ਦਾ ਰਾਜਾ ਦਿਆਲ ਚੰਦ, ਹਿੰਡੌਰ ਦਾ ਰਾਜਾ ਹਰੀ ਚੰਦ, ਭੰਬੋਰ ਦਾ ਰਾਜਾ ਕਰਮ ਚੰਦ ਅਤੇ ਸ਼ਿਮਲੇ ਦਾ ਰਾਜਾ ਲੱਛੂ ਚੰਦ, ਆਦਿ।ਭੰਗਾਣੀ ਦੀ ਜੰਗ 18 ਸਤੰਬਰ 1688 ਨੂੰ ਹੋਈ, ਜੋ ਗੁਰੂ ਗੋਬਿੰਦ ਸਿੰਘ ਜੀ ਵਲੋਂ ਲੜੀਆਂ ਚੌਦਾਂ ਜੰਗਾਂ ਵਿਚੋਂ ਪਹਿਲੀ ਜੰਗ ਸੀ। ਗੁਰੂ ਸਾਹਿਬ ਦੀ ਆਯੂ ਉਸ ਸਮੇਂ ਮਾਤਰ 21 ਸਾਲ ਸੀ। ਸੰਸਾਰ 'ਚ ਇਤਨੀ ਛੋਟੀ ਆਯੂ 'ਚ ਕੋਈ ਵੀ ਕਮਾਂਡਰ-ਇਨ-ਚੀਫ਼ ਨਹੀਂ ਬਣਿਆ। ਇਸ ਲੜਾਈ 'ਚ ਮਹੰਤ ਕ੍ਰਿਪਾਲ ਦਾਸ ਨੇ ਆਪਣੇ ਕੁਤਕੇ ਨਾਲ ਭਗੌੜੇ ਪਠਾਣ ਜਰਨੈਲ ਹਯਾਤ ਖ਼ਾਨ ਨੂੰ ਮਾਰ ਦਿੱਤਾ। ਅਨੇਕਾਂ ਸੈਨਿਕਾਂ ਸਮੇਤ ਰਾਜਾ ਹਰੀ ਚੰਦ ਵੀ ਮਾਰਿਆ ਗਿਆ।ਗੁਰੂ ਜੀ ਦੀ ਮਦਦ ਲਈ ਪੀਰ ਬੁਧੂ ਸ਼ਾਹ ਆਪਣੇ ਚਾਰ ਪੁੱਤਰਾਂ, ਦੋਹਾਂ ਭਰਾਵਾਂ ਅਤੇ 700 ਚੇਲਿਆਂ ਸਮੇਤ ਪਹੁੰਚੇ, ਗੁਰੂ ਜੀ ਦੀ ਭੂਆ ਵੀਰੋ ਦੇ ਪੰਜ ਪੁੱਤਰ ਜੀਤ ਮੱਲ, ਸੰਗੋ ਸ਼ਾਹ, ਮੋਹਰੀ ਚੰਦ, ਗੁਲਾਬ ਰਾਇ ਅਤੇ ਗੰਗਾ ਰਾਮ ਨੇ ਵੀ ਸਾਥ ਦਿੱਤਾ, ਮਾਮਾ ਕ੍ਰਿਪਾਲ ਚੰਦ ਤੇ ਬਨਾਰਸ ਤੋਂ ਚਲਿਆ ਸਿੱਖ ਭਾਈ ਰਾਮ ਜੀ ਵੀ ਭਾਰੀ ਤੋਪ ਤੇ ਹੋਰ ਜੰਗੀ ਸਮਾਨ ਲੈ ਕੇ ਜੱਥੇ ਸਮੇਤ ਆਇਆ, ਆਦਿ। ਜਿਸ ਵਿੱਚ ਬੀਬੀ ਵੀਰੋ ਜੀ ਦੇ ਦੋ ਪੁੱਤਰ (ਸੰਗੋ ਸ਼ਾਹ ਤੇ ਜੀਤ ਮੱਲ), ਪੀਰ ਬੁੱਧੂ ਸ਼ਾਹ ਜੀ ਦੇ ਦੋ ਪੁੱਤਰ (ਸੱਯਦ ਅਸ਼ਰਫ ਤੇ ਸੱਯਦ ਮੁਹੰਮਦ ਸ਼ਾਹ) ਸਮੇਤ ਕਈ ਸੈਨਿਕ ਸ਼ਹੀਦ ਹੋ ਗਏ ਜਿਨ੍ਹਾਂ ਨੂੰ ਗੁਰੂ ਜੀ ਨੇ ਆਪਣੀ ਹੱਥੀਂ ਦਫਨ ਕੀਤਾ। ਭੰਗਾਣੀ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਾਬਤ ਕਰ ਦਿੱਤਾ ਕਿ 'ਧਰਮ' ਨਾ ਧੱਕੇ ਅਤੇ ਨਾ ਕਮਜ਼ੋਰੀ ਦਾ ਹੀ ਨਾਮ ਹੈ।ਆਪ 27 ਅਕਤੂਬਰ, 1688 ਦੇ ਦਿਨ, ਪਾਉਂਟਾ ਸਾਹਿਬ ਤੋਂ ਚੱਲੇ ਅਤੇ ਕਪਾਲ ਮੋਚਨ, ਲਾਹੜਪੁਰ, ਟੋਕਾ, ਦਾਬਰਾ, ਰਾਣੀ ਦਾ ਰਾਏਪੁਰ, ਢਕੌਲੀ, ਨਾਢਾ, ਮਨੀਮਾਜਰਾ, ਕੋਟਲਾ ਨਿਹੰਗ, ਘਨੌਲਾ, ਬੁੰਗਾ, ਅਟਾਰੀ, ਕੀਰਤਪੁਰ, ਆਦਿ ਹੁੰਦੇ ਹੋਏ, ਨਵੰਬਰ ਦੇ ਅੱਧ ਵਿਚ, ਚੱਕ ਨਾਨਕੀ ਹੁਣ ਅਨੰਦਪੁਰ ਸਾਹਿਬਪਹੁੰਚ ਗਏ।ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਕਾਲ ਬਹੁਤ ਲੰਬਾ ਨਹੀਂ ਸੀ ਪ੍ਰੰਤੂ ਉਹ ਘਟਨਾਵਾਂ ਨਾਲ ਇੰਨਾ ਭਰਪੂਰ ਹੈ ਕਿ ਉਨ੍ਹਾਂ ਨੂੰ ਸਾਇਦ ਹੀ ਕਿਤੇ ਅਰਾਮ ਮਿਲਿਆ ਹੋਵੇ। ਨੇਕੀ ਨੂੰ ਬਚਾਉਣਾ ਅਤੇ ਬਦੀ ਨੂੰ ਨਸ਼ਟ ਕਰਨਾ ਹੀ ਉਹਨਾਂ ਦੇ ਜੀਵਨ ਦਾ ਮਨੋਰਥ ਸੀ। ਇਸ ਮਨੋਰਥ ਦੀ ਪੂਰਤੀ ਲਈ ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਸੈਨਿਕ, ਇਖਲਾਕੀ ਅਤੇ ਜਜਬਾਤੀ ਤੌਰ ਤੇ ਤਿਆਰ ਕੀਤਾ।ਡੇਢ ਸਾਲ ਪਿੱਛੋਂ ਗੁਰੂ ਜੀ ਨੇ ਨਦੌਣ ਦੇ ਯੁੱਧ ਵਿੱਚ ਭਾਗ ਲਿਆ ਅਤੇ ਮਹਾਨ ਹਮਲਾਵਰ ਅਲਫ ਖਾਂ ਦੇ ਵਿਰੁੱਧ ਰਾਜਾ ਭੀਮ ਚੰਦ ਤੇ ਉਸ ਦੇ ਸਾਥੀਆਂ ਰਾਜਿਆਂ ਦੀ ਜਿੱਤ ਨੂੰ ਯਕੀਨੀ ਬਣਾਇਆ। ਇਸ ਤੋਂ ਜਾਪਦਾ ਹੈ ਕਿ ਗੁਰੂ ਜੀ ਦੀ ਭੀਮ ਚੰਦ ਨਾਲ ਕੋਈ ਦਿਲੀ ਈਰਖਾ ਕਦੇ ਨਹੀਂ ਰਹੀ। ਇਸ ਤੋਂ ਉਪਰੰਤ ਕਈ ਵਰ੍ਹਿਆਂ ਤੱਕ ਸ਼ਾਂਤੀ ਬਣੀ ਰਹੀ। ਅਗਸਤ 1695 ਈ. ਦੇ ਅੰਤ ਵਿੱਚ ਕਾਂਗੜੇ ਦੇ ਫੌਜਦਾਰ ਦਿਲਾਵਰ ਖਾ ਨੇ ਆਪਣੇ ਪੁੱਤਰ ਨੂੰ ਅਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ, ਜੋ ਲੜਾਈ ਅਰੰਭ ਹੋਣ ਤੋਂ ਪਹਿਲਾਂ ਹੀ ਵਾਪਸ ਭੱਜ ਗਿਆ।

ਖਾਲਸਾ ਪੰਥ ਦੀ ਸਾਜਣਾ:-

ਪੰਜ ਪਿਆਰਿਆਂ ਦੀ ਚੋਣ ਸੰਮਤ 1756 ਦੀ ਵੈਸਾਖੀ 30ਮਾਰਚ1699 ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ। ਇਸ ਕਾਰਜ ਲਈ ਇਹ ਦਿਨ ਚੋਖਾ ਚਿਰ ਪਹਿਲਾਂ, ਮਿੱਥਿਆ ਗਿਆ ਸੀ। ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਹਜ਼ਾਰਾਂ ਸਿੱਖ ਅਨੰਦਪੁਰ ਆ ਜੁੜੇ। ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਵਾਲੇ ਥਾਂ ਤੇ ਦੀਵਾਨ ਸਜਿਆ। ਤੰਬੂ ਤੇ ਕਨਾਤਾਂ ਲੱਗੀਆਂ ਹੋਈਆਂ ਸਨ। ਕੀਰਤਨ ਹੋ ਰਿਹਾ ਸੀ, ਸ੍ਰੀ ਕਲਗੀਧਰ ਦਸਮੇਸ਼ ਜੀ ਕਿਸੇ ਰੰਗ ਤੇ ਮੌਜ ਵਿੱਚ ਜਾਪਦੇ ਸਨ। ਕੀਰਤਨ ਦਾ ਭੋਗ ਪਿਆ ਤਾਂ ਸ੍ਰੀ ਕਲਗੀਧਰ ਦਸਮੇਸ਼ ਜੀ ਖੜੇ ਹੋ ਗਏ, ਗੁਰੂ ਜੀ ਨੇ ਕਿਰਪਾਨ ਸੂਤ ਲਈ ਅਤੇ ਜੋਸ਼ ਭਰੀਆਂ ਲਾਲ ਦਗ -ਦਗ ਕਰਦੀਆਂ ਅੱਖੀਆਂ ਨਾਲ ਸੰਗਤਾਂ ਵੱਲ ਕਿਰਪਾਨ ਸਿਰੋਂ ਉੱਚੀ ਹਵਾ ਵਿੱਚ ਹਿਲਾ ਕੇ ਲਲਕਾਰਾ ਮਾਰ ਕੇ ਸੰਗਤਾਂ ਨੂੰ ਕਿਹਾ ਇੱਕ ਸੀਸ ਦੀ ਲੋੜ ਹੈ ਇਹ ਕਿਰਪਾਨ ਇੱਕ ਸਿੱਖ ਦਾ ਲਹੂ ਮੰਗਦੀ ਹੈ। ਕੋਈ ਨਿਸਰੇਗਾ ਇਸ ਦੀ ਪਿਆਸ ਬੁਝਾਉਣ ਲਈ ? ਕੋਈ ਹੈ ਜੋ ਸੀਸ ਭੇਟ ਕਰੇ ? ਇਹ ਲਲਕਾਰ ਸੁਣ ਕੇ ਸੰਗਤ ਦੇ ਹੇਠਲੇ ਸਾਹ ਹੇਠਾ ਅਤੇ ਉਤਲੇ ਸਾਹ ਉੱਤੇ ਰਹਿ ਗਏ। ਦੀਵਾਨ ਵਿੱਚ। ਚੁੱਪ ਚਾਪ ਵਰਤ ਗਈ। ਭਾਈ ਦਇਆ ਰਾਮ ਜੀ ਲਾਹੌਰ ਨਿਵਾਸੀ ਖੱਤਰੀ ਉਠੇ ਅਤੇ ਹੱਥ ਬੰਨ ਕੇ ਕਹਿਣ ਲੱਗੇ ਸੱਚੇ ਪਾਤਸ਼ਾਹ ਜੀ ਮੇਰਾ ਸੀਸ ਹਜ਼ਾਰ ਹੈ ਇਸ ਨੂੰ ਪਰਵਾਨ ਕਰੋ। ਗੁਰੂ ਜੀ ਨੇ ਕਿਹਾ ਹੋਰ ਸੀਸ ਦੀ ਲੋੜ ਹੈ, ਗੁਰੂ ਜੀ ਵਾਰ ਵਾਰ ਪੰਜ ਸਿਰਾਂ ਦੀ ਮੰਗ ਕੀਤੀ। ਗੁਰੂ ਜੀ ਮੰਗ ਤੇ ਪਹਿਲਾ ਦਇਆ ਰਾਮ ਜੀ ਲਾਹੌਰ ਨਿਵਾਸੀ ਖੱਤਰੀ, ਫਿਰ ਭਾਈ ਧਰਮ ਦਾਸ ਜੀ ਦਿੱਲੀ ਦੇ ਜੱਟ ਫਿਰ, ਭਾਈ ਮੁਹਿਮ ਚੰਦ ਜੀ ਦਵਾਰਕਾ ਦੇ ਛੀਂਬੇ ,ਉਹਨਾਂ ਬਾਅਦ ਭਾਈ ਸਾਹਿਬ ਚੰਦ ਜੀ ਬਿਦਰ ਸ਼ਹਿਰ ਦੇ ਨਾਈ ਅਤੇ ਭਾਈ ਹਿੰਮਤ ਰਾਇ ਜੀ ਦਵਾਰਕਾ ਦੇ ਝੀਊਰ ਨੇ ਸੀਸ ਭੇਟ ਕਰਨ ਲਈ ਤਿਆਰ ਹੋ ਗਏ। ਗੁਰੂ ਜੀ ਨੇ ਉਹਨਾਂ ਨੂੰ ਤੰਬੂ ਦੇ ਅੰਦਰ ਲੈ ਗਏ, ਤੰਬੂ ਦੇ ਅੰਦਰੋਂ ਤਲਵਾਰ ਦੇ ਵੱਜਣ ਅਤੇ ਧੜ ਦੇ ਡਿੱਗਣ ਦੀ ਅਵਾਜ਼ ਅਤੇ ਲਹੂ ਦੀ ਧਾਰ ਤੰਬੂ ਤੋਂ, ਬਾਹਰ ਵਗ ਤੁਰੀ। ਗੁਰੂ ਜੀ ਕੁਝ ਚਿਰ ਤੰਬੂ ਅੰਦਰ ਰਹੇ। ਗੁਰੂ ਜੀ ਕੁਝ ਚਿਰ ਮਗਰੋਂ ਖੁਸ਼ੀ ਨਾਲ ਖਿੜੇ ਹੋਏ ਤੇ ਬੀਰ -ਰਸ ਨਾਲ ਗਦ-ਗਦ ਕਰ ਰਹੇ ਚਿਹਰੇ ਨਾਲ ਤੰਬੂ ਬਾਹਰ ਨਿਕਲੇ। ਗੁਰੂ ਜੀ ਨਾਲ ਸ਼ਾਨਦਾਰ ਬੁਲਾਕੇ ਪਹਿਨੀ ਉਹੀ ਪੰਜੇ ਗੁਰੂ ਜੀ ਦੇ ਨਾਲ ਸਨ ਜਿਹਨਾਂ ਨੇ ਗੁਰੂ ਜੀ ਨੂੰ ਆਪਣੇ ਸੀਸ ਭੇਟ ਕਰ ਦਿੱਤੇ ਸਨ। ਗੁਰੂ ਜੀ ਨੇ ਕਿਹਾ ਇਹ ਪੰਜ ਪਿਆਰੇ ਹਨ !

ਸ੍ਰੀ ਕਲਗੀਧਰ ਦਸਮੇਸ਼ ਜੀ ਨੇ ਲੋਹੇ ਦੇ ਬਾਟੇ ਵਿੱਚ ਖੰਡੇ ਦਾ ਅੰਮ੍ਰਿ ਤਿਆਰ ਕੀਤਾਕੀਤਾ ਅਤੇ ਪੰਜ ਪਿਆਰਿਆਂ ਅਤੇ ਦੀਵਾਨ ਵਿੱਚ ਜੁੜੇ ਹੋਰ ਸਿੱਖਾਂ ਨੂੰ ਅਸੂਲਾਂ ਆਦਰਸ਼ਾਂ ਬਾਰੇ ਅਤੇ ਖਾਲਸੇ ਦੀ ਰਹਿਤ ਬਾਰੇ ਉਪਦੇਸ਼ ਦਿਤਾ। ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ ਅਤੇ ਭਾਈ ਸਾਹਿਬ ਸਿੰਘ ਜੀ ਇਹਨਾਂ ਨੂੰ ਗੁਰੂ ਜੀ ਨੇ ਪਹਿਲਾਂ ਅੰਮ੍ਰਿਤ ਛਕਾਇਆ ਫਿਰ ਉਹਨਾਂ ਪਾਸੋਂ ਆਪ ਅੰਮ੍ਰਿਤ ਛਕਿਆ।ਅੰਮ੍ਰਿਤ ਛਕਿਆ ਉਪਰੰਤ ਸਾਰਿਆਂ ਦੇ ਨਾਮ ਨਾਲ 'ਸਿੰਘ' ਤੇ 'ਕੌਰ' ਸਬਦ ਲਗਾਇਆ ਗਿਆ। ਅੰਮ੍ਰਿਤ ਛਕਣ ਤੋਂ ਬਾਅਦ ਹਰ ਸਿੱਖ ਨੂੰ ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰੇ ਦਾ ਧਾਰਨੀ ਹੋਣ ਦੀ ਆਗਿਆ ਹੋਈ

ਨਵੀਂ ਸਜੀ ਖਾਲਸਾ ਕੌਮ ਦੇ ਗੁਣ ਦੱਸਦੇ ਹੋਏ ਸ੍ਰੀ ਦਸਮੇਸ਼ ਜੀ ਨੇ ਕਿਹਾ:-

ਜਾਗਤ ਜੋਤ ਜਪੈ ਨਿਸ਼ਾਨ ਬਾਸੁਰ,
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪਤੀਤ ਸਜੇ,
ਬਤ ਗੋਰ ਮੜ੍ਹ ?ੀ ਮਟ ਭੂਲਿ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨਣ॥
ਪੂਰਨ ਜੋਤ ਜਗਾਈ ਘਟ ਮੈ,
ਤਬ ਖਾਲਸ ਤਾਹਿ ਨ ਖਾਲਸ ਜਾਨੈ॥

ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡਣਾ ਅਤੇ ਸਰਸਾ ਦਾ ਵਿਛੋੜਾ:-

ਹਿੰਦੂ ਪਹਾੜੀ ਰਾਜਿਆਂ ਤੇ ਔਰੰਗਜ਼ੇਬ ਦੀਆਂ ਫੌਜਾਂ ਵੱਲੋਂ ਅਨੰਦਪੁਰ ਨੂੰ ਘੇਰਾ: ਸੰਨ 1705 ਈ: ਵਿੱਚ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਵਿਰੁਧ ਲੜਾਈ ਵਾਸਤੇ ਔਰੰਗਜ਼ੇਬ ਤੱਕ ਫ਼ਰਿਆਦ ਪਹੁੰਚਾਈ। ਇਹ ਫ਼ਰਿਆਦ ਸੁਣ ਕੇ ਉਸ ਨੇ ਪਹਾੜੀ ਰਾਜਿਆਂ ਦੀ ਮਦਦ ਲਈ ਲਾਹੌਰ ਅਤੇ ਸਰਹੰਦ ਦੇ ਸੂਬੇਦਾਰਾਂ ਨੂੰ ਫੁਰਮਾਨ ਜਾਰੀ ਕਰ ਦਿੱਤੇ। ਇਸ ਤਰ੍ਹਾਂ ਲਾਹੌਰ, ਸਰਹੰਦ ਅਤੇ ਪਹਾੜੀ ਰਾਜਿਆਂ ਦੇ ਟਿੱਡੀ ਦਲਾਂ ਦੀ ਹਜ਼ਾਰਾਂ ਫੌਜ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਜੀ ਦੇ ਸੂਰਬੀਰ ਯੋਧਿਆਂ ਨੇ ਕਈ ਮਹੀਨੇ ਡਟ ਕੇ ਬਹਾਦਰੀ ਨਾਲ ਮੁਕਾਬਲਾ ਕੀਤਾ। ਖ਼ਾਲਸਾ ਫੌਜ ਦੇ ਛਾਪਾਮਾਰ ਹਮਲਿਆਂ ਨਾਲ ਦੁਸ਼ਮਣ ਦੇ ਹੌਸਲੇ ਪਸਤ ਹੋ ਚੁੱਕੇ ਸਨ। ਪਰ ਲੰਮੇ ਸਮੇਂ ਤੱਕ ਨਿੱਤ ਦੀ ਲੜਾਈ ਵਿੱਚ ਹੋ ਰਹੀਆਂ ਸ਼ਹੀਦੀਆਂ ਕਾਰਨ ਖ਼ਾਲਸਾ ਫੌਜ ਦੀ ਗਿਣਤੀ ਵੀ ਘਟਦੀ ਜਾ ਰਹੀ ਸੀ, ਰਾਸ਼ਨ-ਪਾਣੀ ਵੀ ਮੁੱਕਦਾ ਜਾ ਰਿਹਾ ਸੀ ਪਰ ਸਿੰਘਾਂ ਨੇ ਆਪਣਾ ਸਾਹਸ ਨਹੀਂ ਡੋਗਿਆ। ਦੁਸ਼ਮਣਾਂ ਵੱਲੋਂ ਖਾਧੀਆਂ ਕਸਮਾਂ ਉਪਰੰਤ 6-7 ਪੋਹ ਬਿਕ੍ਰਮੀ ਸੰਮਤ 1762 ਦੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਛੱਡ ਦਿੱਤਾ। ਕਿਲ੍ਹਾ ਖਾਲੀ ਕਰਨ ਦੀ ਦੇਰ ਸੀ ਕਿ ਹਾਲੀ ਗੁਰੂ ਜੀ ਕੀਰਤਪੁਰ ਵੀ ਨਹੀਂ ਪਹੁੰਚੇ ਸਨ ਕਿ ਦੁਸ਼ਮਣ ਫੌਜਾਂ ਨੇ ਸਭ ਕਸਮਾਂ-ਇਕਰਾਰ ਭੁੱਲ ਕੇ ਪਿਛੋਂ ਹਮਲਾ ਕਰ ਦਿੱਤਾ। 7 ਪੋਹ ਦੀ ਸਵੇਰੇ ਸਰਸਾ ਨਦੀ ਦੇ ਕੰਢੇ ਭਿਆਨਕ ਜੰਗ ਹੋਈ ਤੇ ਨਦੀ ਪਾਰ ਕਰਦਿਆਂ ਗੁਰੂ ਜੀ ਦਾ ਪਰਿਵਾਰ ਤਿੰਨ ਹਿਸਿਆਂ 'ਚ ਵੰਡਿਆ ਗਿਆ। ਕੁਝ ਸਿੰਘ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਕੇ ਕੁਝ ਅਲੱਗ-ਥਲੱਗ ਹੋ ਗਏ। ਮਾਤਾ ਸੁੰਦਰੀ ਜੀ (ਜੀਤੋ ਜੀ) ਭਾਈ ਮਨੀ ਸਿੰਘ ਨਾਲ ਦਿੱਲੀ ਨੂੰ ਆ ਗਏ। ਮਾਤਾ ਗੂਜਰੀ ਜੀ ਦੋ ਛੋਟੇ ਸਾਹਿਬਜ਼ਾਦਿਆਂ ਨਾਲ, ਸਰਸਾ ਦੇ ਕੰਡੇ ਚਲਦੇ-ਚਲਦੇ ਮੋਰਿੰਡੇ ਪੁੱਜੇ। ਇਨ੍ਹਾਂ ਨੂੰ ਰਸੋਈਆ ਗੰਗੂ ਬ੍ਰਾਹਮਣ ਆਪਣੇ ਘਰ ਪਿੰਡ ਖੇੜੀ ਲੈ ਆਇਆ, ਜੋ ਉਥੋਂ ਵੀਹ ਕੁ ਮੀਲ ਦੀ ਵਿੱਥ 'ਤੇ ਪੈਂਦਾ ਸੀ। ਅਨੰਦਪੁਰ ਸਾਹਿਬ ਤੋਂ ਚੱਲਣ ਸਮੇਂ ਗੁਰੂ ਗੋਬਿੰਦ ਸਿੰਘ ਦੇ ਨਾਲ ਡੇਢ ਕੁ ਹਜ਼ਾਰ ਸਿੰਘ ਸਨ ਪਰ ਸਰਸਾ ਦੀ ਜੰਗ ਉਪਰੰਤ ਨਦੀ ਪਾਰ ਕਰਦਿਆਂ ਗੁਰੂ ਜੀ ਨਾਲ ਕੇਵਲ 45 ਰਹਿ ਗਏ, ਜਿਨ੍ਹਾਂ 'ਚ ਪੰਜ ਪਿਆਰੇ ਤੇ ਦੋ ਵੱਡੇ ਸਾਹਿਬਜ਼ਾਦੇ ਸ਼ਾਮਲ ਸਨ, ਜੋ ਚਮਕੌਰ ਪਹੁੰਚ ਗਏ ਤੇ ਅਗਲੀ ਰਣਨੀਤੀ ਲਈ ਕੱਚੀ ਗੜ੍ਹੀ ਵਿੱਚ ਮੋਰਚੇ ਸੰਭਾਲ ਲਏ।

ਚਮਕੌਰ ਦਾ ਯੁੱਧ ਅਤੇ ਸਾਕਾ ਸਰਹੰਦ:-

7ਪੋਹ1762 ਬਿਕ੍ਰਮੀ (6ਦਸੰਬਰ 1704 ਈ.) ਵਾਲੇ ਦਿਨ ਚਮਕੌਰ ਸਾਹਿਬ ਦੀ ਧਰਤੀ ਉਤੇ ਘਮਸਾਨ ਦਾ ਯੁੱਧ ਰਚਿਆ ਜਾ ਰਿਹਾ ਸੀ। ਇਕ ਪਾਸੇ ਸਤਿਗੁਰੂ ਜੀ ਕੱਚੀ ਹਵੇਲੀ ਅੰਦਰ ਸਨ। ਉਨ੍ਹਾਂ ਨਾਲ ਸਿੰਘਾਂ ਦੀ ਗਿਣਤੀ ਸਿਰਫ਼ ਚਾਲੀ ਸੀ।ਦੂਜੇ ਪਾਸੇ 10 ਲੱਖ ਫ਼ੌਜ ਸੀ ਜਿਸ ਦੀ ਪੁਸ਼ਟੀ ਉਪਰੋਕਤ ਪ੍ਰਮਾਣ ਕਰਦੇ ਹਨ। ਸ਼ਾਹੀ ਫ਼ੌਜ ਦੇ ਮੁੱਖ ਆਗੂ ਸਨ: ਜਰਨੈਲ ਭੂਰੇ ਖ਼ਾਂ, ਇਸਮਾਇਲ ਖ਼ਾਂ, ਗ਼ੈਰਤ ਖ਼ਾਂ ਅਤੇ ਸੁਲਤਾਨ ਖ਼ਾਂ ਦਿੱਲੀ ਵਲੋਂ, ਤਿੰਨ ਸੂਬੇਦਾਰ ਜ਼ਬਰਦਸਤ ਖ਼ਾਂ, ਦਲੇਰ ਖ਼ਾਂ ਤੇ ਵਜ਼ੀਰ ਖ਼ਾਂ, ਪੰਜੇ ਮਲੇਰਕੋਟੀਏ, ਨਾਹਰ ਖ਼ਾਂ, ਨੁਸਰਤ ਖ਼ਾਂ, ਵਲੀ ਮੁਹੰਮਦ (ਤਿੰਨੋਂ ਸਕੇ ਭਰਾ), ਖ਼ਵਾਜ਼ਾ ਖ਼ਿਜਰ ਅਤੇ ਸ਼ੇਰ ਮੁਹੰਮਦ (ਦੋਨੋਂ ਭਰਾ। ਇਨ੍ਹਾਂ ਤੋਂ ਇਲਾਵਾ ਅਫ਼ਗਾਨ ਖ਼ਾਂ ਅਤੇ ਪਹਾੜੀ ਰਾਜੇ ਸਨ। ਅਜਿਹਾ ਅਸੰਤੁਲਿਤ ਜੰਗੀ ਟਾਕਰਾ ਦੁਨੀਆ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦਾ ਕਿ ਇਕ ਪਾਸੇ ਸਿਰਫ਼ ਚਾਲੀ ਸੈਨਿਕ ਅਤੇ ਦੂਜੇ ਪਾਸੇ ਲੱਖਾਂ ਦੀ ਗਿਣਤੀ ਵਿਚ ਫ਼ੌਜ ਹੋਵੇ।ਗੁਰੂ ਜੀ ਦੇ ਸਿੰਘ ਇੰਨੀ ਫ਼ੌਜ ਦੇਖ ਕੇ ਨਾ ਹੀ ਘਾਬਰੇ ਅਤੇ ਨਾ ਹੀ ਆਤਮ ਸਮਰਪਣ ਕੀਤਾ, ਬਲਕਿ ਜੂਝ ਕੇ ਸ਼ਹੀਦ ਹੋਣ ਨੂੰ ਪਹਿਲ ਦਿੱਤੀ। ਇਹ ਗੁਰੂ ਤੇ ਗੁਰੂ ਖ਼ਾਲਸੇ ਦੀ ਨਿੱਡਰਤਾ, ਹੌਂਸਲੇ, ਦਲੇਰੀ ਅਤੇ ਸੂਰਮਤਾਈ ਦਾ ਸਬੂਤ ਸੀ। ਦੋਨਾਂ ਪਾਸਿਆਂ ਤੋਂ ਸੂਰਮੇ ਯੁੱਧ ਲਈ ਨਿੱਤਰ ਰਹੇ ਸਨ। ਮੁਸਲਿਮ ਫ਼ੌਜ 'ਅਲੀ-ਅਲੀ' ਦੇ ਨਾਹਰੇ ਮਾਰਦੀ ਗੜ੍ਹੀ ਵੱਲ ਤੂਫ਼ਾਨ ਵਾਂਗ ਵੱਧ ਰਹੀ ਸੀ। ਉਨ੍ਹਾਂ ਨੂੰ ਇਉਂ ਲੱਗਦਾ ਸੀ ਜਿਵੇਂ ਥੋੜ੍ਹੀ ਜਿਹੀ ਲੜਾਈ ਨਾਲ ਹੀ ਹਵੇਲੀ ਸਰ ਹੋ ਜਾਵੇਗੀ। ਪਰ ਉਨ੍ਹਾਂ ਦਾ ਜੋਸ਼ ਭਰਿਆ ਤੂਫ਼ਾਨ ਉਦੋਂ ਠੰਢਾ ਹੋ ਗਿਆ ਜਦੋਂ ਗੜ੍ਹੀ ਦੇ ਅੰਦਰੋਂ ਤੀਰਾਂ ਦੀ ਵਰਖ਼ਾ ਸ਼ੁਰੂ ਹੋਈ। ਸਤਿਗੁਰਾਂ ਨੇ ਤੀਰਾਂ ਦੀ ਬੁਛਾੜ ਐਸੀ ਯੋਜਨਾ ਨਾਲ ਅਰੰਭ ਕੀਤੀ ਕਿ ਵੈਰੀ ਦਲ ਅੱਗੇ ਵਧਣੋਂ ਰੁਕ ਗਿਆ ਅਤੇ ਮੁਗ਼ਲ ਫ਼ੌਜਾਂ ਨੂੰ ਅੰਤ ਪਿੱਛੇ ਹਟਣ ਲਈ ਮਜ਼ਬੂਰ ਹੋਣਾ ਪਿਆ। ਪੈਸੇ ਦੀ ਖ਼ਾਤਰ ਨੌਕਰ ਤਨਖਾਹਦਾਰ ਸਿਪਾਹੀ ਮੌਤ ਦੇ ਸਾਹਮਣੇ ਕਿੰਨੀ ਕੁ ਦੇਰ ਡਟ ਸਕਦੇ ਸਨ। ਜਦੋਂਕਿ ਦੂਜੇ ਪਾਸੇ ਸਿਰਲੱਥ ਯੋਧੇ ਸਿੰਘ ਮੌਤ-ਲਾੜ੍ਹੀ ਨੂੰ ਵਰਨ ਲਈ ਅਤੇ ਧਰਮ ਤੋਂ ਕੁਰਬਾਨ ਹੋਣ ਲਈ ਪ੍ਰਣ ਲਈ ਬੈਠੇ ਸਨ। ਸ਼ਾਹੀ ਫ਼ੌਜਾਂ ਨੇ ਗੜ੍ਹੀ ਅੰਦਰ ਪੁੱਜਣ ਲਈ ਪੌੜੀ ਲਾ ਕੇ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਅੰਦਰਲੀ ਤੀਰਾਂ ਦੀ ਮਾਰ ਨੇ ਉਨ੍ਹਾਂ ਦੀ ਇਸ ਵਿਉਂਤ ਨੂੰ ਅਸਫ਼ਲ ਬਣਾ ਦਿੱਤਾ। ਜਰਨੈਲ ਨਾਹਰ ਖ਼ਾਂ ਇਨ੍ਹਾਂ ਯਤਨਾਂ ਵਿਚ ਮਾਰਿਆ ਗਿਆ ਅਤੇ ਖ਼ਵਾਜਾ ਖ਼ਿਜਰ ਕੰਧ ਦੀ ਓਟ ਲੈ ਕੇ ਬਚ ਗਿਆ। ਸਤਿਗੁਰੂ ਜੀ ਲਿਖਦੇ ਹਨ ਕਿ ਜੇਕਰ ਉਹ ਸਾਹਮਣੇ ਹੁੰਦਾ ਤਾਂ ਇਕ ਤੀਰ ਉਸ ਨੂੰ ਵੀ ਬਖ਼ਸ਼ ਦਿੰਦੇ। ਅਫ਼ਗਾਨ ਖ਼ਾਂ ਵੀ ਜੰਗ ਅੰਦਰ ਮਾਰਿਆ ਗਿਆ। 7ਪੋਹ ਦਾ ਸੂਰਜ ਚੜ੍ਹਦਿਆਂ ਹੀ ਲੜਾਈ ਫਿਰ ਸ਼ੁਰੂ ਹੋ ਗਈ। 'ਅਲੀ-ਅਲੀ' ਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਆਕਾਸ਼ ਵਿਚ ਗੂੰਜ ਰਹੇ ਸਨ। ਸੂਰਮੇ ਆਪਣਾ ਬਚਾਅ ਕਰਕੇ ਦੁਸ਼ਮਣ ਉੱਤੇ ਖ਼ਤਰਨਾਕ ਵਾਰ 'ਤੇ ਵਾਰ ਕਰ ਰਹੇ ਸਨ। ਧਰਤੀ ਉੱਤੇ ਲੋਥਾਂ ਦੇ ਢੇਰ ਲੱਗ ਰਹੇ ਸਨ। ਜ਼ਖ਼ਮੀ ਸਿਪਾਹੀ ਤਕਲੀਫ਼ ਨਾਲ ਤੜਫ਼ ਰਹੇ ਸਨ। ਘੋੜੇ ਉਨ੍ਹਾਂ ਨੂੰ ਸੁੰਮਾਂ ਥੱਲੇ ਲਿਤਾੜ ਰਹੇ ਸਨ। ਕਰਾਹ ਰਹੇ ਸਿਪਾਹੀਆਂ ਦਾ ਖ਼ੂਨ ਪਰਨਾਲਿਆਂ ਵਾਂਗ ਵਹਿ ਰਿਹਾ ਸੀ ਅਤੇ ਧਰਤੀ ਲਾਲ ਹੀ ਲਾਲ ਦਿਸ ਰਹੀ ਸੀ। ਅਸਮਾਨ ਮਿੱਟੀ ਘੱਟੇ ਦੇ ਤੂਫ਼ਾਨ ਸਦਕਾ ਗਹਿਰਾ ਤੇ ਧੁੰਧਲਾਇਆ ਜਾਪਦਾ ਸੀ। ਇਸ ਸਮੇਂ ਗੜ੍ਹੀ ਵਿਚ ਗੁਰੂ ਜੀ ਦਾ ਵੱਡਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਪਿਤਾ ਤੋਂ ਮੈਦਾਨ-ਏ-ਜੰਗ ਵਿਚ ਜੂਝਣ ਦੀ ਆਗਿਆ ਮੰਗ ਰਿਹਾ ਹੈ। ਪਿਤਾ ਨੇ ਹੱਥੀਂ ਪੁੱਤਰ ਨੂੰ ਘੋੜ-ਸਵਾਰ ਕਰਕੇ ਜੰਗ ਨੂੰ ਇਹ ਕਹਿ ਕੇ ਤੋਰਿਆ, ਪੁੱਤਰ, ਖਿੜੇ ਮੱਥੇ ਕੁਰਬਾਨ ਹੋਣਾ, ਪਿੱਠ ਨਹੀਂ ਦਿਖਾਉਣੀ। ਕੁਝ ਸਿੰਘਾਂ ਦੇ ਜਥੇ ਨੂੰ ਨਾਲ ਲੈ ਕੇ ਬਾਬਾ ਅਜੀਤ ਸਿੰਘ ਮੈਦਾਨ-ਏ-ਜੰਗ ਵਿਚ ਜੈਕਾਰੇ ਗੁੰਜਾਉਂਦਾ ਆ ਨਿੱਤਰਿਆ।ਮੈਦਾਨ ਵਿਚ ਵੈਰੀਆਂ ਦੇ ਆਹੂ ਲਾਹੁੰਦਿਆਂ ਅਨੇਕਾਂ ਜ਼ਖ਼ਮ ਬਾਬਾ ਅਜੀਤ ਸਿੰਘ ਜੀ ਦੇ ਸਰੀਰ ਉੱਤੇ ਲੱਗੇ। ਇਉਂ ਸੂਰਬੀਰਾਂ ਵਾਂਗ ਲੜਦਿਆਂ-ਲੜਦਿਆਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਅੰਤ ਨੂੰ ਸ਼ਹੀਦੀ ਜਾਮ ਪ੍ਰਾਪਤ ਕਰਕੇ, ਸਦਾ ਲਈ ਅਮਰ ਹੋ ਗਏ। ਵੱਡੇ ਵੀਰ ਦੀ ਸ਼ਹਾਦਤ ਵੇਖ ਕੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੈਰੀ ਨਾਲ ਲੋਹਾ ਲੈਣ ਦੀ ਠਾਣੀ ਅਤੇ ਚੋਜੀ ਪ੍ਰੀਤਮ, ਪਿਤਾ ਜੀ ਅੱਗੇ ਆਪਣੀ ਇੱਛਾ ਪ੍ਰਗਟ ਕੀਤੀ। ਪੁੱਤਰ ਜੁਝਾਰ ਸਿੰਘ ਆਗਿਆ ਲੈ ਕੇ ਸਿਰੜੀ ਸਿੰਘਾਂ ਵਾਂਗ ਯੁੱਧ ਭੂਮੀ ਵਿਚ ਪੁੱਜਾ ਅਤੇ ਬਹਾਦਰੀ ਨਾਲ ਤਲਵਾਰ ਤੇ ਤੀਰ-ਕਮਾਨ ਦੇ ਜੌਹਰ ਦਿਖਾਉਂਦਾ ਹੋਇਆ ਅਨੇਕਾਂ ਨੂੰ ਵੱਢ-ਟੁੱਕ ਕੇ ਆਪ ਵੀ ਸ਼ਹੀਦ ਹੋ ਗਿਆ। ਗੁਰੂ ਜੀ ਨੇ ਚੜ੍ਹਦੀਆਂ ਕਲਾਂ ਵਿਚ ਵਿਚਰਦਿਆਂ ਹੋਇਆਂ ਪੁੱਤਰਾਂ ਦੀ ਅਮਾਨਤ ਪ੍ਰਭੂ ਦੇ ਹਵਾਲੇ ਕਰਕੇ ਉਸ ਦਾ ਸ਼ੁਕਰਾਨਾ ਕੀਤਾ। ਰਾਤ ਨੂੰ ਸਿੰਘਾਂ ਨਾਲ ਯੁੱਧ ਬਾਰੇ ਵਿਚਾਰਾਂ ਕਰਦਿਆਂ ਗੁਰੂ ਜੀ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਕਿ ਨਵੀਂ ਸਵੇਰ ਨੂੰ ਉਹ ਆਪ ਰਣ-ਤੱਤੇ ਵਿਚ ਕੁੱਦਣਗੇ ਅਤੇ ਜ਼ਾਲਮਾਂ ਦੇ ਸਨਮੁਖ ਹੋ ਕੇ ਸੰਗਰਾਮ ਮਚਾਣਗੇ। ਪਰ ਸਿੰਘ ਪੰਜਾਂ ਪਿਆਰਿਆਂ ਦੇ ਰੂਪ ਵਿਚ ਗੜ੍ਹੀ ਅੰਦਰ ਸਜ ਗਏ ਅਤੇ ਉਨ੍ਹਾਂ 'ਗੁਰੂ ਖ਼ਾਲਸਾ' ਹੋਣ ਦੀ ਹੈਸੀਅਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੁਕਮ ਕੀਤਾ ਕਿ ਆਪ ਰਾਤ ਦੇ ਹਨੇਰੇ ਵਿਚ ਗੜ੍ਹੀ ਛੱਡ ਜਾਓ।ਗੁਰੂ ਜੀ ਨੇ ਹੁਕਮ ਅੱਗੇ ਸੀਸ ਝੁਕਾ ਕੇ ਭਾਈ ਸੰਗਤ ਸਿੰਘ ਦੇ ਸਿਰ 'ਤੇ ਕਲਗੀ-ਤੋੜਾ ਸਜਾ ਕੇ ਅਤੇ ਆਪਣੀ ਪੁਸ਼ਾਕ ਉਸ ਨੂੰ ਪੁਆ ਕੇ 8 ਪੋਹ 1762 ਬਿਕ੍ਰਮੀ ਦੀ ਅੱਧੀ ਰਾਤ ਵੇਲੇ ਭਾਈ ਧਰਮ ਸਿੰਘ ਜੀ ਤੇ ਭਾਈ ਦਇਆ ਸਿੰਘ ਜੀ ਨੂੰ ਨਾਲ ਲੈ ਕੇ, ਤਾੜੀ ਮਾਰ, ਪੀਰੇ ਹਿੰਦ ਰਵਦ' ਕਹਿ ਕੇ, ਦੁਸ਼ਮਣ ਦੀਆਂ ਫ਼ੌਜਾਂ ਨੂੰ ਚੀਰਦੇ ਹੋਏ ਸੁਰੱਖਿਅਤ ਨਿਕਲ ਗਏ। ਸ਼ਾਹੀ ਫ਼ੌਜਾਂ ਕਾਹਲੀ ਵਿਚ ਉਠੀਆਂ ਅਤੇ ਆਪਸ ਵਿਚ ਹੀ ਗੁੱਥਮ-ਗੁੱਥਾ ਹੋ ਕੇ ਕਾਫ਼ੀ ਨੁਕਸਾਨ ਕਰਵਾ ਕੇ ਬੈਠ ਗਈਆਂ।ਤੀਜੇ ਦਿਨ ਦੀ ਲੜਾਈ ਪਿਛੋਂ ਗੜ੍ਹੀ ਸਰ ਹੋ ਗਈ, ਪਰ ਜਰਨੈਲਾਂ ਅਤੇ ਸੂਬੇਦਾਰਾਂ ਦੀਆਂ ਅਹੰਕਾਰੀ ਧੌਣਾਂ ਉਦੋਂ ਸ਼ਰਮਿੰਦਗੀ ਨਾਲ ਨੀਵੀਆਂ ਹੋ ਗਈਆਂ ਜਦੋਂ ਉਨ੍ਹਾਂ ਨੂੰ ਗੁਰੂ ਸਾਹਿਬ ਦਾ ਸਰੀਰ ਗੜ੍ਹੀ ਦੇ ਅੰਦਰ ਪਈਆਂ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਵਿਚੋਂ ਨਾ ਮਿਲਿਆ ਅਤੇ ਵਿਸ਼ਵਾਸ ਪੱਕਾ ਹੋ ਗਿਆ ਕਿ ਗੁਰੂ ਜੀ ਬਚ ਕੇ ਨਿਕਲ ਗਏ ਹਨ। ਇਸ ਤਰਾਂ ਚਮਕੌਰ ਸਾਹਿਬ ਦੇ ਯੁੱਧ ਦੀ ਸਮਾਪਤੀ ਹੋਈ।

ਸਰਸਾ ਨਦੀ ਤੋਂ ਵਿਛੜ ਕੇ ਦੋ ਛੋਟੇ ਸਾਹਿਬਜ਼ਾਦੇ ਸਮੇਤ ਮਾਤਾ ਗੁਜਰੀ ਜੀ ਨੂੰ ਗੰਗੂ ਬ੍ਰਾਹਮਣ ਮੋਰਿੰਡੇ ਕੋਲ ਪਿੰਡ ਖੇੜੀ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਨੂੰ ਖਬਰ ਦੇ ਕੇ ਬੱਚਿਆਂ ਨੂੰ ਫੜਾ ਦਿੱਤਾ। ਮੋਰਿੰਡੇ ਦੇ ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਕੇ 10 ਪੋਹ ਨੂੰ ਸੂਬਾ ਸਰਹਿੰਦ ਦੇ ਹਵਾਲੇ ਕਰ ਦਿੱਤਾ। ਪਹਿਲੀ ਰਾਤ ਉਨ੍ਹਾਂ ਨੂੰ ਕਿਲ੍ਹੇ ਦੇ ਠੰਢੇ ਬੁਰਜ ਵਿੱਚ ਰੱਖਿਆ ਗਿਆ। ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਦੀ ਕਚਹਿਰੀ ਵਿੱਚ ਪੇਸ਼ ਕੀਤਾ ਗਿਆ। ਕਚਹਿਰੀ ਵਿੱਚ ਬੱਚਿਆਂ ਨੂੰ ਦੀਨ ਕਬੂਲ ਕਰਨ ਲਈ ਕਈ ਲਾਲਚ ਤੇ ਡਰ ਦਿੱਤੇ ਗਏ, ਪਰ ਬੱਚੇ ਨਾ ਘਬਰਾਏ, ਜਿਸ ਉਪਰੰਤ ਦੀਵਾਨ ਸੁੱਚਾ ਨੰਦ ਨੇ ਵਜੀਰ ਖ਼ਾਂ ਨੂੰ ਭੜਕਾਇਆ ਤੇ ਕਾਜ਼ੀ ਪਾਸੋਂ ਮੌਤ ਦਾ ਫਤਵਾ ਜਾਰੀ ਕਰਵਾ ਦਿੱਤਾ। 12 ਪੋਹ ਨੂੰ ਦੋਵੇਂ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣਿਆ ਗਿਆ। ਜਦ ਕੰਧ ਸਾਹਿਬਜ਼ਾਦਾ ਫਤਹਿ ਸਿੰਘ ਜੀ ਦੇ ਮੋਢਿਆਂ ਤੱਕ ਪਹੁੰਚੀ ਤਾਂ ਅਚਾਨਕ ਕੰਧ ਡਿੱਗ ਪਈ। ਅਗਲੇ ਦਿਨ ਬੱਚਿਆਂ ਨੂੰ ਜਿਬ੍ਹਾ ਕਰਨ (ਗਲ ਵੱਢਣ) ਦਾ ਹੁਕਮ ਸੁਣਾਇਆ ਗਿਆ। ਦੋ ਜਲਾਦਾਂ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਨੇ ਦੋਵੇਂ ਬੱਚਿਆਂ ਨੂੰ ਗੋਡੇ ਹੇਠ ਦੇ ਕੇ ਪਹਿਲਾਂ ਉਹਨਾਂ ਦੇ ਗਲਾਂ ਵਿੱਚ ਖ਼ੰਜਰ ਖੋਭੇ ਅਤੇ ਫਿਰ ਤਲਵਾਰ ਨਾਲ ਸੀਸ ਧੜ ਤੋਂ ਅਲੱਗ ਕਰ ਦਿੱਤੇ ਗਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣਨ ਉਪਰੰਤ ਕਈ ਦਿਨਾਂ ਤੋਂ ਭੁੱਖ ਅਤੇ ਕੜਾਕੇ ਦੀ ਠੰਡ ਨਾ ਸਹਾਰਦੇ ਹੋਏ ਮਾਤਾ ਗੁੱਜਰ ਕੌਰ ਜੀ ਵੀ ਪ੍ਰਾਨ ਤਿਆਗ ਗਏ।

ਮੁਕਤਸਰ ਦੀ ਜੰਗ:

ਚਮਕੌਰ ਦੀ ਹਵੇਲੀ ਵਿਚੋਂ ਨਿਕਲਣ ਤੋਂ ਬਾਅਦ ਗੁਰੂ ਜੀ ਗੁਲਾਬੇ ਮਸੰਦ ਦੇ ਘਰ ਮਾਛੀਵਾੜੇ ਠਹਿਰੇ; ਜਿੱਥੋਂ ਉਨ੍ਹਾਂ ਦੇ ਮੁਸਲਮਾਨ ਸ਼ਰਧਾਲੂਆਂ (ਭਾਈ ਨਬੀ ਖ਼ਾਨ, ਗ਼ਨੀ ਖ਼ਾਨ) ਨੇ ਗੁਰੂ ਜੀ ਨੂੰ ਉੱਚ ਦਾ ਪੀਰ ਬਣਾ ਕੇ ਪਿੰਡ ਹ੍ਹੇਰਾਂ (ਹੇਹਰਾਂ) ਤੱਕ ਪਹੁੰਚਾਇਆ ਸੀ। ਉੱਥੋਂ ਚੱਲ ਕੇ ਪਿੰਡ ਦੀਨੇ ਪਹੁੰਚੇ। ਦੀਨੇ ਪਹੁੰਚ ਕੇ ਹੀ ਗੁਰੂ ਸਾਹਿਬ ਜੀ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤ ਗੁੱਜਰ ਕੌਰ ਜੀ ਦੀ ਸ਼ਹੀਦੀ ਦੀ ਖ਼ਬਰ ਮਿਲੀ ਤੇ ਉਨ੍ਹਾਂ ਨੇ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ ਜਿੱਤ ਦੀ ਚਿੱਠੀ ਲਿਖੀ; ਜਿਸ ਨੂੰ ਜ਼ਫਰਨਾਮਾ ਕਿਹਾ ਜਾਂਦਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਬੰਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਨੂੰ ਲਿਖਿਆ ਕਿ ਕੀ ਹੋਇਆ ਮੇਰੇ ਚਾਰ ਬੱਚੇ ਮਾਰ ਦਿੱਤੇ ਹਨ, ਮੇਰਾ ਪੰਜਵਾਂ ਪੁੱਤਰ ਖਾਲਸਾ ਤਾਂ ਅਜੇ ਜਿਉਂਦਾ ਹੈ ਜੋ ਤੇਰੇ ਲਈ ਫੰਨ੍ਹੀਅਰ ਨਾਗ ਹੈ।ਓਧਰ ਗੁਰੂ ਜੀ ਚਮਕੌਰ, ਮਾਛੀਵਾੜਾ, ਕਨੇਚ, ਆਲਮਗੀਰ, ਹੇਹਰ, ਲੰਮੇ, ਰਾਇਕੋਟ, ਦੀਨਾ ਆਦਿ ਹੁੰਦੇ ਹੋਏ ਕੋਟਕਪੂਰਾ ਪੁੱਜੇ ਤਾਂ ਪਤਾ ਲੱਗਾ ਕਿ ਸੂਬਾ ਸਰਹੰਦ ਭਾਰੀ ਲਾਓ-ਲਸ਼ਕਰ ਨਾਲ ਆਪ ਜੀ ਦਾ ਪਿੱਛਾ ਕਰਦਾ ਹੋਇਆ ਆ ਰਿਹਾ ਹੈ। ਗੁਰੂ ਜੀ ਨੇ ਯੁੱਧ ਨੀਤੀ ਅਨੁਸਾਰ ਖਿਦਰਾਣੇ ਦੀ ਢਾਬ ਨਜ਼ਦੀਕ ਉਸ ਨਾਲ ਟਾਕਰਾ ਕਰਨਾ ਵਧੇਰੇ ਯੋਗ ਸਮਝਿਆ। ਮਾਝੇ ਦੇ ਸਿੰਘਾਂ ਦਾ ਜੱਥਾ ਜਦੋਂ ਕਲਗੀਧਰ ਪਾਤਸ਼ਾਹ ਦੀ ਭਾਲ਼ ਕਰਦਾ ਹੋਇਆ ਖਿਦਰਾਣੇ ਦੀ ਢਾਬ ਪਾਸ ਪੁੱਜਾ ਤਾਂ ਇਨ੍ਹਾਂ ਨੂੰ ਵੀ ਵਜ਼ੀਦ ਖ਼ਾਨ ਦੀ ਸੈਨਾ ਦੇ ਪੁੱਜਣ ਦੀ ਖ਼ਬਰ ਮਿਲੀ, ਜਿਸ 'ਤੇ ਸਿੰਘਾਂ ਨੇ ਆਪੋ-ਆਪਣੇ ਮੋਰਚੇ ਸੰਭਾਲ਼ ਲਏ। ਮੁਗ਼ਲ ਫੌਜ ਵੀ ਸਾਰੀ ਉਸੇ ਪਾਸੇ ਝੁਕ ਗਈ। ਉਧਰ ਮਾਤਾ ਭਾਗ ਕੌਰ ਅਤੇ ਭਾਈ ਮਹਾਂ ਸਿੰਘ ਜੀ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫੌਜਾਂ 'ਤੇ ਹੱਲਾ ਬੋਲ ਦਿੱਤਾ। ਸੈਂਕੜੇ ਮੁਗ਼ਲ ਸੈਨਿਕ ਮਾਰੇ ਗਏ। ਦਸਮ ਪਿਤਾ ਨੇ ਵੀ ਟਿੱਬੀ ਤੋਂ ਤੀਰਾਂ ਦੀ ਝੜੀ ਲਾ ਦਿੱਤੀ। ਬਹੁਤ ਸਾਰੇ ਦੁਸ਼ਮਣ ਜਰਨੈਲ ਗੁਰੂ ਜੀ ਦੇ ਤੀਰਾਂ ਦੀ ਭੇਟ ਚੜ੍ਹਦੇ ਗਏ। ਬਹਾਦਰ ਸਿੰਘ ਤਲਵਾਰਾਂ ਲੈ ਕੇ ਮੁਗ਼ਲਾਂ ਉੱਤੇ ਟੁੱਟ ਪਏ। ਮੁਗ਼ਲਾਂ ਦੇ ਮੈਦਾਨੋਂ ਭੱਜ ਜਾਣ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਰਣਭੂਮੀ ਵਿੱਚ ਆ ਕੇ ਵੇਖਿਆ ਕਿ ਢਾਬ ਦੇ ਕੰਢੇ ਜ਼ਖ਼ਮੀ ਹਾਲਤ ਵਿਚ ਬੈਠੀ ਮਾਤਾ

ਪ੍ਰੀਤਨਾਮਾ PREETNAMA ਖਰਾ ਸੱਚ Online Print Media



# ਹੱਕ ਹੱਕ ਆਗਾਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨੀ ਤੇ ਇੱਕ ਸੰਖੇਪ ਝਾਤ

ਭਾਗੋ ਆਪਣੇ ਜ਼ਖਮਾਂ ਨੂੰ ਧੋ ਰਹੀ ਸੀ।ਸਹਿਕਦੇ ਹੋਏ ਭਾਈ ਮਹਾਂ ਸਿੰਘ ਜੀ ਨੂੰ ਕਲਗੀਧਰ ਨੇ ਗੋਦੀ 'ਚ ਲਿਆ ਤੇ ਕੋਈ ਇੱਛਾ ਬਾਰੇ ਪੁੱਛਿਆ, ਤਾਂ ਭਰੀਆਂ ਅੱਖਾਂ ਨਾਲ ਮਹਾਂ ਸਿੰਘ ਨੇ ਕਿਹਾ 'ਉਤਮ ਭਾਗ ਹਨ, ਅੰਤ ਸਮੇਂ ਆਪ ਦੇ ਦਰਸ਼ਨ ਹੋ ਗਏ, ਸਭ ਇੱਛਾਂ ਪੂਰੀਆਂ ਹੋ ਗਈਆਂ ਹਨ। ਜੇ ਆਪ ਤੁੱਠੇ ਹੋ ਤਾਂ ਕਿਰਪਾ ਕਰੋ ਕਿ ਸਮੇਂ ਦੇ ਗੇੜ ਅਤੇ ਬਿਖੜੇ ਹਾਲਤਾਂ ਕਾਰਨ ਅਸੀਂ ਆਪ ਜੀ ਤੋਂ ਵਿੱਛੜ ਗਏ ਸਾਂ ਉਸ ਨੂੰ ਨਾ ਚਿਤਾਰਦੇ ਹੋਏ ਸਾਨੂੰ ਬਖ਼ਸ਼ ਕੇ ਟੁੱਟੀ ਗੰਢ ਲਉ।' ਪਾਤਸ਼ਾਹ ਨੇ ਭਾਈ ਮਹਾਂ ਸਿੰਘ ਦੀ ਭਾਵਨਾ ਅਨੁਸਾਰ ਬਖ਼ਸ਼ਸ਼ ਕੀਤੀ ਅਤੇ ਭਾਈ ਮਹਾਂ ਸਿੰਘ ਨੇ ਗੁਰੂ ਸਾਹਿਬ ਜੀ ਦੀ ਨਿੱਘੀ ਗੋਦ ਵਿੱਚ ਸਵਾਸ ਤਿਆਗ ਦਿੱਤੇ। ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਵਾ ਕੇ ਗੁਰੂ ਸਾਹਿਬ ਜੀ ਇੱਥੋਂ 16 ਜਨਵਰੀ 1706 ਈ: ਦੇ ਨੇੜੇ ਤੇੜੇ ਤਲਵੰਡੀ ਸਾਬੋ ਪਹੁੰਚ ਗਏ। ਦਮਦਮਾ ਸਾਹਿਬ ਤਲਵੰਡੀ ਸਾਬੋ: ਗੁਰੂ ਗੋਬਿੰਦ ਸਿੰਘ ਜੀ ਇੱਥੇ 9 ਮਹੀਨੇ 14 ਦਿਨ ਠਹਿਰੇ ਸਨ ।

ਜ਼ਫ਼ਰਨਾਮਾ ਅਤੇ ਰਚਨਾਵਾਂ:-

ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਸਾਰੀਆਂ ਰਚਨਾਵਾਂ ਦੀ ਰਚਨਾ ਕੀਤੀ। ਜਿਹਨਾਂ ਵਿੱਚੋਂ ਪ੍ਰਮੁੱਖ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:ਜਾਪੁ ਸਾਹਿਬ, ਵਾਰ ਸ੍ਰੀ ਭਗਉਤੀ ਜੀ ਦੀ, ਜਫ਼ਰਨਾਮਾ, ਅਕਾਲ ਉਸਤਤਿ, ਚੰਡੀ ਦੀ ਵਾਰ, ਦਸਮ ਗ੍ਰੰਥ, ਬਚਿਤ੍ਰ ਨਾਟਕ, ਜਾਪੁ ਸਾਹਿਬ ਚੋਵੀ ਅਵਤਾਰ,ਸ਼ਸਤਰਨਾਮਾ,ਗਿਆਨ ਪ ?ਬੋਧ,ਖਾਲਸੇ ਦੀ ਮਹਿਮਾ ਆਦਿ ਸਨ। ਸ੍ਰੀ ਦਸਮ ਗ੍ਰੰਥ ਸਾਹਿਬ ਦੀ ਮੁੱਢਲੀ ਰਚਨਾ ਹੈ।

12 ਦਸੰਬਰ, 1705 ਦੇ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ, ਮੁਸਲਮਾਨਾਂ ਦੇ ਪੀਰਾਂ ਵਾਲੇ ਹਰੇ ਰੰਗ ਦੇ ਮੁਸਲਮਾਨ ਇਨ੍ਹਾਂ ਹਰੇ ਕਪੜਿਆਂ ਨੂੰ ਨੀਲ-ਬਸਤਰ ਕਹਿੰਦੇ ਸਨ; ਨੀਲ ਦਾ ਲਫ਼ਜ਼ੀ ਮਾਅਨਾ ਨੀਲਾ ਨਹੀਂ ਬਲਕਿ 'ਰੰਗਦਾਰ' ਹੈ ਪਹਿਨ ਕੇ ਅਜਨੇਰ ਦੇ ਕਾਜ਼ੀ ਚਰਾਗ਼ ਸ਼ਾਹ ਤੇ ਚਾਰ ਹੋਰ ਮੁਸਲਮਾਨ ਮੁਰੀਦਾਂ ਇਨਾਇਤ ਅਲੀ ਨੂਰਪੁਰ, ਕਾਜ਼ੀ ਪੀਰ ਮੁਹੰਮਦ ਸਲੋਹ, ਸੁਬੇਗ ਸ਼ਾਹ ਹਲਵਾਰਾ ਅਤੇ ਹਸਨ ਅਲੀ ਮੋਹੂ ਮਾਜਰਾ ਨਾਲ ਮਾਛੀਵਾੜਾ ਤੋਂ ਦੀਨਾ ਕਾਂਗੜ ਵਲ ਚਲ ਪਏ। ਕਿੜੀ ਪਠਾਣਾਂ, ਘੁੰਗਰਾਲੀ, ਮਾਨੂੰਪੁਰ ਵਿਚੋਂ ਹੁੰਦੇ ਗੁਰੂ ਜੀ ਅਜਨੇਰ ਪੁੱਜੇ ਤੇ ਕਾਜ਼ੀ ਚਰਾਗ਼ ਸ਼ਾਹ ਦੇ ਮਹਿਮਾਨ ਬਣੇ। ਅਗਲਾ ਦਿਨ ਆਪ ਅਜਨੇਰ ਪਿੰਡ ਵਿਚ ਹੀ ਰਹੇ ਤੇ 13 ਦਸੰਬਰ ਨੂੰ ਅੱਗੇ ਚਲ ਪਏ। ਇਸ ਤੋਂ ਬਾਅਦ ਮਲਕਪੁਰ, ਲੱਲ, ਕਟਾਣੀ, ਰਾਮਪੁਰ ਹੁੰਦੇ ਦੋਰਾਹਾ ਪੁੱਜੇ ਅਤੇ ਰਾਤ ਉਥੇ ਸਰਾਂ ਵਿਚ ਬਿਤਾਈ। ਇਥੋਂ ਚਲ ਕੇ ਆਪ ਕਨੇਚ ਪਿੰਡ ਪੁੱਜੇ। ਇਥੋਂ ਚਲ ਕੇ ਹੋਰ ਪਿੰਡਾਂ ਵਿਚੋਂ ਹੁੰਦੇ ਹੋਏ 14 ਦਸੰਬਰ ਦੇ ਦਿਨ ਆਲਮਗੀਰ ਪੁੱਜੇ। ਇਕ ਰਾਤ ਇਥੇ ਰਹਿਣ ਮਗਰੋਂ ਮੋਹੀ ਪਿੰਡ ਵਲ ਚਲੇ ਗਏ। 15 ਦਸੰਬਰ ਦੀ ਰਾਤ ਮੋਹੀ ਵਿਚ ਰਹਿਣ ਮਗਰੋਂ ਆਪ 16 ਦਸੰਬਰ ਨੂੰ ਹੇਹਰ ਪਿੰਡ ਜਾ ਪੁੱਜੇ। ਇਥੋਂ ਚਲ ਕੇ 17 ਦਸੰਬਰ ਦੀ ਰਾਤ ਲੰਮੇ ਜਟਪੁਰੇ ਬਿਤਾਈ ਜਿਥੇ ਰਾਏ ਕੱਲ੍ਹਾ ਆਪ ਨੂੰ ਮਿਲਣ ਆਇਆ। ਉਸ ਨੇ ਅਪਣੇ ਸਾਥੀ ਨੂਰਾ ਮਾਹੀ ਨੂੰ ਸਰਹਿੰਦ ਭੇਜ ਕੇ, ਮਾਤਾ ਗੁਜਰੀ ਅਤੇ ਬੱਚਿਆਂ ਦੀ ਸਹੀਦੀ ਦੀ ਖ਼ਬਰ ਤਸਦੀਕ ਕਰਵਾਈ। ਦੋ ਰਾਤ ਇਥੇ ਰਹਿਣ ਮਗਰੋਂ ਇਥੋਂ ਚਲ ਕੇ ਗੁਰੂ ਜੀ ਤਖਤੂਪੁਰਾ ਪੁੱਜੇ। ਇਥੇ ਆਪ ਨੇ ਆਪ ਦੇ ਨਾਲ ਆਏ ਪੰਜ ਮੁਸਲਮਾਨ ਮੁਰੀਦਾਂ ਨੂੰ ਅਲਵਿਦਾ ਆਖੀ ਅਤੇ ਆਪ ਘੋੜੇ 'ਤੇ ਸਵਾਰ ਹੋ ਕੇ ਅੱਗੇ ਚਲ ਪਏ। ਫਿਰ ਆਪ ਮਧੇਅ ਹੁੰਦੇ ਹੋਏ ਭਦੌੜ ਪੁੱਜੇ। 20 ਦਸੰਬਰ ਦੀ ਰਾਤ ਉਥੇ ਬਿਤਾਉਣ ਮਗਰੋਂ 21 ਦਸੰਬਰ, 1705 ਦੇ ਦਿਨ ਦੀਨਾ ਪਿੰਡ ਵਿਚ ਜਾ ਠਹਿਰੇ। ਦੀਨਾ ਸਾਹਿਬ ਨਗਰ ਉਹ ਨਗਰ ਹੈ ਜਿੱਥੇ ਸਤਿਗੁਰੂ ਜੀ ਨੇ ਦਸੰਬਰ 21 ਸੰਨ 1705 ਈ. ਨੂੰ ਔਰੰਗਜ਼ੇਬ ਦੀ ਉਸ ਚਿੱਠੀ ਦਾ ਜਵਾਬ ਦਿੱਤਾ ਜੋ ਅੰਨਦਪੁਰ ਸਾਹਿਬ ਵਿੱਚ ਵਸੂਲ ਹੋਈ ਸੀ। ਸਿੱਖੀ ਰਵਾਇਤ ਅਨੁਸਾਰ ਇਸ ਚਿੱਠੀ ਦਾ ਤਾਤਵਿਕ ਸਿਰਲੇਖ 'ਜ਼ਫ਼ਰਨਾਮਾ▾ ਦੇ ਨਾਮ ਦੁਆਰਾ ਪੁਕਾਰਿਆ ਜਾਂਦਾ ਹੈ। ਜਦੋਂ ਗੁਰੂ ਜੀ ਨੇ ਜ਼ਫ਼ਰਨਾਮਾ ਲਿਖਣਾ ਸ਼ੁਰੂ ਕੀਤਾ। 12 ਹਦਾਇਤ ਵਿੱਚ ਮੁਕੰਮਲ ਕੀਤਾ। ਹਦਾਇਤ ਨਾਮੇ ਦੇ ਆਰੰਭ ਵਿੱਚ ਗੁਰੂ ਜੀ ਨੇ ਪਰਮੇਸ਼ਰ ਦੀ ਸਿਫ਼ਤ ਕੀਤੀ ਹੈ। ਇਹ ਇੱਕ ਇਤਿਹਾਸਕ ਚਿੱਠੀ ਹੈ। ਜਿਹੜੀ ਫ਼ਾਰਸੀ ਕਵਿਤਾ ਵਿੱਚ ਲਿਖ ਕੇ ਗੁਰੂ ਜੀ ਨੇ ਔਰੰਗਜ਼ੇਬ ਨੂੰ ਭੇਜੀ। ਇਸ ਚਿੱਠੀ ਵਿੱਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਉਸ ਦੇ ਵਲੋਂ ਕੀਤੇ ਜ਼ੁਲਮ ਅਤੇ ਜਬਰ ਦੀ ਚੇਤਾਵਨੀ ਦਿੱਤੀ ਹੈ। ਕਿ ਜਦੋਂ ਸਾਰੇ ਹੋਰ ਹੀਲੇ ਖ਼ਤਮ ਹੋ ਜਾਣ ਤਾਂ ਹੱਥ ਵਿੱਚ ਤਲਵਾਰ ਢੁੱਕਵੀ ਜਾਇਜ਼ ਦੱਸੀ ਹੈ। ਫਿਰ ਗੁਰੂ ਜੀ ਨੇ ਲਿਖਿਆ।

ਗਰਿਸਨਤ ▾ਚ ਕਾਰੇ ਕੁਨ ਦ ਚਿਹਲ ਨਰ।
ਕਿ ਦਕ ਲਕ ਬਰਾਇਦ ਬੇਖਬਰ।

ਬਾਬਾ ਬੰਦਾ ਸਿੰਘ ਬਹਾਦੁਰ ਨਾਲ ਮੁਲਾਕਾਤ:-

ਗੁਰੂ ਗੋਬਿੰਦ ਸਿੰਘ ਜੀ ਇੱਥੋਂ ਕੱਤਕ ਸੁਦੀ 5 (29 ਕਤਕ ਸੰਮਤ 1763 ਬਿ ? 30 ਅਕਤੂਬਰ 1706 ਈ: ਨੂੰ ਦੱਖਣ ਵੱਲ ਚੱਲ ਪਏ। 21 ਫਰਵਰੀ 1707 ਨੂੰ ਔਰੰਗਜ਼ੇਬ ਮਰ ਗਿਆ। ਬਹਾਦਰ ਸ਼ਾਹ ਨੇ ਤਖ਼ਤ 'ਤੇ ਬੈਠਣ ਲਈ ਮਦਦ ਮੰਗੀ। ਗੁਰੂ ਜੀ ਨੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਜੀ ਦੀ ਕਮਾਨ ਹੇਠ ਇੱਕ ਜੱਥਾ ਭੇਜਿਆ। ਗੁਰੂ ਜੀ ਦੀ ਮਦਦ ਨਾਲ ਬਹਾਦਰ ਸ਼ਾਹ ਦੀ ਜਿੱਤ ਹੋਈ ਤੇ ਉਹ ਤਖ਼ਤ 'ਤੇ ਬੈਠ ਗਿਆ। ਗੁਰੂ ਜੀ ਉਸ ਵੇਲੇ ਆਗਰੇ ਵਿੱਚ ਸਨ।ਗੁਰੂ ਸਾਹਿਬ ਅਤੇ ਬਹਾਦਰ ਸਾਹ ਦੇ ਕਾਫਲੇ 13 ਮਈ, 1708 ਦੇ ਦਿਨ ਬੁਰਹਾਨਪੁਰ ਪੁੱਜੇ ਸਨ। ਵਜੀਰ ਖਾਨ ਦੇ ਨੁਮਾਇੰਦਿਆਂ ਦਾ ਮੇਲ ਬਾਦਸਾਹ ਨਾਲ ਬੁਰਹਾਨਪੁਰ ਜਾਂ ਇਸ ਤੋਂ ਕੁੱਝ ਚਿਰ ਮਗਰੋਂ ਹੀ ਹੋਇਆ ਹੋਵੇਗਾ ਕਿਉਂਕਿ ਬਹਾਦਰ ਸਾਹ, ਮਈ, 1708 ਦੇ ਦੋ ਹਫਤੇ ਨਰਮਦਾ ਦਰਿਆ ਵਿੱਚ ਹੜ੍ਹ ਆਏ ਹੋਣ ਕਾਰਨ ਬੁਰਹਾਨਪੁਰ ਰੁਕਿਆ ਰਿਹਾ ਸੀ। ਵਜੀਰ ਖਾਨ (ਸੂਬਾ ਸਰਹੰਦ) ਦੇ ਏਲਚੀਆਂ ਦੁਆਰਾ ਮਿਲੀ ਰਕਮ ਕਾਰਨ ਬਹਾਦਰ ਸਾਹ ਦੀ ਨੀਅਤ ਬਦਲ ਚੁੱਕੀ ਸੀ। ਇਸ ਤੋਂ ਬਾਅਦ ਬਹਾਦਰ ਸਾਹ ਨੇ ਗੁਰੂ ਸਾਹਿਬ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, ਹੁਣ ਉਹ ਵਜੀਰ ਖਾਨ ਦੀ ਭੇਜੀ ਰਕਮ ਕਾਰਨ ਉਸ ਦੇ ਖ਼ਿਲਾਫ ਕਾਰਵਾਈ ਨਹੀਂ ਸੀ ਕਰਨਾ ਚਾਹੁੰਦਾ। ਗੁਰੂ ਸਾਹਿਬ ਅਤੇ ਬਹਾਦਰ ਸਾਹ ਵਿੱਚ ਆਖਰੀ ਮੁਲਾਕਾਤ ਤਾਪਤੀ ਦਰਿਆ ਪਾਰ ਕਰਨ, 25 ਜੂਨ, 1708 ਮਗਰੋਂ ਬਾਲਾਪੁਰ ਵਿੱਚ ਅਗਸਤ, 1708 ਵਿੱਚ ਹੋਈ। ਇਸ ਮੁਲਾਕਾਤ ਵਿੱਚ ਗੁਰੂ ਸਾਹਿਬ ਨੇ ਸਮਝ ਲਿਆ ਕਿ ਬਹਾਦਰ ਸਾਹ ਲਾਲਚ ਵਸ ਸੂਬਾ ਸਰਹੰਦ (ਵਜ਼ੀਰ ਖ਼ਾਂ) ਦੁਆਰਾ ਮਜ਼ਲੂਮਾਂ ਉੱਤੇ ਕੀਤੀ ਗਈ ਕਾਰਵਾਈ ਨੂੰ ਬੁਰਾ ਨਹੀਂ ਮੰਨਦਾ, ਇਸ ਲਈ ਇਸ ਦਾ ਸਾਥ ਛੱਡਣਾ ਜ਼ਰੂਰੀ ਹੈ। ਬਾਦਸਾਹ 24 ਅਗਸਤ 1708 ਨੂੰ ਦਰਿਆ ਬਾਣਗੰਗਾ ਪਾਰ ਕਰ ਕੇ ਅੱਗੇ ਨਿਕਲ ਗਿਆ ਅਤੇ ਗੁਰੂ ਸਾਹਿਬ ਨੰਦੇੜ ਵਿੱਚ ਰੁਕ ਗਏ। ਗੁਰੂ ਸਾਹਿਬ ਨੇ ਫੈਸਲਾ ਕੀਤਾ ਕਿ ਬਾਦਸਾਹ ਤੋਂ ਆਸ ਛੱਡ ਕੇ ਆਪ ਇਨਸਾਫ ਕਾਇਮ ਕੀਤਾ ਜਾਵੇ। ਜਿੱਥੇ ਉਨ੍ਹਾਂ ਦਾ ਮੇਲ 3 ਸਤੰਬਰ 1708 ਦੇ ਦਿਨ ਮਾਧੋ ਦਾਸ ਬੈਰਾਗੀ (ਮਗਰੋਂ ਬਾਬਾ ਬੰਦਾ ਸਿੰਘ ਬਹਾਦਰ) ਨਾਲ ਹੋਇਆ। ਪੰਜਾਬ ਦੀ ਹਾਲਤ ਸੁਣ ਕੇ ਅਤੇ ਮੁਗਲ ਹਾਕਮਾਂ ਦੀਆਂ ਕਰਤੂਤਾਂ ਸੁਣ ਕੇ ਬੰਦਾ ਸਿੰਘ ਨੇ ਗੁਰੂ ਜੀ ਤੋਂ ਪੰਜਾਬ ਜਾ ਕੇ ਦੁਸਟਾਂ ਨੂੰ ਸੋਧਣ ਦੀ ਇਜਾਜ਼ਤ ਮੰਗੀ

ਜੋਤੀ ਜੋਤ ਸਮਾਉਣਾ:-5 ਅਕਤੂਬਰ 1708 ਦੇ ਦਿਨ ਬਾਬਾ ਬੰਦਾ ਸਿੰਘ ਬਹਾਦਰ ਜਦ ਨੰਦੇੜ ਤੋਂ ਚੱਲੇ, ਉਸੇ ਦਿਨ ਸ਼ਾਮ ਨੂੰ ਗੁਰੂ ਸਾਹਿਬ ਦੇ ਆਰਾਮ ਕਰਦਿਆਂ, ਗੁਲਖ਼ਾਨ ਦੀ ਮਦਦ ਨਾਲ ਜਮਸ਼ੇਦ ਖਾਨ ਪਠਾਣ ਨੇ ਉਨ੍ਹਾਂ ਉੱਤੇ ਕਟਾਰ ਨਾਲ ਤਿੰਨ ਵਾਰ ਕਰ ਦਿੱਤੇ, ਜਿਸ ਨਾਲ ਗੁਰੂ ਜੀ ਬੁਰੀ ਤਰ੍ਹਾਂ ਜਖ਼ਮੀ ਹੋ ਗਏ। ਫਿਰ ਵੀ ਗੁਰੂ ਸਾਹਿਬ ਨੇ ਪਰਤਵਾਂ ਵਾਰ ਕਰਕੇ ਜਮਸ਼ੇਦ ਖਾਨ ਨੂੰ ਮਾਰ ਦਿੱਤਾ। ਗੁਰੂ ਸਾਹਿਬ ਜੀ ਆਪ ਵੀ ਗੰਭੀਰ ਜਖ਼ਮੀ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗ੍ਰੰਥ▾ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕੀਤੀ ਅਤੇ 'ਗੁਰੂ ਗ੍ਰੰਥ ਸਾਹਿਬ▾ ਨੂੰ ਗੁਰੂ ਦਾ ਦਰਜਾ ਦਿੱਤਾ। ਉਹਨਾਂ ਨੇ ਕਿਹਾ ਧਰਮ, ਅਰਥ, ਦਾਸ, ਸੇਖ ਚਾਰ ਪਦਾਰਥਾਂ ਦੀ ਦਾਤੀ, ਇਹ ਗੁਰਬਾਣੀ ਸਰਵ ਸ਼ਕਤੀਮਾਨ ਹੈ। ਇਸ ਹੁਕਮ ਨੂੰ ਮੰਨ ਕੇ ਸਰਬ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਪਦੱਵੀ ਥਾਪ ਕੇ 1708ਈ. ਵਿੱਚ ਗੁਰੂ ਜੀ ਨੰਦੇੜ ਵਿਖੇ ਗੁਰੂ ਸਾਹਿਬ ਜੀ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ, 7 ਅਕਤੂਬਰ ਨੂੰ ਤੜਕੇ ਵੇਲੇ ਅਕਾਲ ਪੁਰਖ ਦੀ ਗੋਦ ਵਿੱਚ ਸਮਾ ਗਏ। ਉਨ੍ਹਾਂ ਦਾ ਸਸਕਾਰ ਇਸੇ ਸ਼ਾਮ ਨੂੰ ਗੋਦਾਵਰੀ ਦਰਿਆ ਦੇ ਕੰਢੇ ਕਰ ਦਿਤਾ ਗਿਆ ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ॥

**ਰਵਨਜੋਤ ਕੌਰ ਸਿੱਧੂ ਰਾਵੀ**
**ਜੱਬੋਵਾਲ ਸ਼ਹੀਦ ਭਗਤ ਸਿੰਘ ਨਗਰ**

## ਗੁਲਾਮ ਮਾਨਸਿਕਤਾ ਨੂੰ ਆਜਾਦ ਕਰਨ ਵਾਲੇ

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ



**ਗੁਰੂ ਜੀ ਦੇ ਜੀਵਨ ਦਾ ਉਦੇਸ਼ ਮਜ਼ਲੂਮਾਂ ਅਤੇ ਗਰੀਬਾਂ ਦੀ ਰੱਖਿਆ ਕਰਨਾ, ਸੱਚੇ ਧਰਮ ਦੀ ਸਥਾਪਨਾ ਕਰਨਾ ਅਤੇ ਜ਼ੁਲਮ ਦੇ ਖ਼ਿਲਾਫ਼ ਡਟ ਕੇ ਲੜਨਾ ਸੀ। ਇਸੇ ਕਾਰਨ ਹੀ ਉਨ੍ਹਾਂ ਨੇ ਵੱਖ ਵੱਖ ਧਰਮਾਂ ਅਤੇ ਜਾਤਾਂ ਦੇ ਲੋਕਾਂ ਦੇ ਇਕੱਠ ਵਿੱਚੋਂ ਪੰਜ ਵਿਅਕਤੀਆਂ ਨੂੰ ਚੁਣ ਕੇ 'ਪੰਜ ਪਿਆਰਿਆਂ' ਦਾ ਦਰਜਾ ਦਿੱਤਾ ਅਤੇ ਏਕਤਾ ਦਾ ਨਾਅਰਾ ਬੁਲੰਦ ਕੀਤਾ । ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੀ ਗੁਲਾਮ ਮਾਨਸਿਕਤਾ ਨੂੰ ਆਜਾਦ ਕਰਨ ਲਈ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕਰ ਕੇ ਸਮੁੱਚੀ ਮਾਨਵਤਾ ਦੇ ਵਿੱਚ ਅਜਿਹਾ ਜਜ਼ਬਾ ਭਰਿਆ ਜਿਸ ਸਦਕਾ ਸਿੱਖ ਕੌਮ ਵਿੱਚ ਜ਼ੁਲਮ ਦੇ ਖ਼ਿਲਾਫ਼ ਡਟਣ ਦਾ ਹੌਸਲਾ ਪੈਦਾ ਹੋਇਆ। ਗੁਰੂ ਸਾਹਿਬ ਅਨੁਸਾਰ ਜਿਥੇ ਜ਼ੁਲਮ ਕਰਨਾ ਪਾਪ ਹੈ, ਉਥੇ ਜੁਲਮ ਨੂੰ ਸਹਿਣਾ ਇਸ ਤੋਂ ਵੀ ਵੱਡਾ ਪਾਪ ਹੈ।**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤਿ, ਸਰਬੰਸਦਾਨੀ, ਸੰਤ, ਸਿਪਾਹੀ, ਮਹਾਨ ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖਤਾ ਵਿੱਚ ਇੱਕ ਨਵੀਂ ਰੂਹ ਅਤੇ ਜੋਸ਼ ਭਰਿਆ।ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮੁੱਚੇ ਪਰਿਵਾਰ ਦੀ ਕੁਰਬਾਨੀ ਦੇ ਕੇ ਸਰਬੰਸਦਾਨੀ ਹੋਣ ਦੀ ਅਦਭੁੱਤ ਮਿਸਾਲ ਕਾਇਮ ਕੀਤੀ ਹੈ।ਗੁਰੂ ਸਾਹਿਬ ਨੇ ਛੋਟੀ ਜਿਹੀ ਉਮਰ ਦੇ ਵਿੱਚ ਮਨੁੱਖਤਾ ਲਈ ਆਪਣੇ ਪਿਤਾ ਜੀ ਨੂੰ ਕੁਰਬਾਨੀ ਦੇਣ ਲਈ ਭੇਜਿਆ । ਇਸ ਤੋਂ ਬਾਅਦ ਕੁਰਬਾਨੀਆਂ ਦਾ ਅਜਿਹਾ ਦੌਰ ਸ਼ੁਰੂ ਹੋਇਆ ਕਿ ਹੌਲੀ -ਹੌਲੀ ਕਰਕੇ ਉਨ੍ਹਾਂ ਨੇ ਆਪਣਾ ਸਾਰਾ ਪਰਿਵਾਰ ਕੌਮ ਤੋਂ ਵਾਰ ਦਿੱਤਾ। ਉਨ੍ਹਾਂ ਨੇ ਆਪਣੇ ਸਿੱਖਾਂ ਅਤੇ ਸਾਹਿਬਜ਼ਾਦਿਆਂ ਵਿਚ ਕੋਈ ਫਰਕ ਨਾ ਕਰਦੇ ਹੋਏ ਆਪਣੇ ਵੱਡੇ ਸਾਹਿਬਜਾਦਿਆਂ- ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਚਮਕੌਰ ਦੀ ਗੜ੍ਹੀ ਦੇ ਵਿੱਚ ਦੂਸਰੇ ਸਿੱਖਾਂ ਦੇ ਨਾਲ ਮੈਦਾਨ ਵਿੱਚ ਦੁਸ਼ਮਣਾਂ ਨਾਲ ਟਾਕਰਾ ਕਰਨ ਲਈ ਭੇਜ ਦਿੱਤਾ। ਉੱਧਰ ਪੋਹ ਦੇ ਠੰਢੇ-ਠੰਢੇ ਦਿਨਾਂ ਦੇ ਵਿੱਚ, ਜਦੋਂ ਅਸੀਂ ਆਪਣੇ ਬੱਚਿਆਂ ਨੂੰ ਠੰਢ ਤੋਂ ਸੰਭਾਲ-ਸੰਭਾਲ ਰੱਖਦੇ ਹਾਂ, ਪਰ ਗੁਰੂ ਜੀ ਦੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਨੇ ਠੰਢੇ ਬੁਰਜ ਵਿੱਚ ਰਾਤਾਂ ਕੱਟੀਆਂ । ਛੋਟੇ ਸਾਹਿਬਜ਼ਾਦੇ ਮੁਗਲਾਂ ਦੀ ਈਨ ਨਾ ਮੰਨਦੇ ਹੋਏ ਤੇ ਦੁਸ਼ਮਣ ਦੇ ਤਸੀਹੇ ਸਹਿੰਦੇ ਹੋਏ ਸ਼ਹੀਦੀ ਪਾ ਕੇ ਸਦਾ ਲਈ ਅਮਰ ਹੋ ਗਏ । ਇਸ ਗ਼ਮ ਦੇ ਵਿੱਚ ਮਾਤਾ ਗੁਜਰੀ ਜੀ ਵੀ ਸਵਾਸ ਤਿਆਗ ਗਏ। ਏਨੀਆਂ ਵੱਡੀਆਂ- ਵੱਡੀਆਂ ਕੁਰਬਾਨੀਆਂ ਦੇ ਕੇ ਵੀ ਗੁਰੂ ਸਾਹਿਬ ਦਾ ਸਿਦਕ ਨਾ ਡੋਲ੍ਹਿਆ ਅਤੇ ਓਹਨਾਂ ਸਮੁੱਚੇ ਸਿੱਖ ਜਗਤ ਨੂੰ ਹੀ ਆਪਣਾ ਪਰਿਵਾਰ ਮੰਨਦੇ ਹੋਏ ਕਿਹਾ

- ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥
ਚਾਰ ਮੁਏ ਤੋ ਕਿਆ ਹੁਆ ਜੀਵਤ ਕਈ ਹਜਾਰ ॥

ਗੁਰੂ ਜੀ ਦੇ ਜੀਵਨ ਦਾ ਉਦੇਸ਼ ਮਜ਼ਲੂਮਾਂ ਅਤੇ ਗਰੀਬਾਂ ਦੀ ਰੱਖਿਆ ਕਰਨਾ, ਸੱਚੇ ਧਰਮ ਦੀ ਸਥਾਪਨਾ ਕਰਨਾ ਅਤੇ ਜ਼ੁਲਮ ਦੇ ਖ਼ਿਲਾਫ਼ ਡਟ ਕੇ ਲੜਨਾ ਸੀ। ਇਸੇ ਕਾਰਨ ਹੀ ਉਨ੍ਹਾਂ ਨੇ ਵੱਖ ਵੱਖ ਧਰਮਾਂ ਅਤੇ ਜਾਤਾਂ ਦੇ ਲੋਕਾਂ ਦੇ ਇਕੱਠ ਵਿੱਚੋਂ ਪੰਜ ਵਿਅਕਤੀਆਂ ਨੂੰ ਚੁਣ ਕੇ 'ਪੰਜ ਪਿਆਰਿਆਂ' ਦਾ ਦਰਜਾ ਦਿੱਤਾ ਅਤੇ ਏਕਤਾ ਦਾ ਨਾਅਰਾ ਬੁਲੰਦ ਕੀਤਾ । ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੀ ਗੁਲਾਮ ਮਾਨਸਿਕਤਾ ਨੂੰ ਆਜਾਦ ਕਰਨ ਲਈ ਖਾਲਸਾ ਪੰਥ ਦੀ ਸਿਰਜਣਾ ਕੀਤੀ ਸੀ ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕਰ ਕੇ ਸਮੁੱਚੀ ਮਾਨਵਤਾ ਦੇ ਵਿੱਚ ਅਜਿਹਾ ਜਜ਼ਬਾ ਭਰਿਆ ਜਿਸ ਸਦਕਾ ਸਿੱਖ ਕੌਮ ਵਿੱਚ ਜ਼ੁਲਮ ਦੇ ਖ਼ਿਲਾਫ਼ ਡਟਣ ਦਾ ਹੌਸਲਾ ਪੈਦਾ ਹੋਇਆ। ਗੁਰੂ ਸਾਹਿਬ ਅਨੁਸਾਰ ਜਿਥੇ ਜ਼ੁਲਮ ਕਰਨਾ ਪਾਪ ਹੈ, ਉਥੇ ਜੁਲਮ ਨੂੰ ਸਹਿਣਾ ਇਸ ਤੋਂ ਵੀ ਵੱਡਾ ਪਾਪ ਹੈ।

ਗੁਰੂ ਸਾਹਿਬ ਨੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਧਾਰਮਿਕ ਅਡੰਬਰਾਂ ਤੇ ਵੇਖ ਵਿਖਾਵਿਆਂ ਦਾ ਵੀ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਪਰਮਾਤਮਾ ਨੂੰ ਸੱਚੇ ਮਨ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ।

ਇਸ ਸਬੰਧੀ ਗੁਰੂ ਜੀ ਕਹਿੰਦੇ ਹਨ -

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ
ਤਿਨ ਹੀ ਪ੍ਰਭੁ ਪਾਇਓ ॥

ਗੁਰੂ ਸਾਹਿਬ ਨੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਧਾਰਮਿਕ ਅਡੰਬਰਾਂ ਤੇ ਵੇਖ ਵਿਖਾਵਿਆਂ ਦਾ ਵੀ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਪਰਮਾਤਮਾ ਨੂੰ ਸੱਚੇ ਮਨ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ।

ਇਸ ਸਬੰਧੀ ਗੁਰੂ ਜੀ ਕਹਿੰਦੇ ਹਨ -

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ
ਤਿਨ ਹੀ ਪ੍ਰਭੁ ਪਾਇਓ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਸਗੋਂ ਉਹ ਆਪਣੇ ਆਪ ਨੂੰ ਉਸ ਪਰਮਾਤਮਾ ਦੇ ਸੇਵਕ ਮੰਨਦੇ ਸਨ ।ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰੂ' ਦਾ ਦਰਜਾ ਦੇ ਕੇ ਇਸ ਵਿੱਚ ਦੱਸੀ ਜੀਵਨ ਜਾਂਚ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦਾ ਉਪਦੇਸ਼ ਦਿੱਤਾ ਹੈ ।

ਗੁਰੂ ਗੋਬਿੰਦ ਸਿੰਘ ਜੀ ਦੀ ਬਹੁਪੱਖੀ ਸ਼ਖਸੀਅਤ ਦੀ ਉਪਮਾ ਕਰਨ ਲਈ ਸਾਡੇ ਕੋਲ ਸ਼ਬਦ ਘੱਟ ਪੈ ਜਾਂਦੇ ਹਨ। ਇਸ ਗੱਲ ਨੂੰ ਸਪਸ਼ਟ ਕਰਦਿਆਂ ਹੋਇਆ ਇੱਕ ਸ਼ਾਇਰ ਕਹਿੰਦਾ ਹੈ-

"ਕਰਤਾਰ ਕੀ ਕਸਮ, ਨਾਨਕ ਕੀ ਸੌਗੰਦ ਹੈ।
ਜਿਤਨੀ ਭੀ ਹੋ ਤਾਰੀਫ਼ ਗੁਰੂ ਗੋਬਿੰਦ ਕੀ ਵੋ ਕਮ ਹੈ।"

ਆਓ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂ ਜੀ ਦੁਆਰਾ ਦੱਸੇ ਹੋਏ ਮਾਰਗ ਤੇ ਚੱਲਣ ਦੀ ਕੋਸ਼ਿਸ਼ ਕਰੀਏ। ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਕਰੀਏ ਅਤੇ ਹਮੇਸ਼ਾਂ ਜ਼ੁਲਮ ਦਾ ਡਟ ਕੇ ਮੁਕਾਬਲਾ ਕਰੀਏ ।

**- ਜਤਿੰਦਰ ਕੌਰ ਸੇਖੋਂ**
**ਸਹਸ ਬੋੜਾਵਾਲ**
**9417760000**

# ਰਿਸ਼ਤਿਆਂ ਦੀ ਉਲਝ ਰਹੀ ਤਾਣੀ



ਰਿਸ਼ਤਿਆਂ ਦੇ ਟੁੱਟਣ ਦੀਆਂ ਖਬਰਾਂ ਆਏ ਦਿਨ ਅਖਬਾਰਾਂ ਅਤੇ ਖਬਰਾਂ ਵਿੱਚ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ ।ਇਸ ਵਿੱਚ ਹਰ ਉਹ ਰਿਸ਼ਤਾ ਹੈ ਜਿਸਨੇ ਪਰਿਵਾਰਾਂ ਬਣਾਉਣੇ ਹੁੰਦੇ ਹਨ ।ਇਥੇ ਲੜਕੀ ਜਾਂ ਲੜਕੇ ਦੀ ਗੱਲ ਕਰਾਂਗੇ ਅਤੇ ਨਾਲ ਹੀ ਦੋਵਾਂ ਧਿਰਾਂ ਦੇ ਮਾਪਿਆਂ ਦੀ ।ਇੰਨਾ ਰਿਸ਼ਤਿਆਂ ਨੂੰ ਕਾਨੂੰਨਾਂ ਦੇ ਸਹਾਰੇ ਦੀ ਵੀ ਸਮੇਂ ਸਮੇਂ ਤੇ ਜ਼ਰੂਰਤ ਪੈਂਦੀ ਹੈ ।ਉਨ੍ਹਾਂ ਕਾਨੂੰਨਾਂ ਦਾ ਅਤੇ ਕਾਨੂੰਨਾਂ ਨੂੰ ਲਾਗੂ ਕਰਵਾਉਣ ਵਾਲਿਆਂ ਦੀ ਭੂਮਿਕਾ ਵੀ ਅਹਿਮ ਹੈ ।ਸਮਾਜ ਆਪਣੀ ਭੂਮਿਕਾ ਵਿੱਚ ਕਿਵੇਂ ਅਤੇ ਕਿਥੇ ਕੁਤਾਹੀ ਕਰਦਾ ਹੈ,ਇਹ ਪੱਖ ਵੀ ਬਹੁਤ ਮਹੱਤਵਪੂਰਨ ਹੈ ।ਇਸ ਸੱਭ ਦੇ ਚਲਦੇ ਪੁਲਿਸ ਆਪਣਾ ਰੋਲ ਕਿਵੇਂ ਨਿਭਾਉਂਦੀ ਹੈ ਵੇਖਣਾ ਬਹੁਤ ਜ਼ਰੂਰੀ ਹੈ।

ਜਦੋਂ ਵੀ ਪਰਿਵਾਰਾਂ ਵਿੱਚ ਵਿਗਾੜ ਪੈਂਦਾ ਹੈ ਤਾਂ ਅਸਰ ਦੋਨੋਂ ਪਰਿਵਾਰਾਂ ਤੇ ਪੈਂਦਾ ਹੈ ।ਸਮਾਜ ਵਿੱਚ ਤਲਾਕ ਦੇ ਕੇਸਾਂ ਅਤੇ ਖੁਦਕੁਸ਼ੀਆਂ ਦੀਆਂ ਖਬਰਾਂ ਵਧਦੀਆਂ ਜਾ ਰਹੀਆਂ ਹਨ ।ਮਾਪਿਆਂ ਨੂੰ ਘਰਾਂ ਵਿੱਚ ਫਾਲਤੂ ਸਮਾਨ ਵਾਂਗ ਸਮਝਿਆ ਜਾਂਦਾ ਹੈ ।ਮਾਪਿਆਂ ਨੂੰ ਘਰਾਂ ਵਿੱਚ ਰੱਖਣਾ ਵੀ ਮੁਸੀਬਤ ਲੱਗਦੀ ਹੈ ।ਰਿਸ਼ਤਿਆਂ ਦੀ ਤਾਣੀ ਬਹੁਤ ਬੁਰੀ ਤਰ੍ਹਾਂ ਉਲਝੀ ਹੋਈ ਅਤੇ ਉਲਝ ਰਹੀ ਹੈ ।ਸਭ ਤੋਂ ਪਹਿਲਾਂ ਬਣੇ ਕਾਨੂੰਨਾਂ ਦੀ ਗੱਲ ਕਰਦੇ ਹਾਂ।ਬਜੁਰਗਾਂ ਲਈ ਸੀਨੀਅਰ ਸਿਟੀਜ਼ਨ ਐਕਟ ਬਣਾ ਦਿੱਤਾ ਪਰ ਦਫਤਰਾਂ ਵਿੱਚ ਜਦੋਂ ਬਜੁਰਗਾਂ ਜਾਂਦੇ ਹਨ ਤਾਂ ਉਨ੍ਹਾਂ ਨੂੰ ਚੱਕਰਾਂ ਵਿੱਚ ਹੀ ਪਾਇਆ ਜਾਂਦਾ ਹੈ ।ਬਜੁਰਗਾਂ ਵਿੱਚ ਇੰਨੀ ਸ਼ਕਤੀ ਨਹੀਂ ਹੁੰਦੀ ਕਿ ਉਹ ਦਫਤਰਾਂ ਦੇ ਚੱਕਰ ਮਾਰਨ ।ਦਹੇਜ ਦਾ ਰੌਲਾ ਪਿਆ ਤਾਂ ਕਾਨੂੰਨ ਬਣਾ ਦਿੱਤਾ। ਉਸ ਕਾਨੂੰਨ ਨੂੰ ਪੂਰੀ ਤਰ੍ਹਾਂ ਲਾਗੂ ਹੀ ਨਹੀਂ ਕੀਤਾ ਜਾ ਰਿਹਾ। ਉਸ ਕਾਨੂੰਨ ਦੀ ਦੁਰਵਰਤੋਂ ਨੇ ਘਰਾਂ ਨੂੰ ਤਬਾਹ ਕਰਨ ਦਾ ਵਧੇਰੇ ਕੰਮ ਕੀਤਾ ।ਧੀਆਂ ਨੂੰ ਬਰਾਬਰਤਾ ਦੇ ਹੱਕ ਵਿੱਚ ਬਣੇ ਕਾਨੂੰਨ ਵਿੱਚ ਜਾਇਦਾਦ ਵਿੱਚ ਬਰਾਬਰਤਾ ਤਾਂ ਨਹੀਂ ਦਿੱਤੀ ਜਾਂਦੀ ਪਰ ਧੀ ਦੇ ਸਹੁਰੇ ਪਰਿਵਾਰ ਵਿੱਚ ਦਖਲ ਵਧੇਰੇ ਵਧਿਆ ਹੈ।

ਹੁਣ ਗੱਲ ਕਰਦੇ ਹਾਂ ਘਰਾਂ ਵਿੱਚ ਵਧ ਰਹੀਆਂ ਲੜਾਈਆਂ ਦੀ ।ਅਸਲ ਵਿੱਚ ਜਦੋਂ ਲੜਕੇ ਦਾ ਵਿਆਹ ਹੁੰਦਾ ਹੈ ਤਾਂ ਹੁਣ ਦੋ ਪਰਿਵਾਰਾਂ ਦਾ ਰਿਸ਼ਤਾ ਘੱਟ ਬਣਦਾ ਹੈ ।ਲੜਕੀਆਂ ਦੇ ਮਾਪੇ ਜਵਾਈ ਨਾਲ ਰਿਸ਼ਤਾ ਬਣਾਉਂਦੇ ਹਨ ।ਅੱਜ ਹਰ ਕੋਈ ਇਹ ਕਹਿੰਦਾ ਹੈ ਕਿ ਧੀਆਂ ਮਾਪਿਆਂ ਦਾ ਬਹੁਤ ਖਿਆਲ ਰੱਖਦੀਆਂ ਹਨ ।ਸਾਡਾ ਜਵਾਈ ਸਾਡਾ ਬਹੁਤ ਧਿਆਨ ਰੱਖਦਾ ਹੈ ।ਜਿਹੜਾ ਧੀ ਜਵਾਈ ਤੁਹਾਡੇ ਲਈ ਇੰਨਾ ਸਮਾਂ ਕੱਢ ਰਹੇ ਹਨ,ਉਹ ਲੜਕੇ ਦੇ ਮਾਪਿਆਂ ਨੂੰ ਅਣਗੌਲਿਆਂ ਕਰਕੇ ਹੀ ਨਿਕਲਦਾ ਹੈ ।ਬਜੁਰਗਾਂ ਦਾ ਕਹਿਣਾ ਹੈ ਕਿ ਜਿਹੜੀ ਧੀ ਵਿਆਹ ਤੋਂ ਬਾਅਦ ਮਾਪਿਆਂ ਵੱਲ ਨੂੰ ਵਧੇਰੇ ਉਲਾਰ ਰੱਖਦੀ ਹੈ ਉਸਦਾ ਆਪਣਾ ਘਰ ਕਦੇ ਨਹੀਂ ਵਸ ਸਕਦਾ ।ਦੂਸਰੇ ਪਾਸੇ ਉਹ ਮਾਪੇ ਜਿਹੜੇ ਧੀਆਂ ਦੇ ਸਹੁਰੇ ਪਰਿਵਾਰ ਵਿੱਚ ਵਧੇਰੇ ਦਖਲ ਦੇਂਦੇ ਹਨ,ਉਹ ਆਪਣੀ ਧੀ ਦਾ ਘਰ ਉਜਾੜਨ ਵਿੱਚ ਕੋਈ ਕਸਰ ਨਹੀਂ ਛੱਡਦੇ ।ਲੜਕੇ ਦੇ ਪਰਿਵਾਰ ਦਾ ਦਖਲ ਹੋਣਾ ਸੁਭਾਵਿਕ ਹੈ ਕਿਉਂਕਿ ਲੜਕੀ ਨੇ ਉਸ ਘਰ ਵਿੱਚ ਰਹਿਣਾ ਹੈ ।ਉਹ ਘਰ ਪਿੱਛਲੇ ਕਈ ਦਹਾਕਿਆਂ ਤੋਂ ਉਵੇਂ ਹੀ ਚੱਲ ਰਿਹਾ ਹੈ ।ਜਿਹੜੇ ਮਾਪੇ ਇਹ ਸੋਚਦੇ ਹਨ ਕਿ ਲੜਕੇ ਦੇ ਮਾਪੇ ਬੱਚਿਆਂ ਲਈ ਕੁੱਝ ਸੋਚਦੇ ਹੀ ਨਹੀਂ,ਅਸੀਂ ਹੀ ਵਧੇਰੇ ਉਨ੍ਹਾਂ ਦੀ ਪ੍ਰਵਾਹ ਕਰਦੇ ਹਾਂ ਅਤੇ ਉਨ੍ਹਾਂ ਦਾ ਭਲਾ ਸੋਚਦੇ ਹਾਂ, ਅਜਿਹੇ ਮਾਪੇ ਆਪਣੀ ਧੀ ਦਾ ਫਾਇਦਾ ਘੱਟ ਅਤੇ ਨੁਕਸਾਨ ਵਧੇਰੇ ਕਰਦੇ ਹਨ ।ਇਸ ਵਕਤ ਦਹੇਜ ਦਾ ਰੌਲਾ ਬਹੁਤ ਘੱਟ ਹੈ ।ਦਖਲਅੰਦਾਜ਼ੀ ਕਰਕੇ ਰਿਸ਼ਤਿਆਂ ਵਿੱਚ ਵਿਗਾੜ ਵਧੇਰੇ ਹੈ ।ਵਿਆਹ ਤੋਂ ਕੁੱਝ ਦਿਨਾਂ ਬਾਅਦ ਹੀ ਸਮਸਿਆ ਸ਼ੁਰੂ ਹੋ ਜਾਂਦੀ ਹੈ ।ਜੇਕਰ ਲੜਕੀ ਨੂੰ ਔਖਾ ਲੱਗਦਾ ਹੈ ਤਾਂ ਲੜਕੇ ਨੂੰ ਵੀ ਔਖਾ ਲੱਗਦਾ ਹੈ ।ਜੇਕਰ ਲੜਕੀ ਦੇ ਮਾਪਿਆਂ ਨੂੰ ਤਕਲੀਫ਼ ਹੁੰਦੀ ਹੈ ਤਾਂ ਲੜਕੇ ਦੇ ਮਾਪਿਆਂ ਨੂੰ ਵੀ ਤਕਲੀਫ਼ ਹੁੰਦੀ ਹੈ ।ਜੇਕਰ ਲੜਕੀ ਦੇ ਮਾਪਿਆਂ ਦਾ ਵਿਆਹ ਵਿੱਚ ਖਰਚਾ ਹੁੰਦਾ ਹੈ ਤਾਂ ਲੜਕੇ ਵਾਲਿਆਂ ਦਾ ਵੀ ਖਰਚਾ ਹੁੰਦਾ ਹੈ ।ਅਸਲ ਵਿੱਚ ਪ੍ਰਸ਼ਾਸ਼ਨ,ਪੁਲਿਸ ਅਤੇ ਅਦਾਲਤਾਂ ਵਿੱਚ ਵਧੇਰੇ ਕਰਕੇ ਸਿਰਫ਼ ਲੜਕੀਆਂ ਦੀ ਗੱਲ ਸੁਣੀ ਜਾਂਦੀ ਹੈ ।ਲੜਕੇ ਦੇ ਮਾਪਿਆਂ ਅਤੇ ਲੜਕੇ ਦੇ ਪੱਖ ਨੂੰ ਸੁਣਨਾ ਜਾਂ ਨਾ ਸੁਣਨਾ ਇਕ ਬਰਾਬਰ ਹੈ ।ਪਿਛੱਲੇ ਦਿਨੀਂ ਇਵੇਂ ਦਾ ਹੀ ਕੁੱਝ ਹੋਇਆ ।ਵਿਦੇਸ਼ ਵਿੱਚ ਰਹਿੰਦੇ ਲੜਕੇ ਦਾ ਚਾਰ ਕੁ ਸਾਲ ਪਹਿਲਾਂ ਵਿਆਹ ਹੋਇਆ ।ਲੜਕੀ ਵਿਦੇਸ਼ ਚਲੀ ਗਈ। ਉਥੇ ਜਾਕੇ ਲੜਕੇ ਦੇ ਘਰ ਵਿੱਚ ਰਹੇ ਹੀ ਨਾ ।ਖੈਰ ਅਖੀਰ ਵਿੱਚ ਸਾਰੇ ਕੇਸ ਲੜਕੇ ਅਤੇ ਉਸਦੇ ਪਰਿਵਾਰ ਤੇ ਭਾਰਤ ਵਿੱਚ ਵੀ ਪਾਏ ।ਪੁਲਿਸ ਸਟੇਸ਼ਨਾਂ ਦੇ ਚੱਕਰ,ਬਿੰਨਾ ਗਲਤੀ ਦੇ ਕੇਸ ਅਤੇ ਤਰੀਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ।ਅਖੀਰ ਉਸੇ ਥਾਂ ਤੇ ਕੇਸ ਆ ਖੜ੍ਹਾ ਹੋਇਆ ਕਿ ਲੈ ਦੇਕੇ ਕੰਮ ਖਤਮ ਕੀਤਾ ਜਾਵੇ ।ਮੁਆਫ਼ ਕਰਨਾ ਇਹ ਸਮਾਜ ਦਾ ਬੇਹੱਦ ਕਰੂਪ ਚਿਹਰਾ ਬਣਦਾ ਜਾ ਰਿਹਾ ਹੈ ।ਲੜਕੇ ਵਾਲਿਆਂ ਤੋਂ ਮੋਟੀਆਂ ਰਕਮਾਂ ਲੈ ਰਹੇ ਨੇ ਲੜਕੀਆਂ ਵਾਲੇ ।ਕਾਨੂੰਨ ਦੀ ਸ਼ਰੇਆਮ ਅਤੇ ਬੜੀ ਬੇਸ਼ਰਮੀ ਨਾਲ ਦੁਰਵਰਤੋਂ ਹੋ ਰਹੀ ਹੈ ।ਸਵਾਲ ਇਹ ਉੱਠਦਾ ਹੈ ਕਿ ਇਹ ਪੈਸਾ ਲੈਣ ਤੋਂ ਬਾਅਦ ਉਹ ਦੂਸਰਾ ਵਿਆਹ ਕਰਵਾਉਂਦੀਆਂ ਹਨ ਜਾਂ ਨਹੀਂ। ਖਰਚੇ ਲੜਕੇ ਵਾਲਿਆਂ ਨੇ ਵੀ ਵਿਆਹ ਵਿੱਚ ਕੀਤੇ ਸੀ,ਅਗਲੀ ਜ਼ਿੰਦਗੀ ਲੜਕੇ ਨੇ ਵੀ ਕੱਟਣੀ ਹੈ ।ਫ਼ੇਰ ਲੜਕੇ ਦੇ ਮਾਪਿਆਂ ਅਤੇ ਲੜਕੇ ਨੂੰ ਇੰਨੀ ਬੁਰੀ ਤਰ੍ਹਾਂ ਬਰਬਾਦ ਕਿਉਂ ਕੀਤਾ ਜਾਂਦਾ ਹੈ,ਇਸਦਾ ਜਵਾਬ ਕੌਣ ਦੇਵੇਗਾ ਅਤੇ ਇਸ ਪਰਿਵਾਰ ਦੀ ਬਰਬਾਦੀ ਦੀ ਜ਼ਿੰਮੇਵਾਰੀ ਕਾਹਦੀ ਹੈ ।ਇਹ ਪੈਸੇ ਲੈਣ ਦਾ ਕੰਮ ਜੰਗਲ ਦੀ ਅੱਗ ਵਾਂਗ ਫੈਲ ਰਿਹਾ ਹੈ ।ਜਿੰਨੇ ਵੀ ਦੋਹਾਂ ਪਰਿਵਾਰਾਂ ਦੇ ਖਰਚੇ ਹਨ,ਉਨ੍ਹਾਂ ਦੀਆਂ ਰਸੀਦਾਂ ਲਵੋ ।ਜਿਹੜਾ ਵਾਧਾ ਘਾਟਾ ਹੈ ਉਸਦਾ ਲੈਣ ਦੇਣ ਹੋਵੇ ।ਇਹ ਤਾਂ ਲੜਕੇ ਅਤੇ ਲੜਕੇ ਦੇ ਮਾਪਿਆਂ ਨੂੰ ਜਿਉਂਦੇ ਜੀ ਮਾਰਨਾ ਹੀ ਹੈ ।ਜਿੰਨੀ ਦੇਰ ਇਹ ਮੋਟੀਆਂ ਰਕਮਾਂ ਲੈਕੇ ਫੈਸਲੇ ਹੁੰਦੇ ਰਹੇ,ਅਜਿਹੇ ਕੇਸਾਂ ਤੇ ਠੱਲ ਨਹੀਂ ਪਵੇਗੀ ।ਦਹੇਜ ਲੈਣ ਅਤੇ ਦੇਣ ਵਾਲਿਆਂ ਦੋਹਾਂ ਤੇ ਬਰਾਬਰ ਕੇਸ ਦਰਜ ਹੋਵੇ ।ਦੋਹਾਂ ਦੇ ਸਮਾਨ ਦੀ ਵਾਪਸੀ ਹੋਵੇ,ਦੋਹਾਂ ਦੇ ਖਰਚੇ ਦਾ ਫਰਕ ਹੀ ਦਿੱਤਾ ਜਾਵੇ ।ਫ਼ੇਰ ਉਹ ਲੋਕ ਹੀ ਸ਼ਕਾਇਤ ਕਰਨਗੇ ਜੋ ਅਸਲ ਵਿੱਚ ਤੰਗ ਪ੍ਰੇਸ਼ਾਨ ਹੋਣਗੇ। ਜੇਕਰ ਪ੍ਰਸ਼ਾਸ਼ਨ ਜਾਂ ਪੁਲਿਸ ਦੀ ਭੂਮਿਕਾ ਦੀ ਗੱਲ ਕਰੀਏ ਤਾਂ ਇਹ ਬਹੁਤ ਨਿਰਾਸ਼ਾਜਨਕ ਹੈ ।ਜੇਕਰ ਇੰਨਾ ਦਾ ਰੋਲ ਠੀਕ ਹੋਵੇ ਤਾਂ ਵੀ ਕੁੱਝ ਠੱਲ ਪੈ ਸਕਦੀ ਹੈ ।ਇਥੇ ਲੜਕਿਆਂ ਦੇ ਮਾਪਿਆਂ ਨੂੰ ਨਿਚੋੜਿਆ ਜਾਂਦਾ ਹੈ ।ਉਨ੍ਹਾਂ ਨੂੰ ਵਧੇਰੇ ਕਰਕੇ ਬਿੰਨਾ ਗਲਤੀ ਦੇ ਦੋਸ਼ੀ ਬਣਾ ਦਿੱਤਾ ਜਾਂਦਾ ਹੈ ।ਉਹ ਪੁਲਿਸ ਵਾਲੇ ਲੜਕੇ ਹਨ,ਪਤੀ ਹਨ,ਪੁੱਤ ਹਨ ਅਤੇ ਮਾਪੇ ਵੀ ਹੋਣਗੇ ।ਲੜਕੇ ਦੇ ਮਾਪਿਆਂ ਦੀ ਥਾਂ ਆਪਣੇ ਆਪ ਨੂੰ ਖੜ੍ਹਾ ਕਰਕੇ ਵੇਖਣਾ,ਕਿੰਨੀ ਤਕਲੀਫ਼ ਹੁੰਦੀ ਹੈ ।ਮੁਆਫ਼ ਕਰਨਾ ਇਹ ਰਿਸ਼ਵਤ ਅਤੇ ਭ੍ਰਿਸ਼ਟਾਚਾਰ ਦੀ ਵੀ ਦੇਣ ਹੈ ।ਜਿਹੜੀ ਅੱਗ ਨੂੰ ਫੈਲਾਉਣ ਲਈ ਪੱਬਾਂ ਭਾਰ ਹੋ ਇਸਦਾ ਸੇਕ ਲੱਗੇਗਾ ਤਾਂ ਹਰ ਕਿਸੇ ਨੂੰ ।ਲਾਹਨਤ ਹੈ ਅਜਿਹੀ ਸੋਚਦੇ ਜੋ ਪਰਿਵਾਰਾਂ ਅਤੇ ਸਮਾਜ ਨੂੰ ਤਬਾਹੀ ਵਾਲੇ ਪਾਸੇ ਧਕੇਲ ਰਹੀਆਂ ਹਨ ।ਸਿਰਫ਼ ਇੱਕ ਧਿਰ ਦਾ ਦਰਦ ਵਿਖਾਈ ਦਿੰਦਾ ਹੈ,ਕਦੇ ਦੂਸਰੇ ਪਾਸੇ ਖੜ੍ਹੇ ਮਾਪਿਆਂ ਦਾ ਦਰਦ ਵੀ ਸਮਝ ਲੈਣਾ ਚਾਹੀਦਾ ਹੈ। ਕਦੇ ਉਸ ਬੇਕਸੂਰ ਲੜਕੇ ਦੀ ਮਾਨਸਿਕ ਹਾਲਤ ਨੂੰ ਵੀ ਵੇਖ ਲੈਣਾ ਚਾਹੀਦਾ ਹੈ ।ਹਰ ਅਧਿਕਾਰੀ, ਅਫਸਰ ਅਤੇ ਮੁਲਾਜ਼ਮ ਨੂੰ ਇਹ ਦਿਲ ਦਿਮਾਗ ਵਿੱਚ ਬੈਠਾ ਲੈਣਾ ਚਾਹੀਦਾ ਹੈ ਕਿ ਜਿਸ ਅੱਗ ਵਿੱਚ ਮੈ ਤੇਲ ਪਾ ਰਿਹਾ ਹਾਂ,ਉਹ ਇਕ ਦਿਨ ਮੇਰੇ ਵਿਹੜੇ ਵੀ ਆਏਗੀ ।ਬੇਕਸੂਰ ਮਾਪਿਆਂ ਦੀਆਂ ਬਦਦੁਆਵਾਂ ਅਤੇ ਹੂੰਝ ਕਦੇ ਵੀ ਖਾਲੀ ਨਹੀਂ ਜਾਂਦੇ ।ਕਾਨੂੰਨ ਨੂੰ ਪੂਰੀ ਤਰ੍ਹਾਂ ਵਰਤੋ ।ਇਕ ਤਰਫਾ ਨਾ ਚੱਲੋ ।ਜਿਹੜਾ ਜਿੰਨਾ ਗਲਤ ਹੈ,ਉਸਨੂੰ ਉਂਨੀ ਹੀ ਸਜਾ ਦਿਉ। ਰਿਸ਼ਤਿਆਂ ਦੀ ਤਾਣੀ ਦਿਨੋਂ ਦਿਨ ਉਲਝ ਹੀ ਰਹੀ ਹੈ ।ਕਾਨੂੰਨਾਂ ਦੀ ਵੀ ਦੁਰਵਰਤੋਂ ਹੋ ਰਹੀ ਹੈ ।ਜਿੰਨਾ ਨੇ ਕਾਨੂੰਨਾਂ ਨੂੰ ਲਾਗੂ ਕਰਵਾਉਣਾ ਹੈ ਉਹ ਵੀ ਇਮਾਨਦਾਰੀ ਨਾਲ ਜ਼ਿੰਮੇਵਾਰੀ ਨਹੀਂ ਨਿਭਾਅ ਰਹੇ ।ਨੈਤਿਕ ਕਦਰਾਂ ਕੀਮਤਾਂ ਦਾ ਜਨਾਜਾ ਨਿਕਲ ਚੁੱਕਿਆ ਹੈ। ਹਰ ਕਿਸੇ ਦੀ ਜ਼ਿੰਮੇਵਾਰੀ ਹੈ,ਦਹੇਜ ਨਾ ਦਿਉ ਅਤੇ ਨਾ ਲਵੋ,ਧੀਆਂ ਨੂੰ ਕਾਨੂੰਨੀ ਤੌਰ ਤੇ ਬਰਾਬਰਤਾ ਅਨੁਸਾਰ ਉਸਦਾ ਬਣਦਾ ਹਰ ਚੀਜ਼ ਵਿੱਚ ਹਿੱਸਾ ਦਿਉ ।ਧੀਆਂ ਦੇ ਸਹੁਰੇ ਪਰਿਵਾਰ ਵਿੱਚ ਦਖਲ ਵਿੱਚ ਦਖਲਅੰਦਾਜ਼ੀ ਨਾ ਕਰੋ ਕਿਉਂਕਿ ਉਹ ਘਰ ਅਤੇ ਪਰਿਵਾਰ ਲੜਕੇ ਦੇ ਮਾਪਿਆਂ ਦਾ ਹੈ ।ਜੇਕਰ ਰਿਸ਼ਤੇ ਨਹੀਂ ਚੱਲਦੇ ਤਾਂ ਜਿੰਨਾ ਖਰਚਾ ਕੀਤਾ ਹੈ ਉਹ ਹੀ ਲਵੋ,ਲੁਟੇਰਿਆਂ ਵਾਂਗ ਲੜਕੇ ਅਤੇ ਉਸਦੇ ਮਾਪਿਆਂ ਨੂੰ ਨਾ ਲੁੱਟੋ ।ਸਭ ਤੋਂ ਵਧੇਰੇ ਜ਼ਰੂਰੀ ਹੈ ਕਿ ਇਹ ਵੱਡੀਆਂ ਰਕਮਾਂ ਲੈਕੇ ਸਮਝੌਤੇ ਨਾ ਹੋਣ ਅਤੇ ਕੇਸ ਦਹੇਜ ਦੇ ਲੈਣ ਅਤੇ ਦੇਣ ਵਾਲਿਆਂ ਦੋਹਾਂ ਤੇ ਦਰਜ ਹੋਵੇ ।ਰਿਸ਼ਤੇ ਪਰਿਵਾਰਾਂ ਅਤੇ ਸਮਾਜ ਲਈ ਬਹੁਤ ਜ਼ਰੂਰੀ ਹਨ ਸੋ ਇਸ ਉਲਝੀ ਅਤੇ ਉਲਝ ਰਹੀ ਤਾਣੀ ਨੂੰ ਸੁਲਝਾਉਣ ਲਈ ਕੋਸ਼ਿਸ਼ ਕਰੀਏ।



ਪ੍ਰਭਜੋਤ ਕੌਰ ਢਿੱਲੋਂ ਮੁਹਾਲੀ
ਮੋਬਾਈਲ ਨੰਬਰ 9815030221

# ਪਗੜੀ ਸੰਭਾਲ ਜੱਟਾ

ਅੱਜ ਇਕ ਵਾਰ ਫਿਰ ਇਤਿਹਾਸ ਦੇ ਪੰਨੇ ਪਲਟੇ ਹਨ ।ਇਤਿਹਾਸ ਆਪਣੇ-ਆਪ ਨੂੰ ਦੁਹਰਾ ਰਿਹਾ ਹੈ ।ਇਤਿਹਾਸ ਗਵਾਹ ਹੈ ਕਿ 1907 ਵਿੱਚ ਸਹੀਦ ਭਗਤ ਸਿੰਘ ਦੇ ਪਿਤਾ ਕਿਸਨ ਸਿੰਘ ਤੇ ਚਾਚਾ ਅਜੀਤ ਸਿੰਘ ਨੇ ਅੰਗਰੇਜਾਂ ਦੇ ਤਿੰਨ ਕਾਲੇ ਕਾਨੂੰਨਾਂ ਦੇ ਖਿਲਾਫ ਅੰਦੋਲਨ ਕੀਤਾ ਸੀ। ਤੇ ਉਸ ਸਮੇਂ ਦੀ ਅੰਗਰੇਜ ਸਰਕਾਰ ਨੂੰ ਪਾਸ ਕੀਤੇ ਗਏ ਕਾਲੇ ਖੇਤੀ ਬਿੱਲਾਂ ਨੂੰ ਵਾਪਸ ਲੈਣਾ ਪਿਆ। ਉਸ ਸਮੇਂ ਬਹੁਤ ਵੱਡਾ ਅੰਦੋਲਨ ਹੋਇਆ ਸੀ। ਜੇ ਉਸ ਸਮੇਂ ਇਹ ਮਾਰੂ ਖੇਤੀ ਕਾਨੂੰਨ ਵਾਪਸ ਨਾ ਹੁੰਦੇ ,ਤਾਂ ਜਮੀਂਦਾਰ ਆਪਣੀ ਹੀ ਜਮੀਨ ਤੇ ਮਜਦੂਰ ਬਣ ਜਾਂਦੇ।' ਪਗੜੀ ਸੰਭਾਲ ਜੱਟਾ 'ਇਸ ਅੰਦੋਲਨ ਦਾ ਨਾਅਰਾ ਬਣਿਆ ।ਜਮਹੂਰੀਅਤ ਵਿੱਚ ਕਿਸੇ ਵੀ ਬਿਲ ਤੇ ਦੁਬਾਰਾ ਵਿਚਾਰ ਕਰਨਾ ਸੰਭਵ ਹੈ। ਅੱਜ ਵੀ ਉਹੀ ਸਥਿਤੀ ਹੈ। ਕੇਂਦਰ ਸਰਕਾਰ ਵੱਲੋਂ ਤੱਤ ਪੁੜੱਤ 'ਚ ਕਾਰਪੋਰੇਟਾਂ ਨੂੰ ਫਾਇਦਾ ਪਹੁੰਚਾਉਣ ਲਈ ਇਹ ਬਿੱਲ ਪਾਸ ਕਰ ਦਿੱਤੇ ਗਏ। ਜਿਸ ਦਾ ਕਿਸਾਨ ਭਰਾਵਾਂ ਨੂੰ ਡਰ ਸਤਾਉਣ ਲੱਗਾ।

ਦੇਖਦੇ ਹੀ ਦੇਖਦਿਆਂ ਹਰ ਤਬਕੇ ਵੱਲੋਂ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਜਾ ਰਹੀ ਹੈ ।ਬੱਚੇ, ਬਜੁਰਗ, ਔਰਤਾਂ ਅੰਗਹੀਣ, ਕਲਾਕਾਰ ,ਲੇਖਕ ਹਰ ਤਬਕੇ ਵੱਲੋਂ ਇਸ ਵਿਚ ਸਮੂਲੀਅਤ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਨਾਲ ਕਿਸਾਨ ਜਥੇਬੰਦੀਆਂ ਦੀ ਕਈ ਮੀਟਿੰਗਾਂ ਵੀ ਹੋਈਆਂ ,ਪਰ ਕੋਈ ਸਾਰਥਿਕ ਨਤੀਜਾ ਨਹੀਂ ਨਿਕਲਿਆ। ਕਿਸਾਨ ਜਥੇਬੰਦੀਆਂ ਵੱਲੋਂ ਮਾਰੂ ਖੇਤੀ ਬਿੱਲਾਂ ਵਿੱਚ ਬਹੁਤ ਜਿਆਦਾ ਗਲਤੀਆਂ ਕੱਢੀਆਂ ਗਈਆਂ। ਤਾਂ ਸਰਕਾਰ ਕਹਿਣ ਲੱਗੀ ਕਿ ਅਸੀਂ ਸੋਧ ਕਰਨ ਲਈ ਤਿਆਰ ਹਾਂ। ਸੋਚਣ ਵਾਲੀ ਗੱਲ ਹੈ ਕਿ ਜਿਹੜੇ ਬਿੱਲਾਂ ਵਿਚ ਪਹਿਲੇ ਹੀ ਇੰਨੀ ਗਲਤੀਆਂ ਹਨ , ਉਹਨਾਂ ਨੂੰ ਕਿਉਂ ਰੱਦ ਨਹੀਂ ਕੀਤਾ ਜਾ ਰਿਹਾ ?ਆਖਿਰ ਕੇਂਦਰ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਇਨ੍ਹਾਂ ਬਿੱਲਾਂ ਨੂੰ ਰੱਦ ਕਰਨ ਦੇ ਮੂਡ ਵਿਚ ਨਹੀਂ ਹੈ ?

ਅੱਜ ਪੂਰੇ ਵਿਸਵ ਵਿੱਚ ਕਿਸਾਨੀ ਅੰਦੋਲਨ ਦੀ ਹਮਾਇਤ ਕੀਤੀ ਜਾ ਰਹੀ ਹੈ ।ਵਿਦੇਸਾਂ ਵਿੱਚ ਵੀ ਇਸ ਅੰਦੋਲਨ ਦੀ ਆਵਾਜ ਪਹੁੰਚੀ ਹੈ ।ਠੀਕ ਹੈ ਜੇ ਤੁਸੀਂ ਕਾਨੂੰਨ ਬਣਾਉਣੇ ਹੀ ਹਨ ,ਤਾਂ ਕਿਸਾਨ ਜਥੇਬੰਦੀਆਂ ਦੀ ਸਲਾਹ ਨਾਲ ਬਣਾਓ। ਮੋਦੀ ਤੇ ਕੇਂਦਰ ਦੇ ਵਜੀਰ ਜਿੱਥੇ ਵੀ ਜਾਂਦੇ ਹਨ ,ਇਹ ਕਾਲੇ ਬਿੱਲਾਂ ਦੀ ਵਕਾਲਤ ਕਰਨੀ ਸੁਰੂ ਕਰ ਦਿੰਦੇ ਹਨ। ਜਿਨ੍ਹਾਂ ਵਜੀਰਾਂ ਜਾਂ ਬੀਜੇਪੀ ਆਗੂਆਂ ਨੂੰ ਇਹ ਨਹੀਂ ਪਤਾ ਕਿ ਇੱਕ ਕਿੱਲੇ ਵਿੱਚ ਕਣਕ ਦਾ ਕਿੰਨਾ ਬੀਜ ਪੈਂਦਾ ਹੈ ,ਉਹ ਕਿਸਾਨਾਂ ਨੂੰ ਖੇਤੀ ਬਿੱਲਾਂ ਦੇ ਫਾਇਦੇ ਗਿਣਾ ਰਹੇ ਹਨ।

7 ਜਨਵਰੀ ਨੂੰ ਦਿੱਲੀ ਦੀਆਂ ਬਰੂਹਾਂ ਤੇ ਟਰੈਕਟਰ ਮਾਰਚ ਕੱਢਿਆ ਗਿਆ। ਹੁਣ 26 ਜਨਵਰੀ ਨੂੰ ਦਿੱਲੀ ਦੇ ਅੰਦਰ ਵੜ ਕੇ ਟਰੈਕਟਰ ਪਰੇਡ ਕੀਤੀ ਜਾਵੇਗੀ ।ਖਾਸ ਕਰਕੇ ਪੰਜਾਬ ਹਰਿਆਣੇ ਦਾ ਜਮੀਂਦਾਰ ਆਪਣੇ ਟਰੈਕਟਰ ਲੈ ਕੇ ਇਸ ਪਰੇਡ ਵਿਚ ਸਾਮਲ ਹੋਵੇਗਾ ।ਪੰਜਾਬ ਦੀਆਂ ਔਰਤਾਂ ਨੂੰ ਦੇਖ ਕੇ ਹਰਿਆਣੇ ਦੀਆਂ ਔਰਤਾਂ ਵੀ ਹੁਣ ਜਾਗਰੂਕ ਹੋ ਚੁੱਕੀਆਂ ਹਨ ।ਉਹ ਵੀ ਹੁਣ ਟਰੈਕਟਰ ਚਲਾਉਣ ਦੀ ਸਿਖਲਾਈ ਲੈ ਰਹੀਆਂ ਹਨ ।ਇੱਕ ਮੈਂਬਰ ਨੇ ਅਦਾਲਤੀ ਕਮੇਟੀ ਨੂੰ ਅਲਵਿਦਾ ਵੀ ਕਹਿ ਦਿੱਤਾ ਹੈ ।ਹਾਲਾਂਕਿ ਜੋ ਕਮੇਟੀ ਦੇ ਮੈਂਬਰ ਹਨ, ਉਹ ਸੁਰੂ ਤੋਂ ਹੀ ਕਾਲੇ ਖੇਤੀ ਬਿਲਾਂ ਦੀ ਹਮਾਇਤ ਕਰਦੇ ਆਏ ਹਨ। ਅਕਸਰ ਇਹ ਮੈਂਬਰ ਆਮ ਕਹਿੰਦੇ ਸਨ ਕਿ ਕਾਨੂੰਨਾਂ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ। 70 ਸਾਲਾਂ ਵਿੱਚ ਪਹਿਲੀ ਵਾਰ ਮੋਦੀ ਜੀ ਨੇ ਕਿਸਾਨਾਂ ਨੂੰ ਆਜਾਦ ਕਰ ਦਿੱਤਾ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜਦ ਕਿਸਾਨ ਅਜਿਹੇ ਬਿੱਲ ਚਾਹੁੰਦੇ ਹੀ ਨਹੀਂ ਹਨ,ਤਾਂ ਕੇਂਦਰ ਸਰਕਾਰ ਧੱਕੇ ਨਾਲ ਕਿਸਾਨਾਂ ਦੇ ਗਲ੍ਹ ਇਹ ਕਾਲੇ ਬਿੱਲ ਕਿਉਂ ਮੱੜ ਰਹੀ ਹੈ ?

ਹਰ ਜਗਾ ਜਾ ਕੇ ਮੋਦੀ ਖੇਤੀ ਬਿੱਲਾਂ ਦੀ ਸਲਾਘਾ ਕਰਦੇ ਹਨ ,ਪਰ ਕਿਸਾਨ ਜਥੇਬੰਦੀਆਂ ਨਾਲ ਖੇਤੀ ਬਿੱਲਾਂ ਬਾਰੇ ਗੱਲਬਾਤ ਕਰਨ ਲਈ ਸਮਾਂ ਨਹੀਂ ਹੈ। ਆਖਿਰ ਕੇਂਦਰ ਸਰਕਾਰ ਆਪਣੀ ਅੜੀ ਕਿਉਂ ਨਹੀ ਛੱਡ ਰਹੀ ? ਕਿਉਂ ਐਮ ਐੱਸ ਪੀ ਨੂੰ ਕਾਨੂੰਨੀ ਰੂਪ ਦੇਣ ਵਿੱਚ ਸਰਕਾਰ ਝਿਜਕ ਰਹੀ ਹੈ ?ਕਿਸਾਨਾਂ ਨੂੰ ਇਹੀ ਡਰ ਹੈ ਕਿ ਜਦੋਂ ਪ੍ਰਾਈਵੇਟ ਕੰਪਨੀਆਂ ਆਉਣਗੀਆਂ ਤਾਂ ਉਹ ਆਪਣੀ ਮਨ ਮਰਜੀ ਦਾ ਰੇਟ ਲਾਉਣਗੀਆਂ ।ਹਾਲ ਹੀ ਵਿਚ ਅਸੀਂ ਅਖਬਾਰਾਂ ਵਿੱਚ ਵੀ ਪੜ੍ਹਿਆ ਕਿ ਮਾਲਵਾ ਵਿੱਚ ਜੋ ਮੱਕੀ ਤੇ ਨਰਮੇ ਦਾ ਸਰਕਾਰੀ ਰੇਟ ਸੀ, ਉਸ ਤੋਂ ਬਹੁਤ ਘੱਟ ਮੁੱਲ ਤੇ ਫਸਲਾਂ ਵਿਕਿਆ। ਕੇਂਦਰ ਸਰਕਾਰ ਨੂੰ ਆਪਣੀ ਅੜੀ ਛੱਡ ਕੇ ਕਿਸਾਨੀ ਮਸਲਾ ਹੱਲ ਕਰਨਾ ਚਾਹੀਦਾ ਹੈ ।ਇਸੇ ਵਿਚ ਹੀ ਸਭ ਦੀ ਭਲਾਈ ਹੈ।

ਲੇਖਕ ਸੰਜੀਵ ਸਿੰਘ ਸੈਣੀ, ਮੋਹਾਲੀ

# ਦੇਸ਼ ਦੀ ਕਮਜ਼ੋਰ ਵਿੱਤੀ ਹਾਲਤ ਨੂੰ ਸੁਧਾਰਨ ਦੀ ਵੱਡੀ ਲੋੜ

ਕਿਸੇ ਵੀ ਸਰਕਾਰ ਦੇ ਵਿਕਾਸ ਅਤੇ ਲੋਕ ਕਲਿਆਣ ਕਾਰਜ, ਉਸ ਦੀ ਆਮਦਨ 'ਤੇ ਨਿਰਭਰ ਕਰਦੇ ਹਨ। ਟੈਕਸ ਹਰ ਸਰਕਾਰ ਦੀ ਆਮਦਨ ਦਾ ਵੱਡਾ ਸਾਧਨ ਹੈ ਪਰ ਇਸ ਦੇ ਨਾਲ ਸਰਕਾਰ ਵਲੋਂ ਚਲ ਰਹੇ ਵਪਾਰਕ ਕੰਮਾਂ ਤੋਂ ਮਿਲਣ ਵਾਲੇ ਲਾਭ ਸਰਕਾਰ ਦੀ ਗੈਰ ਟੈਕਸ ਆਮਦਨ ਹੈ। ਸਾਡਾ ਦੇਸ਼ ਇਸ ਸਮੇਂ ਇੱਕ ਵੱਡੇ ਵਿੱਤੀ ਸੰਕਟ ਵਿਚੋਂ ਗੁਜਰ ਰਿਹਾ ਹੈ ।ਬੀਤੇ ਸਾਲ ਪਈ ਕਰੋਨਾ ਮਹਾਮਾਰੀ ਦੀ ਮਾਰ ਨੇ ਦੇਸ਼ ਨੂੰ ਹੋਰ ਨਿਰਾਸ਼ਤਾ ਵੱਲ ਧਕੇਲਿਆ। ਬਾਕੀ ਰਹਿੰਦੀ ਖੂੰਹਦੀ ਕਸਰ ਸਰਕਾਰ ਨੇ ਨਵੇਂ ਖੇਤੀ ਬਿੱਲ ਪਾਸ ਕਰਕੇ ਕਿਸਾਨਾਂ ਨੂੰ ਖੇਤਾਂ ਦੀਆਂ ਵੱਟਾ ਤੋਂ ਕੱਡ ਦਿੱਲੀ ਦੀਆਂ ਸੜਕਾਂ ਉੱਤੇ ਬੈਠਣ ਨੂੰ ਮਜਬੂਰ ਕਰ ਦਿੱਤਾ। ਹੈਰਾਨਗੀ ਵਾਲੀ ਗੱਲ ਇਹ ਹੈ ਸਾਡੇ ਦੇਸ਼ ਦੇ ਸ਼ਾਸਕ ਚੰਗੀ ਤਰ੍ਹਾਂ ਜਾਣਦੇ ਹਨ ਦੇਸ਼ ਦੀ 67% ਜਨਸੰਖਿਆ ਖੇਤੀਬਾੜੀ ਦੇ ਧੰਦੇ ਉੱਪਰ ਨਿਰਭਰ ਹੈ। ਜਿਸਤੋਂ ਅੰਦਾਜਾ ਲਗਾਇਆ ਜਾ ਸਕਦਾ ਹੈ ਦੇਸ਼ ਦੀ ਆਮਦਨ ਵਿੱਚ ਸਭ ਤੋਂ ਵੱਡਾ ਹਿੱਸਾ ਕਿਸਾਨਾਂ ਦਾ ਹੈ। ਪਰ ਜੋ ਮੌਜੂਦਾ ਹਾਲਾਤ ਹਨ ਪੰਜਾਬ, ਹਰਿਆਣਾ, ਯੂ ਪੀ, ਬਿਹਾਰ ਦੇ ਬਹੁਤਾਤ ਕਿਸਾਨ ਦਿੱਲੀ ਵਿੱਚ ਚੱਲ ਰਹੇ ਅੰਦੋਲਨ ਵਿੱਚ ਸ਼ਾਮਿਲ ਹਨ, ਭਾਵੇ ਉਹਨਾਂ ਪਿੱਛੇ ਖੇਤੀਬਾੜੀ ਦੀ ਜਿੰਮੇਵਾਰੀ ਵੀ ਘਰ ਦੀਆਂ ਔਰਤਾਂ ਨੇ ਸਾਂਭੀ ਹੈ ਪਰ ਅਸੀਂ ਇਸ ਗੱਲ ਨੂੰ ਅਣਗੋਲਿਆ ਨਹੀਂ ਕਰ ਸਕਦੇ ਕਿ ਫਿਰ ਵੀ ਖੇਤੀ ਅਤੇ ਫਸਲਾਂ ਦੇ ਝਾੜ ਉੱਪਰ ਬਹੁਤ ਗਹਿਰਾ ਅਸਰ ਪਵੇਗਾ। ਜਿਸ ਨਾਲ ਕਿਸਾਨ ਵੀਰਾਂ ਨੂੰ ਤਾਂ ਘਾਟਾ ਹੋਵੇਗਾ ਹੀ ਪਰ ਜੋ ਦੇਸ਼ ਦੀ ਅਰਥ ਵਿਵਸਥਾ ਨੂੰ ਝਟਕਾ ਲੱਗੇਗਾ ਉਸ ਨਾਲ ਪੂਰੇ ਦੇਸ਼ ਦਾ ਲੱਕ ਟੁੱਟ ਜਾਵੇਗਾ । ਜੇਕਰ ਸਾਡੀ ਸਰਕਾਰ ਉਸਾਰੂ ਸੋਚ ਦੀ ਮਾਲਿਕ ਹੋਵੇ ਤਾਂ ਉਸਨੂੰ ਸੋਚਣਾ ਚਾਹੀਦਾ ਹੈ ਕਿ ਜਿਹੜੇ ਖੇਤਰਾਂ ਜਾਂ ਕਿੱਤਿਆਂ ਵਿੱਚ ਬਹੁਤਾਤ ਲੋਕ ਸ਼ਾਮਿਲ ਹਨ ਉਹਨਾਂ ਨੂੰ ਪ੍ਰਫੂਲਿਤ ਕਰਨ ਲਈ ਨਵੀਆਂ ਯੋਜਨਾਵਾਂ ਬਣਾਈਆਂ ਜਾਣ । ਪਰ ਰਾਜਨੀਤੀ ਦੇ ਨਾਮ ਉੱਤੇ ਦੇਸ਼ ਦੇ ਲੋਟੂ ਬਣੇ ਨੇਤਾ ਦੇਸ਼ ਨੂੰ ਪੂਰੀ ਤਰ੍ਹਾਂ ਕੰਗਾਲ ਕਰਨ ਉੱਤੇ ਤੁਲੇ ਹੋਏ ਹਨ। ਇਹ ਤਾਂ ਗੱਲ ਹੋਈ ਕਿਸਾਨੀ ਮੋਰਚੇ ਅਤੇ ਦੇਸ਼ ਦੇ ਸਭ ਦੀ ਆਮਦਨ ਦੇ ਸਭ ਤੋਂ ਵੱਡੇ ਸਾਧਨ ਦੀ। ਜੇਕਰ ਇਕੱਲੇ ਪੰਜਾਬ ਦੀ ਅਰਥ ਵਿਵਸਥਾ ਦੀ ਗੱਲ ਕਰੀਏ ਤਾਂ ਪੰਜਾਬ ਸਰਕਾਰ ਨੂੰ ਮੁਲਾਜਮਾ ਨੂੰ ਤਨਖਾਹਾਂ ਦੇਣੀਆਂ ਵੀ ਮੁਸ਼ਕਿਲ ਹੋਈਆਂ ਹਨ। ਅਸਲ ਵਿੱਚ ਇਸ ਦਾ ਮੁੱਖ ਕਾਰਨ ਇਹ ਹੈ ਕਿ ਸਰਕਾਰ ਦੀ ਆਮਦਨ ਘਟੀ ਹੈ ਅਤੇ ਖਰਚ ਵਧੇ ਹਨ। ਪੰਜਾਬ ਸਰਕਾਰ ਦੇ 3.5 ਲੱਖ ਕਰਮਚਾਰੀ ਹਨ ਜਦੋਂ ਕਿ 1.5 ਉਹ ਲੋਕ ਹਨ ਜਿੰਨਾ ਨੂੰ ਪੈਨਸਨ ਮਿਲਦੀ ਹੈ। ਇਸ ਲਈ ਹਰ ਮਹੀਨੇ 1950 ਕਰੋੜ ਰੁਪਏ ਦੀਆਂ ਤਨਖਾਹਾਂ ਅਤੇ 950 ਕਰੋੜ ਰੁਪਏ ਪੈਨਸਨ ਤੇ ਖਰਚ ਕਰਨੇ ਪੈਂਦੇ ਹਨ ਪਰ ਇਹਨਾਂ ਦੋਨਾਂ ਖਰਚਿਆਂ ਤੋਂ ਵੀ ਵੱਡਾ ਬੋਝ ਹੈ ਪੰਜਾਬ ਸਰਕਾਰ ਸਿਰ ਲੰਮੇ ਸਮੇਂ ਦਾ ਕਰਜਾ ਜਿਸ ਨਾਲ ਹਰ ਸਾਲ ਬਹੁਤ ਵੱਡੀ ਰਕਮ ਵਿਆਜ ਵਜੋਂ ਅਦਾ ਕਰਨੀ ਪੈਂਦੀ ਹੈ । ਸਾਲ 2016-17 ਦੇ ਸਾਲ ਵਿੱਚ 30,547 ਕਰੋੜ ਰੁਪਏ ਵਿਆਜ ਦਿੱਤੇ ਗਏ ਸਨ 2017-18 ਵਿੱਚ ਵਧ ਕੇ 39,526 ਕਰੋੜ ਰੁਪਏ ਹੋ ਗਿਆ ਅਤੇ ਅਗਲੇਰੇ ਸਾਲਾਂ ਵਿੱਚ ਹੋਰ ਵੱਧਦਾ ਗਿਆ ਜੋ ਕਿ ਤਨਖਾਹਾਂ ਤੋਂ ਵੀ ਜਿਆਦਾ ਅਤੇ ਅਣਉਪਯਾਊ ਹੈ। ਇਹ ਮਸਲਾ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲਾ ਅਤੇ ਧਿਆਨ ਹੇਠਾਂ ਲਿਆਉਣ ਵਾਲਾ ਵਿਸ਼ਾ ਹੈ। ਸਾਡਾ ਦੇਸ਼ ਨਾਮ ਨੂੰ ਵਿਕਾਸਸੀਲ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਿਲ ਹੈ ਪਰ ਮੈਨੂੰ ਲੱਗਦਾ ਹੈ ਕਿ ਜੇਕਰ ਸਾਡੇ ਦੇਸ਼ ਦੀ ਵਾਗਡੋਰ ਅਜਿਹੇ ਲੋਟੂ ਨੇਤਾਵਾਂ ਦੇ ਹੱਥ ਰਹੀ ਤਾਂ ਸਾਡੇ ਦੇਸ਼ ਦੇ ਵਿਕਾਸਸ਼ੀਲ ਤੋਂ ਅਵਿਕਸਤ ਦੇਸ਼ ਵਿੱਚ ਤਬਦੀਲ ਹੁੰਦਿਆਂ ਦੇਰ ਨਹੀਂ ਲੱਗੇਗੀ।

ਹਰਕੀਰਤ ਕੌਰ 9779118066

# ਸੂਝਵਾਨ ਜੱਗਾ

ਜੱਗਾ ਬੀ.ਏ ਪਾਸ ਮੁੰਡਾ ਸੀ ।ਉਹ ਪਿੰਡ ਚੋਂ ਜਿਆਦਾ ਪੜ੍ਹੇ ਲਿਖੇ ਵਿਅਕਤੀਆਂ ਦੀ ਸੂਚੀ ਵਿੱਚ ਆਉਂਦਾ ਸੀ। ਜੱਗਾ ਆਪਣੇ ਆਪ ਨੂੰ ਇੱਕ ਵੱਡਾ ਸੂਝਵਾਨ ਤੇ ਪੜ੍ਹਿਆ ਲਿਖਿਆ ਇਨਸਾਨ ਸਮਝਦਾ ਸੀ ।ਉਹ ਹੋਰ ਲੋਕਾਂ ਨੂੰ ਵੀ ਗਿਆਨ ਵੰਡਦਾ ਰਹਿੰਦਾ ਸੀ ।ਆਪਣੇ ਆਪ ਨੂੰ ਪੂਰਾ ਬੁੱਧੀਜੀਵੀ ਅਖਵਾਉਂਦਾ ਸੀ ।ਉਹ ਹਰ ਇੱਕ ਵਿਅਕਤੀ ਨੂੰ ਸਮਝਾਉਂਦਾ ਕਿ ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨੂੰ ਪਿਆਰ ਕਰਨਾ ਚਾਹੀਦਾ ਹੈ ।ਵੱਡਿਆਂ ਦੀ ਹਰ ਥਾਂ ਮੱਦਦ ਕਰਨੀ ਚਾਹੀਦੀ ਹੈ। ਮਾਪਿਆ ਨੂੰ ਕਦੇ ਵੀ ਦੁਖੀ ਨਹੀਂ ਕਰਨਾ ਚਾਹੀਦਾ ।ਉਹਨਾਂ ਨੂੰ ਹਮੇਸ਼ਾਂ ਹੀ ਖੁਸ਼ ਰੱਖਣਾ ਚਾਹੀਦਾ ।ਉਹਨਾਂ ਨੇ ਸਾਨੂੰ ਦੁਨੀਆਂ ਵਿਖਾਈ ।ਲੋਕ ਵੀ ਉਸ ਤੋਂ ਪ੍ਰਭਾਵਿਤ ਹੁੰਦੇ ਸੀ।

ਇੱਕ ਵਾਰ ਜੱਗੇ ਦੇ ਪਿਤਾ ਦੀ ਦਿਮਾਗੀ ਹਾਲਤ ਵਿਗੜ ਗਈ ਸੀ ।ਉਹ ਕਿਸੇ ਦਾ ਕੁੱਝ ਚੁੱਕ ਲੈਂਦਾ ਸੀ ।ਕਿਸੇ ਨੂੰ ਚੰਗਾ ਮਾੜਾ ਬੋਲ ਪੈਂਦਾ ਸੀ ।ਪਰ ਲੋਕਾਂ ਨੂੰ ਉਸ ਬਾਰੇ ਪਤਾ ਸੀ ।ਉਸਦੇ ਨਾਲ ਲੜਨ ਦੀ ਬਜਾਇ ਚੁੱਪ ਕਰ ਜਾਂਦੇ ਸੀ ।ਇੱਕ ਦਿਨ ਜੱਗਾ ਆਪਣੇ ਪਿਤਾ ਨੂੰ ਘਰ ਜਾਣ ਲਈ ਕਹਿ ਰਿਹਾ ਸੀ ।ਪਰ ਉਸਨੇ ਉਸਦੀ ਗਲ ਨੂੰ ਨਾ ਮੰਨਿਆ ।ਜੱਗੇ ਨੇ ਆਪਣੇ ਪਿਤਾ ਦੇ ਤਿੰਨ ਚਾਰ ਜੋਰ ਦੀ ਥੱਪੜ ਮਾਰੇ ।ਉਥੇ ਇਸ ਗੱਲ ਦਾ ਰੌਲਾ ਪਿਆ ।ਉਥੇ ਇਕੱਠ ਹੋ ਗਿਆ ।ਉਸ ਇੱਕਠ ਵਿੱਚ ਜੱਗੇ ਦਾ ਮਾਸਟਰ ਵੀ ਸੀ ।ਜਦ ਜੱਗੇ ਨੇ ਉਸ ਮਾਸਟਰ ਦੇ ਪੈਰੀਂ ਹੱਥ ਲਾਏ ਤੇ ਖੁਸ਼ੀ ਨਾਲ ਗੱਲਾਂ ਕਰਨ ਲੱਗਿਆ ।ਕੋਲ ਖੜ੍ਹੇ ਲੋਕ ਵੀ ਵੇਖਣ ਵੀ ਪਿਉ ਦੇ ਲੋਕਾਂ ਚ ਥੱਪੜ ਮਾਰਦਾ ।ਮਾਸਟਰ ਦੇ ਪੈਰੀ ਪੈਂਦਾ ।ਪਰ ਉਸ ਅਧਿਆਪਕ ਨੇ ਕਿਹਾ ਜੱਗਿਆ ਬਹੁਤ ਪੜ੍ਹ ਲਿਖ ਗਿਆ ।ਸੂਝਵਾਨ ਤੇ ਬੁੱਧੀਜੀਵੀ ਹੋਣ ਦਾ ਅੱਜ ਸਬੂਤ ਵੀ ਨਗਰ ਦੇ ਸਾਹਮਣੇ ਦੇ ਦਿੱਤਾ ।ਲੱਖ ਲਾਹਨਤਾਂ ਤੇਰੀ ਪੜ੍ਹਾਈ ਤੇ ਸੂਝਵਾਨੀ ਦੇ ਇਹ ਕਹਿੰਦਾ ਜੱਗੇ ਦਾ ਮਾਸਟਰ ਉਦਾਸ ਹੋ ਕੇ ਲਾਹਨਤਾਂ ਪਾਉਂਦਾ ਉਥੋਂ ਤੁਰ ਗਿਆ।

ਮੱਖਣ ਸ਼ੇਰੋਂ ਵਾਲਾ
ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।
ਸੰਪਰਕ 98787-98726

PREETNAMA ਪ੍ਰੀਤਨਾਮਾ ਖਰਾ ਸੱਚ



# ਕੌਣ ਹਨ ਅੰਬਾਨੀ ਤੇ ਅਡਾਨੀ ?



ਦਿੱਲੀ ਵਿਖੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਅੱਜ ਅਡਾਨੀ ਅਤੇ ਅੰਬਾਨੀ ਸ਼ਬਦ ਸਭ ਤੋਂ ਵੱਧ ਵਰਤੇ ਜਾ ਰਹੇ ਹਨ ਤੇ ਦਹਿਸ਼ਤ ਦਾ ਪ੍ਰਤੀਕ ਬਣੇ ਹੋਏ ਹਨ। ਪ੍ਰਸਿੱਧ ਅਮਰੀਕੀ ਅਰਥ ਸ਼ਾਸ਼ਤਰੀ ਤੇ ਨੋਬਲ ਇਨਾਮ ਵਿਜੇਤਾ ਪੌਲ ਕਰੂਗਮੈਨ ਨੇ ਕਿਹਾ ਸੀ ਕਿ ਸੰਸਾਰ ਨੂੰ ਨੇਤਾ ਅਤੇ ਕਾਰਪੋਰੇਟ ਮਿਲ ਕੇ ਚਲਾ ਰਹੇ ਹਨ। ਸੰਸਾਰ ਦੀ ਅੱਧੇ ਤੋਂ ਵੱਧ ਆਰਥਿਕਤਾ ਇਸ ਵੇਲੇ ਕਾਰਪੋਰੇਸ਼ਨਾਂ ਦੇ ਹੱਥ ਵਿੱਚ ਹੈ। ਪੰਜਾਬ ਵਿੱਚ ਕਿਸਾਨ ਯੂਨੀਅਨਾਂ ਵੱਲੋਂ ਅੰਬਾਨੀ ਅਤੇ ਅਡਾਨੀ ਦੇ ਸ਼ਾਪਿੰਗ ਮਾਲਾਂ, ਪੈਟਰੌਲ ਪੰਪਾਂ ਅਤੇ ਹੋਰ ਵਪਾਰਿਕ ਅਦਾਰਿਆਂ ਦਾ ਘਿਰਾਉ ਲਗਾਤਾਰ ਜਾਰੀ ਹੈ। ਅਜਿਹੇ ਧੁਰੰਦਰਾਂ ਨਾਲ ਟੱਕਰ ਲੈਣ ਤੋਂ ਪਹਿਲਾਂ ਇਹ ਜਾਣ ਲੈਣਾਂ ਵੀ ਜਰੂਰੀ ਹੈ ਕਿ ਉਹ ਕੌਣ ਹਨ ਤੇ ਉਨ੍ਹਾਂ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਹੈਸੀਅਤ ਕੀ ਹੈ ?

ਅੰਬਾਨੀ ਅੱਜ ਅੰਬਾਨੀ ਤੋਂ ਅਰਥ ਮੁਕੇਸ਼ ਅੰਬਾਨੀ ਸਮਝਿਆ ਜਾਂਦਾ ਹੈ ਪਰ ਅਸਲ ਵਿੱਚ ਰਿਲਾਇੰਸ ਗਰੁੱਪ ਦੀ ਸਥਾਪਨਾ ਮੁਕੇਸ਼ ਅੰਬਾਨੀ ਦੇ ਪਿਤਾ ਧੀਰਜ ਲਾਲ ਹੀਰਾ ਚੰਦ ਅੰਬਾਨੀ (ਧੀਰੂ ਭਾਈ ਅੰਬਾਨੀ) ਨੇ ਕੀਤੀ ਸੀ। ਜਿਆਦਾ ਹੁਸ਼ਿਆਰ ਨਾ ਹੋਣ ਕਾਰਨ ਧੀਰੂ ਭਾਈ ਸਿਰਫ ਸਕੂਲੀ ਵਿਦਿਆ ਹੀ ਪੂਰੀ ਕਰ ਸਕਿਆ ਤੇ 1948 ਵਿੱਚ ਸਿਰਫ 16 ਸਾਲ ਦੀ ਉਮਰ ਵਿੱਚ ਏ.ਬੈਸੇ ਨਾਮਕ ਤੇਲ ਕੰਪਨੀ ਵਿੱਚ ਕੰਮ ਕਰਨ ਲਈ ਯਮਨ ਦੇਸ਼ ਦੇ ਸ਼ਹਿਰ ਅਦਨ ਪਹੁੰਚ ਗਿਆ। ਅਦਨ ਤੋਂ ਪੈਸੇ ਕਮਾ ਕੇ ਉਹ ਭਾਰਤ ਵਾਪਸ ਪਰਤ ਆਇਆ ਤੇ ਕੱਪੜੇ ਦੇ ਵਪਾਰ ਵਿੱਚ ਹੱਥ ਅਜਮਾਉਣ ਲੱਗਾ। ਉਸ ਨੇ ਮਾਜ਼ਿਨ ਨਾਮ ਦੀ ਕੰਪਨੀ ਖੋਲ੍ਹ ਲਈ ਤੇ ਯਮਨ ਰਾਹੀਂ ਖਾੜੀ ਦੇਸ਼ਾਂ ਨੂੰ ਪੋਲੀਐਸਟਰ ਦਾ ਧਾਗਾ ਅਤੇ ਮਸਾਲੇ ਨਿਰਯਾਤ ਕਰਨ ਲੱਗ ਪਿਆ। 8 ਮਈ 1973 ਨੂੰ ਉਸ ਨੇ ਰਿਲਾਇੰਸ ਕੰਪਨੀ ਦੀ ਸਥਾਪਨਾ ਕੀਤੀ ਜਿਸ ਦਾ ਪਹਿਲਾ ਦਫਤਰ ਮੁੰਬਈ ਵਿਖੇ ਮਸਜਿਦ ਬੰਦਰ ਇਲਾਕੇ ਵਿੱਚ ਸਿਰਫ 350 ਵਰਗ ਫੁੱਟ ਦਾ ਸੀ ਤੇ ਇਸ ਵਿੱਚ ਇੱਕ ਟੈਲੀਫੋਨ ਅਤੇ ਫਰਨੀਚਰ ਦੇ ਨਾਮ 'ਤੇ ਇੱਕ ਮੇਜ਼ ਅਤੇ ਤਿੰਨ ਕੁਰਸੀਆਂ ਸਨ। ਪਰ ਧੀਰੂ ਭਾਈ ਦੀ ਮਿਹਨਤ, ਸਿਰੜ ਅਤੇ ਭਵਿੱਖ ਦੀ ਸਮਝ ਹੋਣ ਕਾਰਨ ਇਹ ਕੰਪਨੀ ਉਸ ਦੀ ਮੌਤ (6 ਜੁਲਾਈ 2002) ਵੇਲੇ ਰਿਲਾਇੰਸ ਹਜ਼ਾਰਾਂ ਕਰੋੜ ਦੇ ਸਰਮਾਏ ਤੱਕ ਪਹੁੰਚ ਚੁੱਕੀ ਸੀ।

ਰਿਲਾਇੰਸ ਨੂੰ ਮੌਜੂਦਾ ਉੱਚਾਈਆਂ 'ਤੇ ਪਹੁੰਚਾਉਣ ਦਾ ਕੰਮ ਧੀਰੂਭਾਈ ਅੰਬਾਨੀ ਦੇ ਵੱਡੇ ਬੇਟੇ ਮੁਕੇਸ਼ ਅੰਬਾਨੀ (ਮੁਕੇਸ਼ ਧੀਰੂ ਭਾਈ ਅੰਬਾਨੀ) ਨੇ ਕੀਤਾ ਹੈ। ਮੁਕੇਸ਼ ਅੰਬਾਨੀ ਦਾ ਜਨਮ 19 ਅਪਰੈਲ 1957 ਨੂੰ ਅਦਨ (ਯਮਨ) ਵਿਖੇ ਹੋਇਆ ਸੀ। 53290 ਕਰੋੜ ਰੁਪਏ ਦੀ ਜਾਇਦਾਦ ਨਾਲ ਉਹ ਚੀਨ ਦੀ ਅਲੀ ਬਾਬਾ ਕੰਪਨੀ ਦੇ ਚੇਅਰਮੈਨ ਜੈਕ ਮਾਅ ਤੋਂ ਬਾਅਦ ਏਸ਼ੀਆ ਦਾ ਦੂਸਰਾ ਅਤੇ ਸੰਸਾਰ ਦਾ 21ਵਾਂ ਸਭ ਤੋਂ ਅਮੀਰ ਆਦਮੀ ਹੈ। ਉਹ ਰਿਲਾਇੰਸ ਇੰਡਸਟਰੀਜ਼ ਦਾ ਚੇਅਰਮੈਨ, ਮੈਨੇਜਿੰਗ ਡਾਇਰੈਕਟਰ ਅਤੇ ਸਭ ਤੋਂ ਵੱਡਾ ਸ਼ੇਅਰ ਹੋਲਡਰ (44%) ਹੈ। ਉਸ ਦੀ ਪਤਨੀ ਦਾ ਨਾਮ ਨੀਤਾ ਅੰਬਾਨੀ ਹੈ ਤੇ ਉਸ ਦੇ ਦੋ ਲੜਕੇ ਅਨੰਤ ਅਤੇ ਅਕਾਸ਼ ਤੇ ਇੱਕ ਲੜਕੀ ਈਸ਼ਾ ਹੈ। ਉਸ ਨੇ ਹਿੱਲ ਗਰੈਂਡ ਸਕੂਲ, ਸੇਂਟ ਜ਼ੇਵੀਅਰ ਕਾਲਜ ਅਤੇ ਇੰਟੀਚਿਊਟ ਆਫ ਕੈਮੀਕਲ ਟੈਕਨੋਲੌਜੀ ਤੋਂ ਵਿਦਿਆ ਹਾਸਲ ਕੀਤੀ। ਇਸ ਤੋਂ ਬਾਅਦ ਉਸ ਨੇ ਐਮ.ਬੀ.ਏ. ਕਰਨ ਲਈ ਸਟੈਨਫੋਰਡ ਯੂਨੀਵਰਸਿਟੀ (ਕੈਲੀਫੋਰਨੀਆਂ) ਵਿੱਚ ਦਾਖਲਾ ਲਿਆ। ਪਰ 1980 ਵਿੱਚ ਆਪਣੇ ਪਿਤਾ ਦੀ ਬਿਜ਼ਨਸ ਵਿੱਚ ਮਦਦ ਕਰਨ ਲਈ ਉਸ ਨੂੰ ਪੜ੍ਹਾਈ ਵਿਚਾਲੇ ਹੀ ਛੱਡਣੀ ਪਈ ਕਿਉਂਕਿ ਧੀਰੂ ਭਾਈ ਨੂੰ ਪਤਾ ਸੀ ਕਿ ਵਪਾਰ ਦੇ ਅਸਲੀ ਗੁਰ ਕਲਾਸ ਰੂਮ ਦੀ ਬਜਾਏ ਹੱਥੀਂ ਕੰਮ ਕਰ ਕੇ ਹੀ ਸਿੱਖੇ ਜਾ ਸਕਦੇ ਹਨ।

2002 ਵਿੱਚ ਧੀਰੂ ਭਾਈ ਦੀ ਮੌਤ ਹੋ ਗਈ ਤਾਂ ਮੁਕੇਸ਼ ਅੰਬਾਨੀ ਅਤੇ ਅਨਿਲ ਅੰਬਾਨੀ ਵਿੱਚ ਜਾਇਦਾਦ ਦੀ ਵੰਡ ਨੂੰ ਲੈ ਕੇ ਫੁੱਟ ਪੈ ਗਈ ਪਰ 2004 ਵਿੱਚ ਉਨ੍ਹਾਂ ਦੀ ਮਾਂ ਕੋਕਿਲਾ ਬੇਨ ਦੀ ਸੂਝ ਬੂਝ ਕਾਰਨ ਆਪਸੀ ਸਹਿਮਤੀ ਨਾਲ ਵੰਡ ਹੋ ਗਈ। ਮੁਕੇਸ਼ ਅੰਬਾਨੀ ਦੇ ਹਿੱਸੇ ਰਿਲਾਇੰਸ ਇੰਡਸਟਰੀਜ਼ ਲਿਮਿਟਡ ਅਤੇ ਪੈਟਰੋ ਕੈਮੀਕਲ ਕਾਰਪੋਰੇਸ਼ਨ ਆ ਗਈ। 2004 ਤੋਂ ਬਾਅਦ ਮੁਕੇਸ਼ ਅੰਬਾਨੀ ਨੇ ਆਪਣੀ ਦੂਰ ਅੰਦੇਸ਼ੀ ਅਤੇ ਰਾਜਨੀਤਕ ਸਾਂਠ ਗਾਂਠ ਦੇ ਸਿਰ 'ਤੇ ਬਿਜਲੀ ਦੀ ਤੇਜ਼ੀ ਨਾਲ ਤਰੱਕੀ ਕੀਤੀ ਜਦੋਂ ਕਿ ਉਸ ਦੇ ਭਰਾ ਅਨਿਲ ਅੰਬਾਨੀ ਦਾ ਕਾਰੋਬਾਰ ਬਰਬਾਦੀ ਵੱਲ ਚਲਾ ਗਿਆ। ਮੁਕੇਸ਼ ਅੰਬਾਨੀ ਨਿੱਤ ਨਵੀਆਂ ਤੋਂ ਨਵੀਆਂ ਕੰਪਨੀਆਂ ਖੜੀਆਂ ਕਰਨ ਲੱਗਾ। 2010 ਵਿੱਚ ਉਸ ਨੇ ਸੰਸਾਰ ਦੀ ਸਭ ਤੋਂ ਵੱਡੀ ਤੇਲ ਰਿਫਾਈਨਰੀ ਜਾਮਨਗਰ ਵਿਖੇ ਸਥਾਪਿਤ ਕੀਤੀ ਜਿਸ ਦੀ ਸਮਰੱਥਾ 660000 ਬੈਰਲ ਪ੍ਰਤੀ ਦਿਨ ਹੈ। ਉਸ ਨੇ ਟੈਲੀਕਮਿਊਨੀਕੇਸ਼ਨ ਵਿੱਚ ਹੱਥ ਅਜਮਾਇਆ ਤੇ ਚਮਤਕਾਰ ਕਰ ਵਿਖਾਇਆ। 2015 ਉਸ ਨੇ ਜੀਉ ਕੰਪਨੀ ਸ਼ੁਰੂ ਕੀਤੀ ਤੇ ਅਜਿਹੇ ਪਲੈਨ ਲਾਂਚ ਕੀਤੇ ਕਿ ਜੀਉ ਲੋਕਾਂ ਨੂੰ ਅਫੀਮ ਵਾਂਗ ਲੱਗ ਗਈ। ਜੀਉ ਇਸ ਵੇਲੇ 38 ਕਰੋੜ ਗਾਹਕਾਂ ਨਾਲ ਭਾਰਤ ਦੀ ਸਭ ਤੋਂ ਵੱਡੀ ਮੋਬਾਇਲ ਡਾਟਾ ਕੰਪਨੀ ਹੈ। ਰਿਲਾਇੰਸ ਦੇ ਇਸ ਵੇਲੇ ਭਾਰਤ ਵਿੱਚ 12 ਹਜ਼ਾਰ ਕਰਿਆਨਾ ਸਟੋਰ ਅਤੇ 5890 ਪੈਟਰੌਲ ਪੰਪ ਵੀ ਹਨ।

ਰਿਲਾਇੰਸ ਹੀ ਭਾਰਤ ਦੀਆਂ ਚੰਦ ਕੰਪਨੀਆਂ ਵਿੱਚ ਆਉਂਦੀ ਹੈ ਜਿਸ ਨੇ 2020 ਦੇ ਕਰੋਨਾ ਕਾਲ ਵਿੱਚ ਵੀ ਅਥਾਹ ਮੁਨਾਫਾ ਕਮਾਇਆ ਹੈ। ਹੋਰ ਬਿਜ਼ਨੈੱਸ ਦੇ ਨਾਲ ਇਸ ਨੇ ਫੇਸਬੁੱਕ ਅਤੇ ਅਮੇਜ਼ੌਨ ਵਰਗੀਆਂ ਕੰਪਨੀਆਂ ਨਾਲ ਹਿੱਸੇਦਾਰੀ ਕਰ ਕੇ ਕਰੋੜਾਂ ਡਾਲਰ ਦਾ ਮਾਲੀਆ ਹਾਸਲ ਕੀਤਾ ਹੈ। ਸੰਸਾਰ ਦੀਆਂ ਸਾਰੀਆਂ ਵੱਡੀਆਂ ਕੰਪਨੀਆਂ ਇਸ ਨਾਲ ਹਿੱਸੇਦਾਰੀ ਕਰਨ ਲਈ ਤਰਲੋਮੱਛੀ ਹੋਈਆਂ ਪਈਆਂ ਹਨ। ਉਸ ਦੀ ਅਮੀਰੀ ਦੇ ਕੁਝ ਨਮੂਨਿਆਂ ਵਿੱਚ ਉਸ ਦਾ ਘਰ (ਅਤਿੰਲਾ) ਸ਼ਾਮਲ ਹੈ ਜਿਸ ਦੀ ਕੀਮਤ 8000 ਕਰੋੜ ਰੁਪਏ ਹੈ ਤੇ ਇਹ ਸੰਸਾਰ ਦੇ ਦਸ ਸਭ ਤੋਂ ਮਹਿੰਗੇ ਘਰਾਂ ਵਿੱਚ ਆਉਂਦਾ ਹੈ। ਇਸ ਦੀਆਂ 27 ਮੰਜ਼ਲਾਂ, 4 ਹੈਲੀਪੈਡ, 160 ਗੈਰਾਜ਼, ਪ੍ਰਾਈਵੇਟ ਮੂਵੀ ਥੀਏਟਰ, ਸਵਿੰਮਿੰਗ ਪੂਲ ਅਤੇ ਕਈ ਜ਼ਿੰਮ ਆਦਿ ਹਨ। ਉਸ ਨੇ 2017 ਵਿੱਚ ਆਪਣੀ ਪਤਨੀ ਨੂੰ 500 ਕਰੋੜ ਰੁਪਏ ਦਾ ਹਵਾਈ ਜ਼ਹਾਜ ਤੋਹਫੇ ਵਜੋਂ ਦਿੱਤਾ ਸੀ ਜਿਸ ਵਿੱਚ ਬੈੱਡਰੂਮ, ਡਰਾਇੰਗ ਰੂਮ, ਬਾਥਰੂਮ ਅਤੇ ਦਫਤਰ ਦੀ ਸਹੂਲਤ ਹੈ। ਇਸ ਤੋਂ ਇਲਾਵਾ ਉਹ ਮੁੰਬਈ ਇੰਡੀਅਨਜ਼ ਟੀਮ ਦਾ ਮਾਲਕ ਹੈ ਜੋ ਉਸ ਨੇ 2008 ਦੌਰਾਨ 900 ਕਰੋੜ ਰੁਪਏ ਵਿੱਚ ਖਰੀਦੀ ਸੀ। ਰਿਲਾਇੰਸ ਦੇ ਚੇਅਰਮੈਨ ਵਜੋਂ ਉਸ ਨੂੰ ਸਲਾਨਾ 15 ਕਰੋੜ ਰੁਪਏ ਤਨਖਾਹ ਮਿਲਦੀ ਹੈ।

ਅਡਾਨੀ ਗੌਤਮ ਸ਼ਾਂਤੀ ਲਾਲ ਅਡਾਨੀ ਦਾ ਜਨਮ 24 ਜੂਨ 1962 ਨੂੰ ਅਹਿਮਦਾਬਾਦ, ਗੁਜਰਾਤ ਵਿਖੇ ਇੱਕ ਜੈਨ ਪਰਿਵਾਰ ਵਿੱਚ ਹੋਇਆ ਸੀ। ਗੌਤਮ ਅਡਾਨੀ ਦਾ ਪਿਤਾ ਸ਼ਾਂਤੀ ਲਾਲ ਕੱਪੜੇ ਦੀ ਦੁਕਾਨ ਕਰਦਾ ਸੀ ਤੇ ਮਾਤਾ ਸ਼ਾਂਤੀ ਦੇਵੀ ਘਰੇਲੂ ਔਰਤ ਸੀ। ਗੌਤਮ ਅਡਾਨੀ ਦੇ ਛੇ ਭੈਣ ਭਰਾ ਹੋਰ ਹਨ। ਗੌਤਮ ਅਡਾਨੀ ਦੇ ਸੁਪਨੇ ਬਹੁਤ ਉੱਚੇ ਸਨ। ਸਕੂਲੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਉਸ ਨੇ ਪੜ੍ਹਾਈ ਛੱਡ ਦਿੱਤੀ ਤੇ ਆਪਣੀ ਕਿਸਮਤ ਅਜਮਾਉਣ ਲਈ 1978 ਵਿੱਚ ਮੁੰਬਈ ਚਲਾ ਗਿਆ। ਮੁੰਬਈ ਉਸ ਨੇ ਪਹਿਲੀ ਨੌਕਰੀ ਇੱਕ ਹੀਰਾ ਵਪਾਰੀ ਕੋਲ ਬਤੌਰ ਮੁੰਸ਼ੀ 500 ਰੁਪਏ ਮਹੀਨਾ ਵਿੱਚ ਕੀਤੀ ਸੀ। 2 3 ਸਾਲ ਤਜ਼ਰਬਾ ਹਾਸਲ ਕਰਨ ਤੋਂ ਬਾਅਦ ਉਸ ਨੇ ਜ਼ਵੇਰੀ ਬਜ਼ਾਰ ਵਿੱਚ ਆਪਣੀ ਹੀਰਿਆਂ ਦੀ ਦਲਾਲੀ ਦੀ ਫਰਮ ਖੋਲ੍ਹ ਲਈ। 1981 ਵਿੱਚ ਉਸ ਨੇ ਆਪਣੇ ਭਰਾ ਮਨਸੁੱਖ ਭਾਈ ਅਡਾਨੀ ਨਾਲ ਮਿਲ ਕੇ ਪਲਾਸਟਿਕ ਦਾ ਸਮਾਨ ਬਣਾਉਣ ਵਾਲੀ ਇੱਕ ਛੋਟੀ ਜਿਹੀ ਫੈਕਟਰੀ ਖਰੀਦ ਲਈ ਜਿਸ ਨੇ ਉਸ ਦੀ ਕਿਸਮਤ ਹੀ ਬਦਲ ਕੇ ਰੱਖ ਦਿੱਤੀ ਤੇ ਜਲਦੀ ਹੀ ਉਸ ਨੇ ਪੌਲੀਮਰ (ਪਲਾਸਟਿਕ ਬਣਾਉਣ ਵਾਲਾ ਕੱਚਾ ਮਾਲ) ਅਯਾਤ ਕਰਨ ਲਈ ਕੰਪਨੀ ਖੋਲ੍ਹ ਲਈ।

1988 ਵਿੱਚ ਅਡਾਨੀ ਨੇ ਅਡਾਨੀ ਐਕਸਪੋਰਟ ਨਾਮਕ ਕੰਪਨੀ ਸਥਾਪਿਤ ਕੀਤੀ ਜੋ ਖੇਤੀਬਾੜੀ ਅਤੇ ਊਰਜਾ ਨਾਲ ਸਬੰਧਿਤ ਸਮਾਨ ਦਾ ਅਯਾਤ ਨਿਰਯਾਤ ਕਰਦੀ ਸੀ। 1991 ਦੌਰਾਨ ਭਾਰਤ ਵਿੱਚ ਸ਼ੁਰੂ ਹੋਈ ਵਪਾਰਕ ਉਦਾਰੀਕਰਣ ਦੀ ਲਹਿਰ ਅਡਾਨੀ ਲਈ ਵਰਦਾਨ ਸਾਬਤ ਹੋਈ ਤੇ ਉਸ ਨੇ ਧਾਤਾਂ, ਟੈਕਸਟਾਈਲ ਅਤੇ ਖੇਤੀਬਾੜੀ ਨਾਲ ਸਬੰਧਿਤ ਵਪਾਰ ਵਿੱਚ ਰੱਜ ਕੇ ਹੱਥ ਰੰਗੇ। 1994 ਵਿੱਚ ਵਿੱਚ ਗੁਜਰਾਤ ਸਰਕਾਰ ਨੇ ਮੁੰਦਰਾ ਬੰਦਰਗਾਹ ਉਸਾਰਨ ਲਈ ਟੈਂਡਰ ਮੰਗੇ ਤਾਂ ਅਡਾਨੀ ਦੀ ਰਾਜਨੀਤਕ ਪੈਂਤੜੇਬਾਜ਼ੀ ਦੀ ਸ਼ੁਰੂਆਤ ਹੋਈ। ਉਸ ਨੇ ਆਪਣੇ ਰਾਜਨੀਤਕ ਸੂਤਰਾਂ ਨੂੰ ਵਰਤਦੇ ਹੋਏ ਸਾਰੇ ਵੱਡੇ ਠੇਕੇਦਾਰਾਂ ਨੂੰ ਪਛਾੜ ਕੇ ਇਹ ਪ੍ਰੋਜੈਕਟ ਹਥਿਆ ਲਿਆ। ਸਰਕਾਰੀ ਤੌਰ 'ਤੇ ਬਣਿਆ ਇਹ ਬੰਦਰਗਾਹ ਕੁਝ ਸਾਲਾਂ ਬਾਅਦ ਹੀ ਅਡਾਨੀ ਦੇ ਹਵਾਲੇ ਕਰ ਦਿੱਤਾ ਗਿਆ ਤੇ ਅਡਾਨੀ ਗਰੱਪ ਭਾਰਤ ਦਾ ਸਭ ਤੋਂ ਵੱਡਾ ਬੰਦਰਗਾਹ ਚਲਾਉਣ ਵਾਲਾ ਪ੍ਰਾਈਵੇਟ ਗਰੁੱਪ ਬਣ ਗਿਆ। ਮੁੰਦਰਾ ਬੰਦਰਗਾਹ ਦੀ ਸਮਰੱਥਾ ਸਲਾਨਾ 21 ਕਰੋੜ ਟਨ ਮਾਲ ਸੰਭਾਲਣ ਦੀ ਹੈ। ਇਸ ਤੋਂ ਇਲਾਵਾ ਇਸ ਦੇ ਕਬਜ਼ੇ ਹੇਠ ਹੋਰ ਵੀ ਕਈ ਬੰਦਰਗਾਹਾਂ ਹਨ। 21900 ਕਰੋੜ ਦੀ ਜਾਇਦਾਦ ਕਾਰਨ ਗੌਤਮ ਅਡਾਨੀ ਇਸ ਵੇਲੇ ਭਾਰਤ ਦਾ ਚੌਥੇ ਨੰਬਰ ਦਾ ਅਮੀਰ ਆਦਮੀ ਹੈ।

1996 ਵਿੱਚ ਅਡਾਨੀ ਗਰੁੱਪ ਬਿਜਲੀ ਪੈਦਾ ਕਰਨ ਦੇ ਖੇਤਰ ਵਿੱਚ ਕੁੱਦ ਪਿਆ ਤੇ ਅਡਾਨੀ ਪਾਵਰ ਲਿਮਟਿਡ ਕੰਪਨੀ ਦੀ ਸਥਾਪਨਾ ਕੀਤੀ। ਇਸ ਵੇਲੇ ਇਹ ਗਰੁੱਪ ਪੰਜਾਬ, ਤਾਮਿਲਨਾਡੂ, ਕੇਰਲਾ, ਗੁਜਰਾਤ ਅਤੇ ਕਰਨਾਟਕ ਸਮੇਤ ਅਨੇਕਾਂ ਸੂਬਿਆਂ ਵਿੱਚ ਦਰਜ਼ਨਾਂ ਥਰਮਲ ਅਤੇ ਸੋਲਰ ਪਲਾਂਟ ਚਲਾ ਰਿਹਾ ਹੈ ਤੇ ਇਹ ਭਾਰਤ ਦੀ ਸਭ ਤੋਂ ਵੱਡੀ ਕੋਲਾ, ਥਰਮਲ ਅਤੇ ਸੌਰ ਊਰਜਾ ਕੰਪਨੀ ਹੈ। ਇਸ ਕੋਲ ਭਾਰਤ, ਇੰਡੋਨੇਸ਼ੀਆ ਅਤੇ ਆਸਟਰੇਲੀਆ ਵਿੱਚ ਅਨੇਕਾਂ ਕੋਲਾ ਖਾਣਾਂ ਹਨ ਤੇ ਇਹ ਹਰ ਸਾਲ ਭਾਰਤ, ਬੰਗਲਾ ਦੇਸ਼, ਚੀਨ ਅਤੇ ਹੋਰ ਕਈ ਦੇਸ਼ਾਂ ਨੂੰ ਅਰਬਾਂ ਰੁਪਏ ਦਾ ਕੋਲਾ ਵੇਚਦਾ ਹੈ। 2020 ਵਿੱਚ ਅਡਾਨੀ ਨੇ ਭਾਰਤ ਸਰਕਾਰ ਤੋਂ ਰਾਜਸਥਾਨ ਵਿਖੇ ਸੰਸਾਰ ਦਾ ਸਭ ਤੋਂ ਵੱਡਾ (10000 ਮੈਗਾਵਾਟ) ਸੋਲਰ ਪਲਾਂਟ ਦਾ ਠੇਕਾ 4200 ਕਰੋੜ ਰੁਪਏ ਵਿੱਚ ਹਾਸਲ ਕੀਤਾ ਹੈ।

ਆਪਣੇ ਰਾਜਨੀਤਕ ਸਬੰਧਾਂ ਕਾਰਨ ਇਹ ਕੰਪਨੀ ਹਮੇਸ਼ਾਂ ਵਿਵਾਦਾਂ ਵਿੱਚ ਘਿਰੀ ਰਹਿੰਦੀ ਹੈ। ਇਸ ਬਾਰੇ ਮਸ਼ਹੂਰ ਹੈ ਕਿ ਜਿਹੜਾ ਵੀ ਸਰਕਾਰੀ ਪ੍ਰੋਜੈਕਟ ਇਹ ਲੈਣਾ ਚਾਹਵੇ, ਉਹ ਇਸੇ ਨੂੰ ਹੀ ਮਿਲਦਾ ਹੈ। ਇੱਕ ਖਾਸ ਰਾਜਨੀਤਕ ਪਾਰਟੀ ਵੱਲੋਂ ਇਸ ਨੂੰ ਬੇਤਹਾਸ਼ਾ ਫਾਇਦੇ ਪਹੁੰਚਾਉਣ ਦੇ ਇਲਜ਼ਾਮ ਲੱਗਦੇ ਰਹਿੰਦੇ ਹਨ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ** 9501100062

# ਰਵੀ ਸਿੰਘ ਖਾਲਸਾ ਖਿਲਾਫ ਨਫਰਤ ਫੈਲਾਉਣ ਵਾਲੇ ਚੈਨਲਾਂ ਦਾ ਹੋਵੇ ਸਮਾਜਿਕ ਬਾਈਕਾਟ

**ਬਘੇਲ ਸਿੰਘ ਧਾਲੀਵਾਲ**
**99142-58142**



ਜਿਸ ਕੌਮ ਨੂੰ "ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ" ਦੀ ਵਿਚਾਰਧਾਰਾ ਵਿਰਸੇ ਵਿੱਚ ਮਿਲੀ ਹੋਵੇ, ਜਿਨ੍ਹਾਂ ਦੇ ਅੰਗ-ਸੰਗ ਭਾਈ ਘਨੱਈਆ ਦੀ ਸੋਚ ਹੋਵੇ, ਉਹਨਾਂ ਨੂੰ ਆਪਣੇ ਧਰਮ ਦਾ ਕਰਮ ਕਰਦੇ ਸਮੇਂ ਕਦੇ ਹਕੂਮਤਾਂ ਦਾ ਡਰ ਭੈਅ ਨਹੀਂ ਸਤਾਉਂਦਾ ਬਲਕਿ ਉਹਨਾਂ 'ਤੇ ਗੁਰੂ ਦੀ ਅਜਿਹੀ ਬਖਸ਼ਿਸ਼ ਹੁੰਦੀ ਹੈ ਕਿ ਉਹ ਸਰਕਾਰਾਂ ਵੱਲੋਂ ਪੁਰਸਕਾਰਾਂ ਦੇ ਰੂਪ 'ਚ ਸੁੱਟੀ ਬੁਰਕੀ ਨੂੰ ਵੀ ਜੁੱਤੀ ਦੀ ਨੋਕ ਦੇ ਬਰਾਬਰ ਸਮਝਣ ਦੇ ਕਾਬਲ ਬਣ ਜਾਂਦੇ ਹਨ। ਉਹਨਾਂ ਨੂੰ ਅਜਿਹੇ ਪੁਰਸਕਾਰ ਅਪਣੀ ਕੌਮ ਨਾਲ ਹੋਈਆਂ ਧੱਕੇਸ਼ਾਹੀਆਂ, ਸਰਕਾਰੀ ਸਰਪ੍ਰਸਤੀ ਹੇਠ ਹੋਈ ਨਸਲਕੁਸ਼ੀ, ਆਪਣੀ ਹੀ ਫੌਜ ਵੱਲੋਂ ਬੇਰਹਿਮੀ ਨਾਲ ਕੀਤੇ ਗਏ ਹਮਲੇ ਨਾਲ ਢੱਠੇ ਸ੍ਰੀ ਅਕਾਲ ਤਖਤ ਸਾਹਿਬ ਜੀ ਅਤੇ ਬੱਚੀਆਂ, ਬੀਬੀਆਂ, ਬੁੱਢੀਆਂ ਮਾਵਾਂ, ਭੈਣਾਂ ਨਾਲ ਬਲਾਤਕਾਰ ਦੀ ਉਹ ਡਰਾਉਣੀ ਤਸਵੀਰ ਸਾਹਮਣੇ ਪੇਸ਼ ਕਰਦੇ ਪਰਤੀਤ ਹੁੰਦੇ ਹਨ, ਜਿਹੜੀ ਤਸਵੀਰ ਹਮੇਸ਼ਾ ਉਹਨਾਂ ਦੇ ਜਿਹਨ 'ਚ ਉਕਰੀ ਹੋਈ ਉਹਨਾਂ ਦੀ ਗੈਰਤ ਨੂੰ ਹਲੂਣਦੀ ਰਹਿੰਦੀ ਹੈ। ਅਜਿਹੀ ਸੋਚ ਦਾ ਮਾਲਕ ਹੈ ਖਾਲਸਾ ਏਡ ਦਾ ਮੁੱਖ ਸੇਵਾਦਾਰ ਰਵੀ ਸਿੰਘ ਖਾਲਸਾ, ਜਿਸ ਨੇ ਸੰਸਾਰ ਪੱਧਰ 'ਤੇ ਜਿੱਥੇ ਸਿੱਖੀ ਦੀ ਵੱਖਰੀ ਪਛਾਣ ਨੂੰ ਸਥਾਪਤ ਕੀਤਾ ਹੈ, ਓਥੇ ਸਿੱਖੀ ਦੇ ਸਤਿਕਾਰ ਵਿੱਚ ਵੀ ਅਥਾਹ ਵਾਧਾ ਕੀਤਾ ਹੈ। ਦੁਨੀਆਂ ਦਾ ਕੋਈ ਅਜਿਹਾ ਮੁਲਕ ਨਹੀਂ ਜਿੱਥੇ ਕੋਈ ਕੁਦਰਤੀ ਜਾਂ ਗੈਰ ਕੁਦਰਤੀ ਆਫਤ ਆਈ ਹੋਵੇ ਤੇ ਖਾਲਸਾ ਏਡ ਨਾ ਪਹੁੰਚੀ ਹੋਵੇ। ਇਸੇਤਰ੍ਹਾਂ ਹੀ ਭਾਰਤ ਦਾ ਵੀ ਕੋਈ ਅਜਿਹਾ ਸੂਬਾ ਨਹੀ ਜਿੱਥੇ ਕੁਦਰਤੀ ਜਾਂ ਗੈਰ ਕੁਦਰਤੀ ਆਫਤਾਂ ਮੌਕੇ ਖਾਲਸਾ ਏਡ ਨੇ ਅਪਣੀਆਂ ਸੇਵਾਵਾਂ ਨਾ ਦਿੱਤੀਆਂ ਹੋਣ। ਇੱਕ ਸਰਸਰੀ ਝਾਤੀ ਖਾਲਸਾ ਏਡ ਦੇ ਕਾਰਜਾਂ 'ਤੇ ਵੀ ਮਾਰਨੀ ਬੇਹੱਦ ਜ਼ਰੂਰੀ ਹੈ, ਤਾਂ ਕਿ ਭਾਈ ਘਨੱਈਆ ਦੀ ਸੋਚ ਦੀ ਅਸਲ ਵਾਰਸ ਇਸ ਸੰਸਥਾ ਦੇ ਮੁੱਖ ਸੇਵਾਦਾਰ ਨੂੰ ਬਦਨਾਮ ਕਰਨ ਲਈ ਭਾਰਤ ਦੇ ਗੋਦੀ ਮੀਡੀਏ ਦੇ ਝੂਠ ਦਾ ਪਰਦਾਫਾਸ਼ ਕੀਤਾ ਜਾ ਸਕੇ। 1999 ਅਪ੍ਰੈਲ ਅਲਬਾਨੀਆ ਗ੍ਰਹਿ ਯੁੱਧ 'ਚ ਕੋਸੋਵੋ ਮਿਸ਼ਨ, 1999 ਅਗਸਤ ਤੁਰਕੀ ਭੂਚਾਲ ਮਿਸ਼ਨ, 1999 ਦਸੰਬਰ ਉੜੀਸਾ ਸੁਨਾਮੀ, 2001 ਜਨਵਰੀ ਗੁਜਰਾਤ ਭੂਚਾਲ, 2002 ਜਨਵਰੀ ਕਾਂਗੋ ਅਤੇ ਰਵਾਂਡਾ ਜਵਾਲਾਮੁਖੀ ਦੌਰਾਨ ਆਈ ਆਫਤ, 2003 ਜੁਲਾਈ ਕਾਬੁਲ ਸ਼ਰਨਾਰਥੀ ਮਿਸ਼ਨ , 2004 ਦਸੰਬਰ ਅੰਡਮਾਨ ਟਾਪੂ ਸੁਨਾਮੀ, 2005 ਮਾਰਚ ਪਾਕਿਸਤਾਨ ਭੂਚਾਲ , 2007 ਮਾਰਚ ਇੰਡੋਨੇਸ਼ੀਆ ਸੁਨਾਮੀ, 2007 ਅਗਸਤ ਪੰਜਾਬ ਹੜ੍ਹ, 2010 ਜਨਵਰੀ ਹੈਤੀ ਭੂਚਾਲ, 2011 ਮਾਰਚ ਲੀਬੀਆ ਅਤੇ ਸੀਰੀਆ ਮਿਸ਼ਨ, 2013 ਜੂਨ ਉਤਰਾਖੰਡ ਹੜ੍ਹ, 2013 ਸਤੰਬਰ ਮੁਜ਼ੱਫਰਨਗਰ ਦੰਗੇ, 2014 ਜਨਵਰੀ ਯੂਕੇ ਹੜ੍ਹ, 2014 ਅਪ੍ਰੈਲ ਲੇਬਨਾਨ ਸ਼ਰਨਾਰਥੀ ਮਿਸ਼ਨ , 2014 ਜੁਲਾਈ ਸਹਾਰਨਪੁਰ ਦੰਗੇ, 2014 ਸਤੰਬਰ : ਜੰਮੂ ਕਸ਼ਮੀਰ ਹੜ੍ਹ, 2015 ਅਪ੍ਰੈਲ ਨੇਪਾਲ ਭੂਚਾਲ, 2015 ਜੁਲਾਈ ਯਮਨ ਗ੍ਰਹਿ ਯੁੱਧ, 2016 ਮਈ ਗ੍ਰੀਸ ਸ਼ਰਨਾਰਥੀ, 2017 ਅਗਸਤ ਰੋਹਿੰਗਿਆ ਮਿਸ਼ਨ, 2018 ਕੇਰਲਾ ਦੇ ਹੜ ਪੀੜਤਾਂ ਅਤੇ ਕੋਵਿਡ 19 ਦੌਰਾਨ ਹਰ ਮੁਲਕ ਨੂੰ ਬਿਨਾਂ ਕਿਸੇ ਨਸਲ, ਮਜਹਬ, ਰੰਗ ਭੇਦ ਦੇ ਆਪਣੀਆਂ ਸੇਵਾਵਾਂ ਦੇ ਕੇ ਖਾਲਸਾ ਪੰਥ ਦੇ ਪੱਲੇ ਵਿੱਚ ਨੇਕੀ ਦੇ ਖੁੱਲੇ ਗੱਫੇ ਪਾਕੇ ਕੌਮ ਨੂੰ ਸਰਬੱਤ ਦੇ ਭਲੇ ਦੀ ਅਮੀਰੀ ਪ੍ਰਦਾਨ ਕੀਤੀ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਸ ਮੌਕੇ ਦੇਸ਼ ਦੀ ਇਹੋ ਮੁਤੱਸਬੀ ਹਕੂਮਤ ਨੇ ਰਵੀ ਸਿੰਘ ਖਾਲਸਾ ਨੂੰ ਵੱਡੇ ਪੁਰਸਕਾਰ ਨਾਲ ਸਨਮਾਨਿਤ ਕਰਨ ਦੀ ਪੇਸ਼ਕਸ਼ ਕੀਤੀ ਸੀ, ਪ੍ਰੰਤੂ ਇਸ ਗੁਰੂ ਦੇ ਸੱਚੇ ਸਿੱਖ ਨੇ ਭਾਰਤੀ ਹਕੂਮਤ ਦੀ ਪੇਸ਼ਕਸ਼ ਠੁਕਰਾ ਕੇ ਹਕੂਮਤ ਦੇ ਚਾਰੇ ਖਾਨੇ ਚਿੱਤ ਕਰ ਦਿੱਤੇ ਸਨ। ਭਾਵੇਂ ਉਸ ਸਮੇਂ ਤੋਂ ਹੀ ਇਹ ਸੰਸਥਾ ਅਤੇ ਸੰਸਥਾ ਦਾ ਮੁਖੀ ਸਰਦਾਰ ਰਵੀ ਸਿੰਘ ਖਾਲਸਾ ਹਕੂਮਤ ਦੀਆਂ ਅੱਖਾਂ ਵਿੱਚ ਰੋੜ ਵਾਂਗ ਰੜਕਦੇ ਆ ਰਹੇ ਹਨ, ਪ੍ਰੰਤੂ ਹੁਣ ਇਸ ਸੰਸਥਾ 'ਤੇ ਉਂਗਲ ਚੁੱਕਣੀ ਚੰਨ 'ਤੇ ਥੁੱਕਣ ਦੀ ਗਲਤ ਫਹਿਮੀ ਪਾਲਣ ਵਾਲੀ ਗੱਲ ਵਾਂਗ ਹੈ, ਇਸ ਦੇ ਬਾਵਜੂਦ ਵੀ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਨੂੰ ਪਾਰ ਕਰਦਿਆਂ ਭਾਰਤੀ ਮੀਡੀਏ ਨੂੰ ਇਸ ਸੰਸਥਾ ਦੇ ਨਾਮ ਨਾਲ ਅੱਤਵਾਦ ਦਾ ਲੇਵਲ ਲਾਉਣ ਦਾ ਮੌਕਾ ਉਸ ਸਮੇਂ ਮਿਲ ਗਿਆ, ਜਦੋਂ ਇਸ ਸੰਸਥਾ ਵੱਲੋਂ 2019 'ਚ ਪੰਜਾਬ ਦੇ ਹੜ੍ਹ ਮਾਰੇ ਲੋਕਾਂ ਦੀ ਮਦਦ ਕੀਤੀ ਗਈ। ਰਹਿੰਦੀ ਕਸਰ ਮੌਜੂਦਾ 2020 ਦੇ ਕਿਸਾਨ ਅੰਦੋਲਨ ਦੌਰਾਨ ਕੱਢ ਦਿੱਤੀ ਗਈ ਹੈ, ਜਦੋਂ ਜੀ ਨਿਊਜ਼ ਵਰਗੇ ਫਿਰਕੂ ਚੈਨਲਾਂ ਨੇ ਸ਼ਰੇਆਮ ਇਸ ਸੰਸਥਾ ਦੇ ਮੁਖੀ ਖਿਲਾਫ ਕੂੜ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਭਾਈ ਰਵੀ ਸਿੰਘ ਦਾ ਕਸੂਰ ਸਿਰਫ ਐਨਾ ਕੁ ਹੈ ਕਿ ਉਹਨਾਂ ਨੇ ਕਿਸਾਨ ਅੰਦੋਲਨ ਵਿੱਚ ਕਿਸਾਨਾਂ ਲਈ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕਰਨ ਦਾ ਫੈਸਲਾ ਕਰ ਲਿਆ। ਦਿੱਲੀ ਦੀਆਂ ਸੜਕਾਂ 'ਤੇ ਫਾਕੇ ਕੱਟ ਰਹੀ ਦੇਸ਼ ਦੀ ਕਿਸਾਨੀ ਅਤੇ ਮਜ਼ਦੂਰ ਜਮਾਤ ਨੂੰ ਜ਼ਰੂਰੀ ਲੋੜਾਂ ਦਾ ਸਮਾਨ ਮੁਹੱਈਆ ਕਰਵਾਉਣਾ ਸ਼ੁਰੂ ਕਰ ਦਿੱਤਾ, ਤਾਂ ਕਿ ਭੁੱਖੇ ਢਿੱਡ ਰਹਿ ਕੇ ਦੇਸ਼ ਦਾ ਢਿੱਡ ਭਰਨ ਵਾਲੇ ਕਿਸਾਨ ਆਪਣੀ ਹੋਂਦ ਦੀ ਲੜਾਈ ਵਿੱਚ ਹੌਸਲਾ ਨਾ ਹਾਰ ਜਾਣ। ਉਹਨਾਂ ਦਾ ਇਹ ਕਦਮ ਕੋਈ ਅਲੋਕਾਰ ਕਦਮ ਨਹੀਂ ਸੀ, ਬਲਕਿ ਅਜਿਹੀ ਸੇਵਾ ਵਾਲੇ ਕਾਰਜ ਤਾਂ ਉਹਨਾਂ ਦੀ ਸੰਸਥਾ ਪਿਛਲੇ ਵੀਹ ਸਾਲਾਂ ਤੋਂ ਲਗਾਤਾਰ ਕਰਦੀ ਆ ਰਹੀ ਹੈ, ਇਸ ਸਬੰਧੀ ਉੱਪਰ ਦੱਸਿਆ ਵੀ ਜਾ ਚੁੱਕਾ ਹੈ ਕਿ ਕਿੱਥੇ ਅਤੇ ਕਦੋਂ ਇਸ ਸੰਸਥਾ ਨੇ ਬਿਪਤਾ ਮਾਰੇ ਲੋਕਾਂ ਲਈ ਉਹਨਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਅਪਣਾ ਜ਼ਿਕਰਯੋਗ ਫਰਜ਼ ਅਦਾ ਕੀਤਾ ਹੈ। ਖਾਲਸਾਏਡ ਨੇ ਵਰ੍ਹਦੀਆਂ ਗੋਲੀਆਂ ਵਿੱਚ ਵੀ ਆਪਣੇ ਫਰਜ਼ਾਂ ਤੋਂ ਪਾਸਾ ਨਹੀਂ ਵੱਟਿਆ, ਬਲਕਿ ਪੂਰੇ ਹੌਸਲੇ ਅਤੇ ਸ਼ਿੱਦਤ ਨਾਲ ਆਪਣੀ ਜ਼ੁੰਮੇਵਾਰੀ ਨੂੰ ਬਾਖੂਬੀ ਨਿਭਾਇਆ ਹੈ। ਇਹ ਸਾਰਾ ਕੁੱਝ ਜਾਣਦੇ ਹੋਏ ਵੀ ਖਾਲਸਾ ਏਡ ਨੂੰ ਨਿਸ਼ਾਨਾ ਬਨਾਉਣ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਸਤਰ੍ਹਾਂ ਇਹ ਮੁਤੱਸਬੀ ਹਕੂਮਤਾਂ ਅਤੇ ਭਾਰਤੀ ਸਰਮਾਏਦਾਰ ਜਮਾਤ ਦੇ ਜਰ-ਖਰੀਦ ਚੈਨਲ ਘੱਟ ਗਿਣਤੀਆਂ ਪ੍ਰਤੀ ਖਾਸ ਕਰਕੇ ਉਸ ਘੱਟ ਗਿਣਤੀ ਪ੍ਰਤੀ ਮੰਦ ਭਾਵਨਾ ਰੱਖਦੇ ਹਨ ਅਤੇ ਅਪਣੇ ਮਨਾਂ ਵਿੱਚ ਨਫਰਤ ਪਾਲੀ ਬੈਠੇ ਹਨ, ਜਿਹੜੀ ਕੌਮ ਮੁਲਕ ਦੀ ਕੁੱਲ ਅਬਾਦੀ ਦਾ ਦੋ ਪ੍ਰਤੀਸ਼ਤ ਹੋਣ ਦੇ ਬਾਵਜੂਦ ਵੀ ਪੂਰੀ ਦੁਨੀਆਂ ਦੇ ਲੋੜਵੰਦਾਂ ਦੀਆਂ ਲੋੜਾਂ ਬਗੈਰ ਕਿਸੇ ਨਸਲ ਰੰਗ ਦਾ ਭੇਦ ਜਾਣਿਆਂ ਪੂਰੀਆਂ ਕਰਨ ਦੀ ਇੱਛਾ ਰੱਖਦੀ ਹੈ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਅਜਿਹੀ ਸੰਕੀਰਨ ਤੇ ਈਰਖਾਲੂ ਸੋਚ ਵਾਲੇ ਚੈਨਲਾਂ ਦੀ ਬਦੌਲਤ ਹੀ ਹੁਣ ਤੱਕ ਸਿੱਖਾਂ ਨੂੰ ਹਊਆ ਬਣਾ ਕੇ ਦੇਸ਼ ਦੀ ਜਨਤਾ ਸਾਹਮਣੇ ਪੇਸ਼ ਕੀਤਾ ਜਾਂਦਾ ਰਿਹਾ ਹੈ, ਜਿਸ ਕਰਕੇ ਸਮੁੱਚਾ ਦੇਸ਼ ਉੱਚੇ ਆਦਰਸ਼ਾਂ ਵਾਲੀ ਸਿੱਖ ਕੌਮ ਨੂੰ ਨਫਰਤ ਅਤੇ ਬੇਰਹਿਮ ਨਜ਼ਰਾਂ ਨਾਲ ਦੇਖਦਾ ਰਿਹਾ ਹੈ। ਹੁਣ ਸ਼ੋਸ਼ਲ ਮੀਡੀਏ ਦਾ ਜ਼ਮਾਨਾ ਹੈ, ਇਸ ਕਰਕੇ ਲੋਕਾਂ ਨੂੰ ਅਸਲ ਸਚਾਈ ਪਤਾ ਲੱਗ ਚੁੱਕੀ ਹੈ। ਹੁਣ ਹਾਲਾਤ ਬਦਲ ਗਏ ਹਨ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਖਾਲਸਾ ਏਡ 'ਤੇ ਇੱਕ ਵੀ ਅਜਿਹਾ ਦੋਸ਼ ਨਹੀਂ ਲੱਗ ਸਕਦਾ ਕਿ ਉਹ ਮਦਦ ਕਰਨ ਸਮੇਂ ਰੰਗ ਨਸਲ ਦਾ ਭੇਦ ਰੱਖਦੇ ਹੋਣ, ਦੂਜਾ ਉਹਨਾਂ ਦੇ ਧਰਮ ਕਾਰਜਾਂ ਨੂੰ ਹੁਣ ਪੂਰੀ ਦੁਨੀਆਂ ਦੇ ਲੋਕ ਸਲਾਮਾਂ ਕਰਦੇ ਹਨ। ਅਜੇ ਕੁੱਝ ਦਿਨਾਂ ਦੀ ਹੀ ਗੱਲ ਹੈ ਜਦੋਂ ਬਰਤਾਨੀਆਂ ਦੀ ਹਕੂਮਤ ਦੇ ਟਰਾਂਸਪੋਰਟ ਵਿਭਾਗ ਨੇ ਖਾਲਸਾ ਏਡ ਨੂੰ ਪੱਤਰ ਲਿਖ ਕੇ ਯੂ ਕੇ ਅਤੇ ਫਰਾਂਸ ਦੀ ਸਰਹੱਦ 'ਤੇ ਫਸੇ ਹਜ਼ਾਰਾਂ ਯੋਰਪੀਅਨ ਟਰੱਕ ਡਰਾਈਵਰਾਂ ਦੀ ਮਦਦ ਕਰਨ ਬਦਲੇ ਉਹਨਾਂ ਦੀ ਸ਼ਲਾਘਾ ਕੀਤੀ ਹੈ। ਸੋ ਅਜਿਹੇ ਜ਼ਹਿਰੀਲੇ ਚੈਨਲਾਂ ਨੂੰ ਦੇਖਣਾ ਬੰਦ ਕਰ ਦੇਣਾ ਚਾਹੀਦਾ ਹੈ ਅਤੇ ਇਲਾਕਾਈ ਚੈਨਲਾਂ, ਅਖਬਾਰਾਂ ਅਤੇ ਯੂਟਿਊਬ ਚੈਨਲਾਂ ਨੂੰ ਵੱਧ ਤੋਂ ਵੱਧ ਦੇਖਿਆ ਜਾਣਾ ਚਾਹੀਦਾ ਹੈ, ਤਾਂ ਕਿ ਭਵਿੱਖ 'ਚ ਕੋਈ ਗੋਦੀ ਚੈਨਲ ਲੋਕ ਏਕਤਾ ਨੂੰ ਢਾਹ ਲਾਉਣ ਵਾਲੀ ਫਿਰਕੂ ਜ਼ਹਿਰ ਫੈਲਾਉਣ ਦੇ ਕਾਬਲ ਹੀ ਨਾ ਹੋ ਸਕੇ।




# ਭਾਰਤ ਦੇ ਵਿਕਾਸ ਵਿੱਚ ਔਰਤਾਂ ਦੀ ਯੋਗਦਾਨ ਪਾਉਣ ਵਾਲਿਆਂ ਔਰਤਾਂ ਦੀ ਜਿੰਦਗੀ ਤੇ ਇੱਕ ਸੰਖੇਪ

**ਦੇਸ਼ ਦਾ ਗੌਰਵ ਪਹਿਲੀ ਭਾਰਤੀ ਇਸਤਰੀ ਪੁਲਾੜ ਯਾਤਰੀ ਕਲਪਨਾ ਚਾਵਲਾ ਦਾ ਜਨਮ ਕਰਨਾਲ, ਹਰਿਆਣਾ, ਭਾਰਤ ਵਿੱਚ ਇੱਕ ਹਿੰਦੂ ਪੰਜਾਬੀ ਭਾਰਤੀ ਪਰਿਵਾਰ ਪਿਤਾ ਬੰਸੀ ਲਾਲ ਚਾਵਲਾ ਅਤੇ ਮਾਤਾ ਮਤੀ ਸੰਜੋਗ ਤਾਂ ਖਰਬੰਦਾ ਦੀ ਕੁੱਖੋ 17 ਮਾਰਚ, 1962 ਨੂੰ ਹੋਇਆ ਸੀ ਪਰ ਉਸਦੀ ਦਫਤਰੀ ਜਨਮ ਤਰੀਕ ਨੂੰ 1 ਜੁਲਾਈ, 1961 ਵਿੱਚ ਬਦਲ ਦਿੱਤਾ ਗਿਆ ਸੀ ਤਾਂ ਕਿ ਉਹ ਦਸਵੀਂ ਦੇ ਇਮਤਿਹਾਨ ਦੇਣ ਲਈ ਯੋਗ ਹੋ ਸਕੇ। ਬਚਪਨ ਵਿੱਚ ਕਲਪਨਾ ਨੂੰ ਹਵਾਈ ਜਹਾਜਾਂ ਦੀਆਂ ਤਸਵੀਰਾਂ ਬਣਾਉਣ ਵਿੱਚ ਬਹੁਤ ਦਿਲਚਸਪੀ ਸੀ।ਕਲਪਨਾ ਚਾਵਲਾ ਨੇ ਮੁੱਢਲੀ ਸਿੱਖਿਆ ਟੈਗੋਰ ਬਾਲ ਨਿਕੇਤਾ ਸੀਨੀਅਰ ਸੈਕੰਡਰੀ ਸਕੂਲ ਕਰਨਾਲ ਤੋਂ ਪ੍ਰਾਪਤ ਕੀਤੀ। ਸ਼੍ਰੀ ਜੇ. ਆਰ. ਡੀ ਟਾਟਾ ਤੋਂ ਪ੍ਰਭਾਵਿਤ ਹੋ ਕੇ ਸੰਨ 1982 'ਚ ਉਸਨੇ ਪੰਜਾਬ ਇੰਜੀਨਿਅਰਿੰਗ ਕਾਲਜ, ਚੰਡੀਗੜ੍ਹ (ਭਾਰਤ) ਤੋਂ ਪੁਲਾੜ ਅਤੇ ਖਲਾਅ ਨਾਲ ਸਬੰਧਤ ਵਿਸੇ 'ਚ ਬੈਚਲਰ ਆਫ ਸਾਇੰਸ ਦੀ ਡਿਗਰੀ ਏਰੋਨਾਟੀਕਲ ਇੰਨਜੀਨਿਅਰਿੰਗ ਦੇ ਅੰਤਰਗਤ ਪ੍ਰਾਪਤ ਕੀਤੀ।**

ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਦੇ ਵਿਕਾਸ ਵਿੱਚ ਔਰਤਾਂ ਦਾ ਬਹੁਤ ਹੀ ਯੋਗਦਾਨ ਰਿਹਾ ਹੈ। ਜਿਸ ਸਮੇਂ ਮਰਦਾ ਨੇ ਭਾਰਤ ਦੇ ਵਿਕਾਸ ਵਿੱਚ ਹਿੱਸਾ ਪਾਇਆ ਸੀ ਉਸ ਸਮੇਂ ਔਰਤਾ ਵੀ ਭਾਰਤ ਦੇ ਵਿਕਾਸ ਵਿੱਚ ਹਿੱਸਾ ਪਾਉਣ ਲਈ ਸਾਹਮਣੇ ਆਈਆਂ ਸਨ।ਔਰਤਾਂ ਭਾਰਤ ਦੇ ਵਿਕਾਸ ਤੇ ਤਰੱਕੀ ਲਈ ਪੁਲਾੜ ਤੱਕ ਪਹੁੰਚ ਗਈਆ ਹਨ। ਔਰਤਾਂ ਨੇ ਭਾਰਤ ਵਿੱਚ ਵਿਗਿਆਨ ਦੀ ਸਿੱਖਿਆ ਪ੍ਰਾਪਤ ਕਰਕੇ ਭਾਰਤ ਦਾ ਵਿਗਿਆਨ ਦੇ ਖੇਤਰ ਵਿੱਚ ਬਹੁਤ ਹੀ ਜਆਿਦਾ ਵਿਕਾਸ ਕੀਤਾ ਹੈ। ਵਿਗਿਆਨ ਦੀ ਸਿੱਖਿਆ ਪ੍ਰਾਪਤ ਕਰਨ ਨਾਲ ਭਾਰਤ ਬਹੁਤ ਸਿੱਖਰ ਦੀ ਉਚਾਈ ਤੱਕ ਪਹੁੰਚ ਗਿਆ। ਅਜਿਹੀ ਕੋਈ ਵੀ ਸੱਮਸਿਆ ਨਹੀ ਹੈਨ ਜਿਸ ਦਾ ਹੱਲ ਨਹੀਂ ਲੱਭਿਆ ਜਾ ਸਕਦਾ।ਔਰਤਾਂ ਪੁਲਾੜ ਤੱਕ ਪਹੁੰਚ ਚੁੱਕੀਆਂ , ਪੁਲਾੜ ਵਿੱਚ ਜਾ ਕੇ ਬਹੁਤ ਸਾਰੀਆਂ ਰੋਜਾਨਾ ਕੀਤੀਆ ਸਨ।

ਕਲਪਨਾ ਚਾਵਲਾ ਪ੍ਰਸਿੱਧ ਪੁਲਾੜ ਵਿਗਿਆਨੀ ਹੈ ਉਹਨਾਂ ਦੀ ਜਿੰਦਗੀ ਤੇ ਇੱਕ ਝਾਤ :-

ਦੇਸ਼ ਦਾ ਗੌਰਵ ਪਹਿਲੀ ਭਾਰਤੀ ਇਸਤਰੀ ਪੁਲਾੜ ਯਾਤਰੀ ਕਲਪਨਾ ਚਾਵਲਾ ਦਾ ਜਨਮ ਕਰਨਾਲ, ਹਰਿਆਣਾ, ਭਾਰਤ ਵਿੱਚ ਇੱਕ ਹਿੰਦੂ ਪੰਜਾਬੀ ਭਾਰਤੀ ਪਰਿਵਾਰ ਪਿਤਾ ਬੰਸੀ ਲਾਲ ਚਾਵਲਾ ਅਤੇ ਮਾਤਾ ਮਤੀ ਸੰਜੋਗ ਤਾਂ ਖਰਬੰਦਾ ਦੀ ਕੁੱਖੋ 17 ਮਾਰਚ, 1962 ਨੂੰ ਹੋਇਆ ਸੀ ਪਰ ਉਸਦੀ ਦਫਤਰੀ ਜਨਮ ਤਰੀਕ ਨੂੰ 1 ਜੁਲਾਈ, 1961 ਵਿੱਚ ਬਦਲ ਦਿੱਤਾ ਗਿਆ ਸੀ ਤਾਂ ਕਿ ਉਹ ਦਸਵੀਂ ਦੇ ਇਮਤਿਹਾਨ ਦੇਣ ਲਈ ਯੋਗ ਹੋ ਸਕੇ। ਬਚਪਨ ਵਿੱਚ ਕਲਪਨਾ ਨੂੰ ਹਵਾਈ ਜਹਾਜਾਂ ਦੀਆਂ ਤਸਵੀਰਾਂ ਬਣਾਉਣ ਵਿੱਚ ਬਹੁਤ ਦਿਲਚਸਪੀ ਸੀ।ਕਲਪਨਾ ਚਾਵਲਾ ਨੇ ਮੁੱਢਲੀ ਸਿੱਖਿਆ ਟੈਗੋਰ ਬਾਲ ਨਿਕੇਤਾ ਸੀਨੀਅਰ ਸੈਕੰਡਰੀ ਸਕੂਲ ਕਰਨਾਲ ਤੋਂ ਪ੍ਰਾਪਤ ਕੀਤੀ। ਸ਼੍ਰੀ ਜੇ. ਆਰ. ਡੀ ਟਾਟਾ ਤੋਂ ਪ੍ਰਭਾਵਿਤ ਹੋ ਕੇ ਸੰਨ 1982 'ਚ ਉਸਨੇ ਪੰਜਾਬ ਇੰਜੀਨਿਅਰਿੰਗ ਕਾਲਜ, ਚੰਡੀਗੜ੍ਹ (ਭਾਰਤ) ਤੋਂ ਪੁਲਾੜ ਅਤੇ ਖਲਾਅ ਨਾਲ ਸਬੰਧਤ ਵਿਸੇ 'ਚ ਬੈਚਲਰ ਆਫ ਸਾਇੰਸ ਦੀ ਡਿਗਰੀ ਏਰੋਨਾਟੀਕਲ ਇੰਨਜੀਨਿਅਰਿੰਗ ਦੇ ਅੰਤਰਗਤ ਪ੍ਰਾਪਤ ਕੀਤੀ। 1984 'ਚ ਟੈਕਸਾਸ ਯੂਨੀਵਰਸਿਟੀ ਤੋਂ ਉਸਨੇ ਖਲਾਈ ਇੰਨਜੀਨਿਅਰਿੰਗ ਦੇ ਤਹਿਤ ਮਾਸਟਰ ਆਫ ਸਾਇੰਸ ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1988 'ਚ ਕਲਪਨਾ ਚਾਵਲਾ ਨੇ ਪੁਲਾੜ ਇੰਜੀਨਿਅਰਿੰਗ ਸਬੰਧੀਡਾਕਟੋਰੇਟ, ਆਫ ਫਿਲਾਸਫੀ ਦਾ ਖਿਤਾਬ ਕੋਲੋਰੈਡੋ ਯੂਨੀਵਰਸਿਟੀ ਤੋਂ ਹਾਸਲ ਕੀਤਾ।ਕਲਪਨਾ ਚਾਵਲਾ ਨੂੰ ਹਵਾਈ ਸਫਰ, ਹਾਈਕਿੰਗ ਬੈਕ-ਪੈਕਿੰਗ ਅਤੇ ਪੜ੍ਹਣ ਦਾ ਬੇਹਦ, ਸੌਕ ਸੀ। ਉਸ ਕੋਲ ਹਵਾਈ ਜਹਾਜ ਅਤੇ ਗਲਾਈਡਰ ਦੀਆਂ ਉਡਾਨਾਂ ਸਬੰਧੀ ਹਦਾਇਤਾਂ ਅਤੇ ਸਿੱਖਲਾਈ ਦੇਣ ਵਾਸਤੇ ਪ੍ਰਸਾਣਕ ਫਲਾਈਟ ਸਿਖਿਅਕ ਲਾਈਸੈਂਸ ਵੀ ਮੌਜੂਰ ਸੀ। ਇਸ ਤੋਂ ਇਲਾਵਾ ਉਸ ਕੋਲ ਇੱਕਲੇ ਅਤੇ ਬਹੁ-ਇੰਜਨੀ ਜਮੀਨੀ ਸਮੁੰਦਰੀ ਹਵਾਈ ਜਹਾਜ ਅਤੇ ਗਲਾਈਡਰਾਂ ਅਤੇ ਹਵਾਈ ਜਹਾਜ ਦੇ ਜੰਤਰਾਂ ਦੀ ਕਾਰਜਸੀਲਤਾ ਸਬੰਧੀ ਕਮਰਸੀਅਲ ਪਾਇਲਟ ਦੇ ਲਾਈਸੈਂਸ ਵੀ ਮੌਜੂਰ ਸਨ। ਉਸਨੂੰ ਹਵਾਈ ਕਰਤਬ ਕਰਨ ਅਤੇ ਟੇਕ-ਵੀਲ੍ਹ ਹਵਾਈ ਜਹਾਜ ਉਡਾਉਣ ਦਾ ਬੇਹਦ ਸੌਕ ਸੀ।




1988 ਵਿੱਚ ਉਸਨੇ ਨਾਸਾ ਵਿੱਚ ਕੰਮ ਕਰਨਾ ਸੁਰੂ ਕੀਤਾ ਜਿੱਥੇ ਉਸਨੇ ਵੀ/ਸਟੋਲ ਦੇ ਸੰਕਲਪਾਂ ਉੱਪਰ ਕੰਪਿਊਟੇਸਨਲ ਫਲਿਊਡ ਡਾਈਨੈਮਿਕਸ (ਸੀਐਫਡੀ) ਰਿਸਰਚ ਕੀਤੀ। 1993 ਵਿੱਚ ਉਸਨੇ ਓਵਰਸੈਟ ਮੈਥਡਸ, ਇੰਕ. ਵਿੱਚ ਉਪ-ਪ੍ਰਧਾਨ ਅਤੇ ਰਿਸਰਚ ਸਾਇੰਟਿਸਟ ਦੇ ਤੌਰ 'ਤੇ ਕੰਮ ਕਰਨਾ ਸੂਰੁ ਕੀਤਾ।ਅਪਰੈਲ 1991 ਵਿੱਚ ਇੱਕ ਅਮਰੀਕੀ ਨਾਗਰਿਕ ਬਣਨ ਪਿੱਛੋਂ ਚਾਵਲਾ ਨੇ ਨਾਸਾ ਐਸਟਰੋਨਾਟ ਕੌਰਪਸ ਲਈ ਅਰਜੀ ਦਿੱਤੀ।ਉਹ ਇਸ ਕੌਰਪਸ ਵਿੱਚ ਮਾਰਚ 1995 ਵਿੱਚ ਸਾਮਿਲ ਹੋਈ ।ਇਕ ਸਾਲ ਦੀ ਸਿਖਲਾਈ ਅਤੇ ਮੁਲਾਕਣ ਪਿੱਛੋਂ ਕਲਪਨਾ ਚਾਵਲਾ ਨੂੰ ਪੁਲਾੜ ਖੋਜ ਕੇਂਦਰ ਈ.ਵੀ.ਏ ਰੋਬੋਟਿਕਸ ਅਤੇ ਕੰਪਿਊਟਰ ਸਾਖਾਵਾਂ ਵਾਸਤੇ ਤਕਨੀਕੀ ਮੁਦਿਆਂ ਲਈ ਕੰਮ ਕਰਨ ਵੱਜੋਂ ਸਹਿਯੋਗੀ ਕਰਮਚਾਰੀਆਂ ਦੇ ਦਲ ਦੀ ਪ੍ਰਤੀਨਿਧਤਾ ਕਰਨ ਦੇ ਮੰਤਵ ਲਈ ਸਾਮਿਲ ਕੀਤਾ ਗਿਆ। ਨਵੰਬਰ1996 ਵਿੱਚ ਉਸਨੂੰ ਉਸਦੀ ਪਹਿਲੀ ਉਡਾਨ ਭਰਨ ਲਈ ਚੁਣਿਆ ਗਿਆ ।ਕਲਪਨਾ ਚਾਵਲਾ ਨੂੰ ਇਕ ਮਿਸਨ-ਮਾਹਿਰ ਅਤੇ ਐਸਟੀਐਸ 87 ਦੀ ਮੁਢਲੀ ਰੋਬੋਟਿਕ ਆਰਮ ਅਪਰੇਟਰ ਦੇ ਰੂਪ 'ਚ ਤੈਨਾਤ ਕੀਤਾ ਗਿਆ। ਜਨਵਰੀ 1998 'ਚ ਉਸਨੂੰ ਸਟੇਸਨ ਫਲਾਇਟ ਸਹਿਯੋਗੀ ਦਲ ਦੇ ਸਾਜੋਸਾਮਾਨ ਅਤੇ ਸਟਲ ਦੀ ਦੇਖ-ਰੇਖ ਦੇ ਕਾਰਜ ਦੀ ਪ੍ਰਤੀਨਿਧਾਂਤਾਂ ਸੌਂਪੀ ਗਈ। ਇਸਦੇ ਨਾਲ ਹੀ ਉਸਨੂੰ ਪੁਲਾੜ ਕੇਂਦਰ ਦੀ ਅਮਲਾ ਪ੍ਰਣਾਲੀ ਅਤੇ ਹੈਬਿਟਬਿਲਟੀ ਵਰਗ ਦੀ ਆਗੂ ਵੱਜੋਂ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਗਈਆਂ। ਉਸਨੇ ਐਸ ਟੀ ਐਸ-87 (1997) ਅਤੇ ਐਸਟੀ ਐਸ-107 (2003) 'ਚ ਪੁਲਾੜ ਦਾ ਸਫਰ ਕੀਤਾ ਅਤੇ ਪੁਲਾੜ 'ਚ 30 ਦਿਨ, 14 ਘੰਟੇ ਅਤੇ 54 ਮਿਨਟ ਪੜਾਅ ਕੀਤਾ।

ਉਸਦਾ ਪਹਿਲਾ ਪੁਲਾੜ ਮਿਸਨ 2 ਮਈ, 1997 ਵਿੱਚ ਸੂਰੂ ਹੋਇਆ। ਉਹ ਸਪੇਸ ਸਟਲ ਕੋਲੰਬੀਆ ਐਸਟੀਐਸ-87 ਦੇ ਛੇ ਖਗੋਲ ਵਿਗਿਆਨੀਆਂ ਦੇ ਮੈਂਬਰਾਂ ਵਿੱਚੋਂ ਇੱਕ ਸੀ। ਚਾਵਲਾ ਪੁਲਾੜ ਵਿੱਚ ਉਡਾਨ ਭਰਨ ਵਾਲੀ ਪਹਿਲੀ ਭਾਰਤੀ ਔਰਤ ਸੀ। ਉਸਨੇ ਇਹ ਸਬਦ ਖਗੋਲ ਦੀ ਭਾਰਹੀਣਤਾ ਵਿੱਚ ਜਾ ਕੇ ਕਹੇ ਸਨ, "ਤੁਸੀਂ ਸਿਰਫ ਤੁਹਾਡੀ ਸਮਝ ਹੋਂ।" ਆਪਣੇ ਪਹਿਲੇ ਮਿਸਨ ਉੱਪਰ ਚਾਵਲਾ ਨੇ ਧਰਤੀ ਦੇ252 ਚੱਕਰਾਂ ਵਿੱਚ 104 ਮਿਲੀਅਨ ਮੀਲ ਦਾ ਸਫਰ ਤੈਅ ਕੀਤਾ। ਇਸ ਮਿਸ਼ਨ ਦੌਰਾਨ ਚਾਵਲਾ 372 ਘੰਟੇ ਪੁਲਾੜ ਵਿੱਚ ਰਹੀ। ਐਸਟੀਐਸ-87 ਦੇ ਦੌਰਾਨ ਉਸਨੇ ਖਗੋਲ ਵਿੱਚ ਇੱਕ ਸਪਾਰਟਨ ਉਪਗ੍ਰਹਿ ਛੱਡਿਆ ਜਿਹੜਾ ਕਿ ਖਰਾਬ ਹੋ ਗਿਆ ਜਿਸਦੇ ਕਾਰਨ ਵਿੰਸਟਨ ਸਕੌਟ ਅਤੇ ਤਾਕਾਓ ਡੋਈ ਨੂੰ ਉਪਗ੍ਰਹਿ ਨੂੰ ਫੜਨ ਲਈ ਪੁਲਾੜ ਵਿੱਚ ਜਹਾਜ ਤੋਂ ਬਾਹਰ ਜਾਣਾ ਪਿਆ ਸੀ। ਨਾਸਾ ਦੀ 5 ਮਹੀਨਿਆਂ ਦੀ ਜਾਂਚ-ਪੜਤਾਲ ਤੋਂ ਪਿੱਛੋਂ ਉਸਨੂੰ ਦੋਸ-ਮੁਕਤ ਕਰ ਦਿੱਤਾ ਗਿਆ। ਕਿਉਂਕਿ ਸਾਫਟਵੇਅਰ ਇੰਟਰਫੇਸਾਂ ਅਤੇ ਚਾਲਕ-ਦਲ ਦੇ ਮੈਂਬਰਾਂ ਦੇ ਕੰਟਰੋਲ ਵਿੱਚ ਸਮੱਸਿਆ ਸੀ। ਐਸਟੀਐਸ-87 ਦੀਆਂ ਉਡਾਨ ਉਪਰੰਤ ਕਾਰਵਾਈਆਂ ਪੂਰਾ ਹੋਣ ਤੇ ਚਾਵਲਾ ਨੂੰ ਸਪੇਸ ਸਟੇਸਨ ਵਿੱਚ ਕੰਮ ਕਰਨ ਲਈ ਤਕਨੀਕੀ ਅਹੁਦਿਆਂ ਤੇ ਕੰਮ ਕਰਨ ਦੀ ਜੰਮਿਵਾਰੀ ਦਿੱਤੀ ਗਈ ਸੀ।

ਕਲਪਨਾ ਚਾਵਲਾ ਦੀ ਵਿਲੱਖਣ ਸੇਵਾਵਾਂ ਨੂੰ ਦੇਖ ਦਿਆਂ 2000 ਵਿੱਚ ਐਸਟੀਐਸ 107 ਦੇ ਚਾਲਕ-ਦਲ ਦੇ ਮੈਂਬਰ ਦੇ ਤੌਰ 'ਤੇ ਦੂਜੀ ਵਾਰ ਪੁਲਾੜ ਉਡਾਨ ਭਰਨ ਲਈ ਚੁਣਿਆ ਗਿਆ ਸੀ। ਇਹ ਮਿਸਨ ਉਡਾਨ ਭਰਨ ਦੇ ਸਮੇਂ ਅਤੇ ਤਕਨੀਕੀ ਸਮੱਸਿਆਵਾਂ ਦੇ ਕਾਰਨ ਵਾਰ-ਵਾਰ ਰੋਕਿਆ ਗਿਆ ਸੀ ਜਿਵੇਂ ਕਿ ਜੁਲਾਈ 2002 ਵਿੱਚ ਵਿਗਿਆਨੀਆਂ ਨੇ ਸਟਲ ਇੰਜਣ ਵਿੱਚ ਤਰੇੜਾਂ ਨੂੰ ਵੇਖਿਆ ਸੀ। 16 ਜਨਵਰੀ 2003 ਨੂੰ ਆਖਰਕਾਰ ਸਪੇਸ ਸਟਲ ਕੋਲੰਬੀਆ ਨੂੰ ਪੁਲਾੜ ਵਿੱਚ ਭੇਜਿਆ ਗਿਆ। ਐਸ. ਟੀ. ਐਸ 107 ਦੀ 16 ਦਿਨਾਂ ਯਾਤਰਾ ਸ਼ੁਰੂ ਹੋਈ ਜਿਸ ਦੌਰਾਨ ਚਾਵਲਾ ਨੂੰ ਪੂਰਾ - ਪੂਰਾ ਦਿਨ ਕੰਮ ਕਰਕੇ ਲਗਭਗ 80ਪਯੋਗ ਕੀਤੇ। 1ਫਰਵਰੀ 2003 ਨੂੰ ਐਸ. ਟੀ. ਐਸ 107 ਪਰਤੀ ਤੇ ਵਾਪਸ ਆ ਰਿਹਾ ਸੀ। ਜਦੋਂ ਪੁਲਾੜੀ ਸਟਲ ਕੋਲੰਬੀਆਂ ਅਤੇ ਉਸਦਾ ਦਲ ਮਿੱਥੇ ਗਏ ਸਮੇਂ ਤੋਂ 16 ਮਿੰਟ ਪਹਿਲਾਂ ਧਰਤੀ ਵੱਲ ਨੂੰ ਵਧਦਿਆਂ ਹਵਾ ਵਿਚ ਹੀ ਤਬਾਹ ਹੋ ਗਏ। ਇਸ ਦੁਰਘਟਨਾ ਵਿੱਚ ਕਲਪਨਾ ਚਾਵਲਾ ਦੇ ਨਾਲ ਉਸਦੇ ਚਾਲਕ-ਦਲ ਦੇ ਸਾਰੇ ਛੇ ਸਾਥੀਆਂ ਦੀ ਵੀ ਮੌਤ ਹੋ ਗਈ ਸੀ।



ਰਵਨਜੋਤ ਕੌਰ ਸਿੱਧੂ ਰਾਵੀ
ਜੱਬੋਵਾਲ ,ਸ਼ਹੀਦ ਭਗਤ ਸਿੰਘ ਨਗਰ

ਚਾਵਲਾ ਦੇ ਸਰੀਰ ਦੇ ਬਚੇ ਹੋਏ ਹਿੱਸਿਆਂ ਨੂੰ ਹੋਰ ਚਾਲਕ-ਦਲ ਦੇ ਮੈਂਬਰਾਂ ਦੇ ਨਾਲ ਪਛਾਣ ਲਿਆ ਗਿਆ ਸੀ ਅਤੇ ਉਸਦੀਆਂ ਅਸਥੀਆਂ ਨੂੰ ਯੂਟਾ ਦੇ ਨੈਸਨਲ ਪਾਰਕ ਵਿੱਚ ਸੰਸਕਾਰ ਕਰਕੇ ਖਿਲਾਰਿਆ ਗਿਆ ਸੀ ਜਿਵੇਂ ਕਿ ਉਸਦੀ ਇੱਛਾ ਸੀ।ਕਲਪਨਾ ਚਾਵਲਾ ਦੇ ਜਾਣ ਨਾਲ ਕੈਂਸਰ ਦੇ ਮਰੀਜਾਂ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਕਿਉਂਕਿ ਉਹ ਕੈਂਸਰ ਦੀ ਖੋਜ ਕਰਕੇ ਆ ਰਹੇ ਸਨ ਤੇ ਉਸ ਲਈ ਦਵਾਈ ਵਾਸਤੇ ਕਈ ਨਵੀਆਂ ਖੋਜਾਂ ਕੱਢੀਆਂ ਸਨ। 1 ਫਰਵਰੀ 2003 ਵਿੱਚ ਮੌਤ ਨੇ ਇਕ ਬਹੁਤ ਵੱਡਾ ਹੀਰਾ ਸਾਥੋਂ ਖੋਹ ਲਿਆ। ਅੱਜ ਸਮੁੱਚਾ ਜਗਤ ਡਾ. ਕਲਪਨਾ ਚਾਵਲਾ ਨੂੰ ਯਾਦ ਕਰ ਰਿਹਾ ਹੈ। ਇੱਕ ਹੋਰ ਭਾਰਤ ਦੀ ਮਹਾਨ ਇਸਤਰੀ ਦਾ ਜੀਵਨ ਅਗਲੇ ਭਾਗ ਵਿੱਚ ਜੀ




# ਸਰੀਰ ਲਈ ਰਾਮਬਾਣ ਹੈ ਕੋਸਾ ਪਾਣੀ

ਆਮ ਤੌਰ 'ਤੇ ਹਰ ਮਨੁੱਖ ਦੇ ਦਿਨ ਦੀ ਸ਼ੁਰੂਆਤ ਇੱਕ ਕੱਪ ਚਾਹ ਜਾਂ ਕਾਫੀ ਨਾਲ ਹੁੰਦੀ ਹੈ। ਉਹ ਭਲੀ-ਭਾਂਤ ਜਾਣਦੇ ਹਨ ਕਿ ਖਾਲੀ ਪੇਟ ਚਾਹ ਜਾਂ ਕਾਫੀ ਸਿਹਤ ਲਈ ਬਹੁਤ ਨੁਕਸਾਨਦਾਇਕ ਹੁੰਦੀ ਹੈ। ਇਸ ਲਈ ਸਾਨੂੰ ਹਰ ਰੋਜ਼ ਸਵੇਰੇ ਖਾਲੀ ਪੇਟ ਕੋਸੇ ਪਾਣੀ ਦਾ ਸੇਵਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਜੋ ਅਸੀਂ ਬਿਮਾਰੀਆਂ ਤੋਂ ਦੂਰ ਰਹਿ ਸਕੀਏ। ਕਿਸੇ ਵੀ ਰੋਗ ਤੋਂ ਬਚਣ ਲਈ ਡਾਕਟਰ ਜ਼ਿਆਦਾ ਪਾਣੀ ਪੀਣ ਦੀ ਸਲਾਹ ਦਿੰਦੇ ਹਨ। ਸਿਹਤਮੰਦ ਰਹਿਣ ਲਈ ਸਾਨੂੰ ਦਿਨ ਵਿੱਚ ਘੱਟੋ-ਘੱਟ 8-10 ਗਿਲਾਸ ਪਾਣੀ ਪੀਣਾ ਚਾਹੀਦਾ ਹੈ। ਸਰਦੀਆਂ ਦੇ ਮੌਸਮ ਵਿੱਚ ਜ਼ਿਆਦਾ ਪਿਆਸ ਤਾਂ ਨਹੀਂ ਲੱਗਦੀ ਪਰ ਫਿਰ ਵੀ ਸਾਨੂੰ ਕੋਸਾ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਅਸੀਂ ਸਾਰੇ ਇਹ ਚੰਗੀ ਤਰੈਹਾਂ ਜਾਣਦੇ ਹਾਂ ਕਿ ਪਾਣੀ ਸਾਡੇ ਸਰੀਰ ਲਈ ਕਿੰਨਾ ਜ਼ਰੂਰੀ ਹੈ। ਪਰ ਜੇ ਦਿਨ 'ਚ 3 ਤੋਂ 4 ਵਾਰ ਗਰਮ ਜਾਂ ਕੋਸਾ ਪਾਣੀ ਪੀਣ ਦੀ ਆਦਤ ਪਾ ਲਈ ਜਾਵੇ ਤਾਂ ਅਸੀਂ ਖੁਦ ਨੂੰ ਕਈ ਬੀਮਾਰੀਆਂ ਤੋਂ ਬਚਾ ਸਕਦੇ ਹਾਂ। ਕੋਸਾ ਪਾਣੀ ਸਰੀਰ ਚੋਂ ਅਨੇਕਾ ਰੋਗਾਂ ਨੂੰ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਕੋਸਾ ਪਾਣੀ ਪੀਣ ਦੇ ਅਨੇਕਾਂ ਫਾਇਦੇ ਹਨ। ਆਓ ਇਹਨਾਂ ਵੱਲ ਇੱਕ ਝਾਤ ਮਾਰੀਏ :-


ਵਰਸ਼ਾ ਵਰਮਾ (ਪਟਿਆਲਾ)

**ਵਜ਼ਨ ਘੱਟ ਕਰੇ**

ਜੇਕਰ ਤੁਸੀਂ ਤੇਜ਼ੀ ਨਾਲ ਵਜ਼ਨ ਘਟਾਉਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਸਵੇਰੇ ਖਾਲੀ ਪੇਟ 1-2 ਗਿਲਾਸ ਗਰਮ ਪਾਣੀ ਦਾ ਸੇਵਨ ਕਰੋ। ਗਰਮ ਪਾਣੀ ਲਗਾਤਾਰ ਵਧ ਰਹੇ ਭਾਰ ਨੂੰ ਘਟਾਉਣ ਵਿੱਚ ਮਦਦਗਾਰ ਸਾਬਿਤ ਹੁੰਦਾ ਹੈ। ਸ਼ਹਿਦ ਤੇ ਨਿੰਬੂ ਨੂੰ ਕੋਸੇ ਪਾਣੀ ਵਿੱਚ ਮਿਲਾ ਕੇ ਤਿੰਨ ਮਹੀਨਿਆਂ ਤੱਕ ਲਗਾਤਾਰ ਪੀਣ ਨਾਲ ਸਰੀਰ ਵਿੱਚ ਜਮੈਹਾਂ ਹੋਈ ਵਾਧੂ ਚਰਬੀ ਜਲਦੀ ਪਿਘਲਾ ਕੇ ਵਜ਼ਨ ਘੱਟ ਕਰਨ ਵਿੱਚ ਮਦਦ ਕਰਦਾ ਹੈ।

**ਬਲੱਡ ਪੈਰੈਸ਼ਰ ਕੰਟਰੋਲ ਕਰੇ**

ਜ਼ਿਆਦਾ ਮਾਤਰਾ 'ਚ ਪਾਣੀ ਪੀਣ ਨਾਲ ਬਲੱਡ ਪੈਰੈਸ਼ਰ ਠੀਕ ਰਹਿੰਦਾ ਹੈ। ਸਾਡੇ ਵੱਲੋਂ ਪੀਤਾ ਪਾਣੀ ਖ਼ੂਨ ਦੇ ਸੰਘਣੇਪਨ ਨੂੰ ਘਟਾਉਂਦਾ ਹੈ ਤੇ ਨਾੜੀਆਂ 'ਚ ਇਸ ਦੇ ਦਬਾਅ ਜਾਂ ਰਫ਼ਤਾਰ ਨੂੰ ਕਾਬੂ 'ਚ ਰੱਖਦਾ ਹੈ।

**ਸਰਦੀ-ਜ਼ੁਕਾਮ ਤੋਂ ਰਾਹਤ**

ਬਦਲਦੇ ਮੌਸਮ ਦੌਰਾਨ ਸਰਦੀ-ਜ਼ੁਕਾਮ ਦੀ ਸਮੱਸਿਆ ਆਮ ਦੇਖਣ ਨੂੰ ਮਿਲਦੀ ਹੈ। ਇਹਨਾਂ ਦਿਨਾਂ ਵਿੱਚ ਗਰਮ ਪਾਣੀ ਪੀਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਹ ਕਿਸੇ ਰਾਮਬਾਣ ਤੋਂ ਘੱਟ ਨਹੀਂ। ਇਸ ਨਾਲ ਕਦੇ ਵੀ ਸਰਦੀ-ਜ਼ੁਕਾਮ ਦੀ ਸਮੱਸਿਆ ਨਹੀਂ ਹੁੰਦੀ। ਇਸ ਦੇ ਨਾਲ ਹੀ ਗਰਮ ਪਾਣੀ ਤੁਹਾਨੂੰ ਗਲੇ ਦੀ ਜਕੜਨ ਤੋਂ ਵੀ ਰਾਹਤ ਦਿੰਦਾ ਹੈ। ਕੋਸਾ ਪਾਣੀ ਪੀਣ ਨਾਲ ਤੁਹਾਡਾ ਗਲਾ ਵੀ ਠੀਕ ਹੋ ਜਾਂਦਾ ਹੈ। ਇਸ ਦੀ ਵਰਤੋਂ ਨਾਲ ਰਾਹਤ ਮਿਲਦੀ ਹੈ।

**ਕਬਜ਼ ਤੋਂ ਰਾਹਤ**

ਜਿਨੈਹਾਂ ਲੋਕਾਂ ਨੂੰ ਅਕਸਰ ਕਬਜ਼ ਦੀ ਸਮੱਸਿਆ ਰਹਿੰਦੀ ਹੈ ਉਨੈਹਾਂ ਲਈ ਗਰਮ ਪਾਣੀ ਕਿਸੇ ਦਵਾਈ ਤੋਂ ਘੱਟ ਨਹੀਂ। ਸਵੇਰੇ ਖਾਲੀ ਪੇਟ ਇਕ ਗਲਾਸ ਗਰਮ ਪਾਣੀ ਪੀਣ ਨਾਲ ਕਬਜ਼ ਦੇ ਨਾਲ-ਨਾਲ ਐਸੀਡਿਟੀ ਅਤੇ ਗੈਸ ਦੀਆਂ ਸਮੱਸਿਆਵਾਂ ਵੀ ਠੀਕ ਹੋ ਜਾਂਦੀਆਂ ਹਨ।

**ਭੁੱਖ ਵਧਾਵੇ**

ਜ਼ਿਨੈਹਾਂ ਵਿਅਕਤੀਆਂ ਨੂੰ ਭੁੱਖ ਨਹੀਂ ਲੱਗਦੀ ਉਹ ਗਰਮ ਪਾਣੀ ਵਿਚ ਕਾਲੀ ਮਿਰਚ, ਲੂਣ ਅਤੇ ਨਿੰਬੂ ਦਾ ਰਸ ਮਿਲਾ ਕੇ ਪੀਣ। ਇਸ ਨਾਲ ਭੁੱਖ ਲੱਗਣੀ ਸ਼ੁਰੂ ਹੋ ਜਾਵੇਗੀ।

**ਹਾਈ ਕੋਲੈਸਟੈਰੋਲ**

ਜਿਨੈਹਾਂ ਲੋਕਾਂ ਦਾ ਕਲੈਸਟੈਰੋਲ ਹਾਈ ਰਹਿੰਦਾ ਹੈ। ਉਨੈਹਾਂ ਨੂੰ ਸਵੇਰੇ ਖਾਲੀ ਪੇਟ ਗਰਮ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਕਿਉਂਕਿ ਗਰਮ ਪਾਣੀ ਖ਼ੂਨ ਨੂੰ ਕੁਦਰਤੀ ਰੂਪ ਵਿੱਚ ਪਤਲਾ ਕਰਦਾ ਹੈ ਜਿਸ ਨਾਲ ਖ਼ੂਨ ਨਹੀਂ ਜੰਮਦਾ ਅਤੇ ਦਿਲ ਦੀਆਂ ਸਮੱਸਿਆਵਾਂ ਵੀ ਨਹੀਂ ਹੁੰਦੀਆਂ।

**ਜੋੜਾਂ ਦੀਆਂ ਸਮੱਸਿਆਵਾਂ**

ਜਿਨੈਹਾਂ ਲੋਕਾਂ ਨੂੰ ਥਕਾਵਟ ਅਤੇ ਸਰੀਰ ਵਿੱਚ ਦਰਦ ਰਹਿੰਦਾ ਹੈ ਜਾਂ ਫਿਰ ਜੋੜਾਂ ਦੇ ਦਰਦ ਦੀ ਸਮੱਸਿਆ ਰਹਿੰਦੀ ਹੈ, ਉਨੈਹਾਂ ਲਈ ਗਰਮ ਪਾਣੀ ਬਹੁਤ ਲਾਭਕਾਰੀ ਹੈ। ਗਰਮ ਪਾਣੀ ਇੱਕ ਪੇਨ ਕਿੱਲਰ ਦੀ ਤਰੈਹਾਂ ਕੰਮ ਕਰਦਾ ਹੈ। ਜਦੋਂ ਵੀ ਕੋਈ ਦਰਦ ਹੁੰਦਾ ਹੈ ਤਾਂ ਇੱਕ ਗਲਾਸ ਗਰਮ ਪਾਣੀ ਪੀਓ, ਇਸ ਨਾਲ ਦਰਦ 70% ਠੀਕ ਹੋ ਜਾਵੇਗਾ।



**ਚਮੜੀ ਲਈ ਫਾਇਦੇਮੰਦ**

ਕਿਸੇ ਵੀ ਤਰੈਹਾਂ ਦੀ ਚਮੜੀ ਦੀ ਸਮੱਸਿਆ ਹੋਣ 'ਤੇ ਗਰਮ ਪਾਣੀ ਬਹੁਤ ਫਾਇਦੇਮੰਦ ਹੈ। ਸਵੇਰੇ ਖਾਲੀ ਪੇਟ ਗਰਮ ਪਾਣੀ ਪੀਣ ਨਾਲ ਕਿੱਲ, ਮੁਹਾਸੇ, ਫਿੰਸੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਕੋਸਾ ਪਾਣੀ ਪੀਣ ਨਾਲ ਝੁਰੜੀਆਂ, ਢਿੱਲੀ ਚਮੜੀ, ਕਾਲੇ ਘੇਰੇ ਦੀ ਸਮੱਸਿਆ ਵੀ ਦੂਰ ਹੁੰਦੀ ਹੈ। ਜੇਕਰ ਰੋਜ਼ਾਨਾ ਕੋਸਾ ਪਾਣੀ ਪੀਤਾ ਜਾਵੇ ਤਾਂ ਚਮੜੀ ਵਿੱਚ ਚਮਕ ਆਉਣ ਲੱਗਦੀ ਹੈ।

**ਸਰੀਰ ਡਿਟਾਕਸ ਕਰੇ**

ਸਵੇਰੇ ਖਾਲੀ ਪੇਟ ਕੋਸਾ ਪਾਣੀ ਪੀਣ ਨਾਲ ਸਰੀਰ ਦੇ ਡਿਟੋਕਸ ਕਰਨ ਵਿੱਚ ਮਦਦ ਮਿਲਦੀ ਹੈ। ਕਿਉਂਕਿ ਗਰਮ ਪਾਣੀ ਪੀਣ ਨਾਲ ਸਰੀਰ ਦਾ ਤਾਪਮਾਨ ਵਧ ਜਾਂਦਾ ਹੈ ਜਿਸ ਨਾਲ ਪਸੀਨਾ ਆਉਣ ਲੱਗਦਾ ਹੈ ਅਤੇ ਇਸ ਦੇ ਜ਼ਰੀਏ ਸਰੀਰ ਵਿੱਚ ਮੌਜੂਦ ਵਿਸ਼ੈਲੇ ਤੱਤ ਬਾਹਰ ਨਿਕਲ ਜਾਂਦੇ ਹਨ।

**ਖ਼ੂਨ ਸਾਫ ਕਰੇ**

ਕੋਸਾ ਪਾਣੀ ਪੀਣ ਨਾਲ ਸਰੀਰ ਦੇ ਸਾਰੇ ਗੰਦੇ ਟਾਕਸਿਨ ਵੀ ਪਿਸ਼ਾਬ ਅਤੇ ਪਸੀਨੇ ਰਾਹੀਂ ਬਾਹਰ ਨਿਕਲਦੇ ਹਨ। ਇਸ ਦੇ ਨਾਲ ਖ਼ੂਨ ਦੀ ਸ਼ੁੱਧੀ ਵੀ ਹੁੰਦੀ ਹੈ।

**ਮਹਾਵਾਰੀ ਦੀ ਸਮੱਸਿਆ**

ਜਿੰਨੈਹਾਂ ਔਰਤਾਂ ਨੂੰ ਮਹਾਵਾਰੀ ਦੇ ਦਿਨਾਂ 'ਚ ਪੇਟ ਦਰਦ ਜਾਂ ਕਮਰ ਦਰਦ ਦੀ ਸਮੱਸਿਆ ਰਹਿੰਦੀ ਹੈ, ਉਨੈਹਾਂ ਨੂੰ ਗਰਮ ਪਾਣੀ ਪੀਣਾ ਚਾਹੀਦਾ ਹੈ। ਨਾਲ ਹੀ ਇਸ ਦੌਰਾਨ ਗਰਮ ਪਾਣੀ ਨਾਲ ਪੇਟ ਦੀ ਸਿਕਾਈ ਕਰਨ 'ਚ ਕਾਫੀ ਫਾਇਦਾ ਮਿਲਦਾ ਹੈ।

**ਵਾਲਾਂ ਲਈ ਫਾਇਦੇਮੰਦ**

ਇਸ ਤੋਂ ਇਲਾਵਾ ਕੋਸਾ ਪਾਣੀ ਵਾਲਾਂ ਲਈ ਵੀ ਬਹੁਤ ਲਾਭਦਾਇਕ ਹੈ। ਇਸ ਨਾਲ ਵਾਲ ਚਮਕਦਾਰ ਹੁੰਦੇ ਹਨ ਅਤੇ ਇਨੈਹਾਂ ਦੀ ਲੰਬਾਈ ਵੀ ਤੇਜ਼ੀ ਨਾਲ ਵਧਦੀ ਹੈ।

# ਸਰਦੀ ਜੁਕਾਮ ਹੈ ਤਾਂ ਬੱਚਿਆਂ ਨੂੰ ਖਾਣ ਤੋਂ ਰੋਕੋ ਇਹ ਚਾਰ ਚੀਜ਼ਾਂ



ਜੇ ਬੱਚਿਆਂ ਨੂੰ ਜੁਕਾਮ ਜਾਂ ਫਲੂ ਹੈ, ਤਾਂ ਉਨ੍ਹਾਂ ਦੀ ਭੁੱਖ ਪ੍ਰਭਾਵਿਤ ਹੋਵੇਗੀ। ਫਲੂ ਜਾਂ ਜੁਕਾਮ ਹੋਣ 'ਤੇ ਭੁੱਖ ਦੀ ਘੱਟ ਲੱਗਣਾ ਆਮ ਹੈ ਪਰ ਅਜਿਹੀ ਸਥਿਤੀ ਵਿੱਚ ਊਰਜਾ ਲਈ ਕਾਫੀ ਮਾਤਰਾ ਵਿੱਚ ਭੋਜਨ ਖਾਣਾ ਬਹੁਤ ਮਹੱਤਵਪੂਰਨ ਹੈ। ਅਜਿਹੀ ਸਥਿਤੀ ਵਿੱਚ ਬੱਚਿਆਂ ਨੂੰ ਫਲੂ ਤੋਂ ਠੀਕ ਕਰਨ ਲਈ ਛੋਟੇ ਅੰਤਰਾਲਾਂ ਤੇ ਸਹੀ ਭੋਜਨ ਦੇਣਾ ਵੀ ਮਹੱਤਵਪੂਰਨ ਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਸਹੀ ਖਾਣਾ ਚੁਣਨਾ ਇੱਕ ਬਹੁਤ ਮੁਸਕਲ ਤੇ ਮਹੱਤਵਪੂਰਨ ਕਾਰਜ ਵੀ ਹੁੰਦਾ ਹੈ। ਬੱਚਿਆਂ ਨੂੰ ਸੁੱਕੇ ਫਲ, ਮੀਟ ਜਾਂ ਡੇਅਰੀ ਉਤਪਾਦਾਂ ਤੋਂ ਕੀ ਦੇਣਾ ਹੈ। ਇਸ ਬਾਰੇ ਜਾਣਕਾਰੀ ਬਹੁਤ ਮਹੱਤਵਪੂਰਨ ਹੈ, ਖਾਸ ਕਰਕੇ ਸਰਦੀਆਂ ਦੇ ਮੌਸਮ ਵਿੱਚ। ਅੱਜ, ਅਸੀਂ ਤੁਹਾਨੂੰ ਦੱਸਾਂਗੇ ਕਿ ਸਰਦੀਆਂ ਦੇ ਮੌਸਮ ਵਿੱਚ ਤੁਹਾਡੇ ਬੱਚਿਆਂ ਲਈ ਸਹੀ ਭੋਜਨ ਕੀ ਹੈ ਤੇ ਸਮੱਸਿਆ ਦਾ ਹੱਲ ਕੀ ਹੋ ਸਕਦਾ ਹੈ।

**ਮਿੱਠੀਆ ਚੀਜਾਂ ਤੋਂ ਪਰਹੇਜ ਕਰਨਾ**

ਸਰਦੀਆਂ ਵਿੱਚ ਕਈ ਕਿਸਮਾਂ ਦੇ ਸੰਕਰਮਣ ਦਾ ਜੋਖਮ ਵੱਧ ਜਾਂਦਾ ਹੈ। ਤੁਹਾਡੇ ਬੱਚਿਆਂ ਨੂੰ ਸੰਕਰਮਣ ਦੇ ਜੋਖਮ ਤੋਂ ਬਚਾਉਣ ਲਈ, ਮਠਿਆਈਆਂ ਦੀ ਮਾਤਰਾ ਨੂੰ ਘਟਾਉਣਾ ਚਾਹੀਦਾ ਹੈ। ਆਮ ਤੌਰ 'ਤੇ ਬੱਚਿਆਂ ਲਈ ਬਹੁਤ ਮਿੱਠਾ ਪਹਿਲਾਂ ਹੀ ਗਲਤ ਮੰਨਿਆ ਜਾਂਦਾ ਹੈ। ਖੰਡ ਦੀ ਜਿਆਦਾ ਮਾਤਰਾ ਬੱਚਿਆਂ ਵਿੱਚ ਚਿੱਟੇ ਲਹੂ ਦੇ ਸੈੱਲਾਂ ਦੀ ਮਾਤਰਾ ਨੂੰ ਘਟਾਉਂਦੀ ਹੈ। ਜੋ ਇਨਫੈਕਸਨ ਅਤੇ ਇਸ ਨਾਲ ਜੁੜੀਆਂ ਬਿਮਾਰੀਆਂ ਦੇ ਜੋਖਮ ਨੂੰ ਵਧਾਉਂਦਾ ਹੈ। ਇਸ ਮੌਸਮ ਦੌਰਾਨ ਬੱਚਿਆਂ ਨੂੰ ਸਾਫਟ ਡਰਿੰਕ, ਕੈਂਡੀਜ, ਚਾਕਲੇਟ ਦੇਣ ਵਾਲੀਆਂ ਚੀਜਾਂ ਤੋਂ ਪਰਹੇਜ ਕਰੋ।

**ਦੁੱਧ ਉਤਪਾਦਾਂ ਦੀ ਸੀਮਤ ਵਰਤੋਂ**

ਪਸ਼ੂ ਪ੍ਰੋਟੀਨ ਦੀ ਮਾਤਰਾ ਦੁੱਧ ਉਤਪਾਦਾਂ ਵਿੱਚ ਬਹੁਤ ਜਿਆਦਾ ਹੁੰਦੀ ਹੈ। ਸਰਦੀਆਂ ਵਿੱਚ, ਉਹ ਕਨਜੇਸਨ ਦਾ ਕਾਰਨ ਬਣ ਸਕਦੇ ਹਨ ।ਜੁਕਾਮ ਵਿਚ, ਦੁੱਧ ਦੇ ਉਤਪਾਦ ਬਲਗਮ ਦੇ ਵਧਣ ਦਾ ਕਾਰਨ ਬਣ ਸਕਦੇ ਹਨ, ਜੋ ਸਥਿਤੀ ਨੂੰ ਖਰਾਬ ਕਰ ਸਕਦੇ ਹਨ। ਅਜਿਹੀ ਸਥਿਤੀ ਵਿਚ ਬੱਚਿਆਂ ਨੂੰ ਪਨੀਰ, ਕਰੀਮ, ਦੁੱਧ, ਦਹੀ ਵਰਗੀਆਂ ਚੀਜਾਂ ਦੇਣ ਤੋਂ ਪਰਹੇਜ ਕਰੋ ਜਾਂ ਉਨ੍ਹਾਂ ਨੂੰ ਸੀਮਤ ਮਾਤਰਾ ਵਿਚ ਦਿਓ।

**ਹਿਸਟਾਮਾਈਨ ਦੀ ਵਧੇਰੇ ਮਾਤਰਾ ਪਰੇਸਾਨ ਕਰੇਗੀ**

ਹਿਸਟਾਮਾਈਨ ਇੱਕ ਰਸਾਇਣ ਹੈ ਜੋ ਪੇਟ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ ।ਉਸੇ ਹੀ ਸਮੇਂ ਸਰਦੀਆਂ ਵਿਚ ਹਿਸਟਾਮਾਈਨ ਨਾਲ ਭਰਪੂਰ ਭੋਜਨ ਖਾਣ ਨਾਲ ਬਲਗਮ ਵਿਚ ਵਾਧਾ ਹੁੰਦਾ ਹੈ ।ਜਿਸ ਕਾਰਨ ਜੁਕਾਮ ਦੇ ਦੌਰਾਨ ਤੁਹਾਡੇ ਬੱਚਿਆਂ ਦਾ ਫਲੂ ਹੋਰ ਵਧ ਸਕਦਾ ਹੈ ।ਅਜਿਹੀ ਸਥਿਤੀ ਵਿੱਚ ਬੱਚਿਆਂ ਨੂੰ ਮੇਅਨੀਜ, ਮਸ਼ਰੂਮ, ਸਿਰਕਾ, ਕੇਲਾ, ਸੋਇਆ ਸਾਸ, ਅਚਾਰ, ਸਟ੍ਰਾਬੇਰੀ, ਪਪੀਤਾ, ਧੂੰਆਂ ਪੀਤੀ ਮੱਛੀ, ਦਹੀਂ ਵਰਗੀਆਂ ਚੀਜਾਂ ਦੇਣ ਤੋਂ ਪਰਹੇਜ ਕਰੋ।

**ਤਲੇ ਹੋਏ ਖਾਣੇ ਤੋਂ ਦੂਰੀ ਬਣਾਓ**

ਜਿਆਦਾ ਤਲੇ ਭੋਜਨ ਫਲੂ ਦੇ ਦੌਰਾਨ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ ।ਸਰਦੀਆਂ ਦੇ ਦੌਰਾਨ ਤਲੇ ਹੋਏ ਖਾਣੇ ਦੀ ਵਰਤੋਂ ਬਲਗਮ ਦਾ ਕਾਰਨ ਬਣ ਸਕਦਾ ਹੈ ।ਅਜਿਹੀ ਸਥਿਤੀ ਵਿੱਚ, ਫਲੂ ਨਾਲ ਜੂਝ ਰਹੇ ਬੱਚਿਆਂ ਦੀ ਸਿਹਤ ਵਿਗੜ ਸਕਦੀ ਹੈ ।ਅਜਿਹੀ ਸਥਿਤੀ ਵਿੱਚ ਬੱਚਿਆਂ ਨੂੰ ਤਲੇ ਦਾ ਭੋਜਨ ਨਾ ਦਿਓ।

# ਕੀ ਸਰਾਬ ਪੀਣ ਨਾਲ ਘੱਟ ਹੋ ਜਾਵੇਗਾ ਕਰੋਨਾ ਵੈਕਸੀਨ ਦਾ ਅਸਰ



ਕੋਵਿਡ ਵੈਕਸੀਨ ਦੀ ਮੁਹਿੰਮ ਸਾਰੇ ਵਿਸਵ ਵਿੱਚ ਸੁਰੂ ਹੋ ਗਈ ਹੈ। ਬਹੁਤ ਸਾਰੇ ਦੇਸਾਂ ਵਿੱਚ ਵੈਕਸੀਨ ਮੁਹਿੰਮ ਦਾ ਪਹਿਲਾ ਪੜਾਅ ਵੀ ਪੂਰਾ ਹੋਣ ਦੇ ਨੇੜੇ ਹੈ। ਭਾਰਤ ਵਿੱਚ ਵੀ ਪਹਿਲੇ ਪੜਾਅ ਦੀ ਸੁਰੂਆਤ ਹੋ ਗਈ ਹੈ। ਅਜਿਹੀ ਸਥਿਤੀ ਵਿੱਚ, ਲੋਕਾਂ ਦੇ ਟੀਕੇ ਬਾਰੇ ਬਹੁਤ ਸਾਰੇ ਪ੍ਰਸਨ ਹਨ। ਕੁਝ ਅਫਵਾਹਾਂ ਵੀ ਫੈਲਾਈਆਂ ਜਾ ਰਹੀਆਂ ਹਨ, ਤੇ ਕੁਝ ਲੋਕ ਆਪਣੀ ਜਾਣਕਾਰੀ ਦੇ ਅਧਾਰ ਤੇ ਸਿੱਟੇ ਕੱਢ ਰਹੇ ਹਨ। ਅਜਿਹੀ ਸਥਿਤੀ ਵਿੱਚ, ਇੱਕ ਸਭ ਤੋਂ ਵੱਧ ਵਿਚਾਰਿਆ ਸਵਾਲ ਇਹ ਹੈ ਕਿ ਕੀ ਅਲਕੋਹਲ ਪੀਣ ਨਾਲ ਟੀਕੇ ਉੱਤੇ ਕੋਈ ਅਸਰ ਪੈਂਦਾ ਹੈ ਜਾਂ ਕੋਈ ਮਾੜੇ ਪ੍ਰਭਾਵ ਸਾਹਮਣੇ ਆਉਂਦੇ ਹਨ? ਯੂਨਾਈਟਿਡ ਕਿੰਗਡਮ ਦੇ ਮਾਹਰਾਂ ਅਨੁਸਾਰ, ਟੀਕੇ ਤੋਂ ਕੁਝ ਦਿਨ ਪਹਿਲਾਂ ਤੇ ਬਾਅਦ ਵਿੱਚ ਸਰਾਬ ਤੋਂ ਦੂਰੀ ਤੈਅ ਕਰਨੀ ਜਰੂਰੀ ਹੈ। ਇਸ ਬਾਰੇ, ਮਾਹਰ ਕਹਿੰਦੇ ਹਨ ਕਿ ਟੀਕੇ ਦੇ ਵਧੀਆ ਨਤੀਜਿਆਂ ਲਈ, ਤੁਹਾਡਾ ਇਮਊਨ ਸਿਸਟਮ ਬਿਹਤਰ ਸਥਿਤੀ ਵਿੱਚ ਹੋਣੀ ਚਾਹੀਦਾ ਹੈ। ਜੇ ਤੁਸੀਂ ਵੈਕਸੀਨ ਤੋਂ ਇਕ ਰਾਤ ਪਹਿਲਾਂ ਸਰਾਬ ਪੀਤੀ ਹੈ, ਤਾਂ ਟੀਕੇ ਦੇ ਪ੍ਰਭਾਵਸਾਲੀ ਹੋਣ ਵਿੱਚ ਮੁਸਕਲ ਹੋ ਸਕਦੀ ਹੈ।

ਉਸੇ ਸਮੇਂ, ਰੂਸ ਦੇ ਸਿਹਤ ਮਾਹਰਾਂ ਨੇ ਇੱਕ ਕਦਮ ਅੱਗੇ ਜਾਣ ਦੀ ਚਿਤਾਵਨੀ ਦਿੱਤੀ ਹੈ। ਸਪੂਟਿਕ ਵੀ ਦੀ ਵਰਤੋਂ ਰੂਸ ਵਿੱਚ ਕੀਤੀ ਜਾ ਰਹੀ ਹੈ ਤੇ ਟੀਕੇ ਦੇ ਬਿਹਤਰ ਨਤੀਜਿਆਂ ਲਈ ਟੀਕਾਕਰਨ ਤੋਂ ਦੋ ਮਹੀਨੇ ਪਹਿਲਾਂ ਸਰਾਬ ਛੱਡਣ ਲਈ ਕਿਹਾ ਗਿਆ ਹੈ। ਹਾਲਾਂਕਿ, ਇਸ ਮੁੱਦੇ 'ਤੇ ਅਮਰੀਕੀ ਮਾਹਰਾਂ ਦੀ ਰਾਏ ਵੱਖਰੀ ਹੈ। ਉਨ੍ਹਾਂ ਕਿਹਾ ਕਿ ਇਹ ਜਰੂਰੀ ਨਹੀਂ ਹੈ ਕਿ ਜਿਹੜੇ ਲੋਕ ਥੋੜ੍ਹੀ ਮਾਤਰਾ ਵਿੱਚ ਸਰਾਬ ਲੈਂਦੇ ਹਨ, ਉਨ੍ਹਾਂ ਤੇ ਕੋਈ ਮਾੜੇ ਪ੍ਰਭਾਵ ਨਹੀਂ ਹੋਣੇ ਚਾਹੀਦੇ ਜਾਂ ਟੀਕਾ ਪ੍ਰਭਾਵਸਾਲੀ ਨਹੀਂ ਹੋਣਾ ਚਾਹੀਦਾ ਹੈ। ਦਰਅਸਲ, ਮਾਹਰ ਕਹਿੰਦੇ ਹਨ ਕਿ ਜੋ ਲੋਕ ਵੱਡੀ ਮਾਤਰਾ ਵਿਚ ਸਰਾਬ ਪੀਂਦੇ ਹਨ, ਉਹ ਆਪਣੀ ਬਿਮਾਰੀ ਨਾਲ ਲੜਨ ਦੀ ਤਾਕਤ ਨੂੰ ਘਟਾਉਂਦੇ ਹਨ






**ਲੜਕੇ/ਲੜਕੀ ਦੀ ਲੋੜ**

ਕੈਨੇਡੀਅਨ ਜੱਟ ਸਿੱਖ ਲੜਕਾ 5'-9" 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5'-7" 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780-807-8861, ਇੰਡੀਆ 98555-97890

*************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5'-10" ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780-953-6167

*************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5'-8" MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780-904-5608, 780-710-5571 ਈ-ਮੇਲ:bdhillon@carillion.ca

*************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780-716-5859

*************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5'-7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778-838-5989 ਇੰਡੀਆ-9872719621

*************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5'-11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514-609-0617

*************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5'-10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ. ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780-953-6167

*************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5' ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780-932-0612, 94172-00545

*************************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5'-9 ਲਈ Canada P.R ਲੜਕੀ ਦੀ ਲੋੜ ।780-932-0612 94172-00545

*************************

ਜੱਟ ਸਿੱਖ 24 ਸਾਲ ਕੱਦ 6' ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada. 780-913-1179 ਇੰਡੀਆ +91-90200-00019

*************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5'-10 ਸੰਪਰਕ 780-782-3313

*************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E'GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ । ਆਪਣਾ Biodata / Picture e-mail :deepedmonton9@gmail.com . (whatsapp) or Call ' 780-628-7089

*************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5'-8'' ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646-287-9887

''''''''''''''''''''''''''''''''''

ਇੰਡੀਆਂ ਰਹਿੰਦੇ ਕੱਦ 5 ਫੁੱਟ 7 ਇੰਚ ਉਮਰ 26 ਸਾਲ ਐਮ ਬੀ ਏ ਪਾਸ,ਮਾਰਕਟਿੰਗ ਦੀ ਨੌਕਰੀ ਕਰਦੇ ਲੜਕੇ ਲਈ ਐਨ ਆਰ ਆਈ ਲੜਕੀ ਦੀ ਲੋੜ, ਜਾਤੀ ਬੰਧਨ ਕੋਈ ਨਹੀਂ। ਸੰਪਰਕ-7589137572 7973167967

*************************

ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639-470-2491

*************************

ਦੁਬਈ ਟਰੱਕ (ਟਰਾਲੇ) ਡਰਾਈਵਰ, ਦੁਬਈ 7 ਸਾਲ ਪੁਰਾਣਾ ਲਾਇਸੰਸ ਉਮਰ 33 ਸਾਲ,5'9 ਜੱਟ ਸਿੱਖ ਲਈ ਪੜੀ ਲਿਖੀ,ਕੈਨੇਡੀਅਨ ਲੜਕੀ ਦੀ ਜਰੂਰਤ ਹੈ।ਚਾਹਵਾਨ ਸੰਪਰਕ ਕਰ ਸਕਦੇ ਹਨ।

**00971558162944 (ਦੁਬਈ)**
**9915587810-9855408663 (ਇੰਡੀਆਂ)**

**********************

Jatt sikh dhanoa 27/



5,7 Dentist girl in India looking for a suitable match doctor/engineer boy India or abroad. Contact 780 236 0671 India 70872 64520

*************************

31 year old Sikh Khatri/arora boy 5feet6 Canadian university graduate with business degree and working in medical science field looking for a well eduacated girl from Khatri/arora/ramgharia family. Please contact 780 264 9616 or yoursps@yahoo.com

# ਕਿੰਨੀ ਉਚਿਤ ਹੈ ਜਹਾਜ਼ 'ਚ ਮੋਬਾਇਲ ਤੇ ਇੰਟਰਨੈੱਟ ਦੀ ਸਹੂਲਤ

ਭਾਰਤ ਹੀ ਨਹੀਂ, ਜ਼ਿਆਦਾਤਰ ਦੇਸ਼ਾਂ ਵਿਚ ਕਿਸੇ ਵੀ ਏਅਰਲਾਈਨਜ਼ ਦੇ ਜਹਾਜ਼ ਵਿਚ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਉਡਾਣ ਤੋਂ ਠੀਕ ਪਹਿਲਾਂ ਇਹ ਨਿਰਦੇਸ਼ ਸੁਣਾਈ ਦਿੰਦਾ ਹੈ,'ਆਪਣੇ ਮੋਬਾਇਲ ਫੋਨ ਅਤੇ ਪੋਰਟੇਬਲ ਇਲੈਕਟ੍ਰਾਨਿਕ ਉਪਕਰਣਾਂ ਨੂੰ ਕ੍ਰਿਪਾ ਕਰ ਕੇ ਫਲਾਈਟ ਮੋਡ 'ਤੇ ਜਾਂ ਸਵਿੱਚ ਆਫ ਕਰ ਲਓ।'ਜ਼ਿਆਦਾਤਰ ਲੋਕ ਫਲਾਈਟ ਅਟੈਂਡੈਂਟ ਦੀ ਇਸ ਅਪੀਲ ਦੀ ਪਾਲਣਾ ਕਰਦੇ ਹਨ ਕਿਉਂਕਿ ਆਮ ਧਾਰਨਾ ਹੈ ਕਿ ਉਡਾਣ ਦੌਰਾਨ ਸਾਨੂੰ ਮੋਬਾਇਲ ਫੋਨ ਬੰਦ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਦਾ ਸਿਗਨਲ ਜਹਾਜ਼ ਦੇ ਨੇਵੀਗੇਸ਼ਨ ਉਪਕਰਣਾਂ 'ਚ ਰੁਕਾਵਟ ਪੈਦਾ ਕਰ ਸਕਦਾ ਹੈ। ਇਸ ਸਵਾਲ 'ਤੇ ਫਿਰ ਤੋਂ ਚਰਚਾ ਇਸ ਲਈ ਵੀ ਜ਼ਰੂਰੀ ਹੋ ਗਈ ਹੈ ਕਿਉਂਕਿ ਜਲਦੀ ਹੀ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ (ਟ੍ਰਾਈ) ਦੇਸ਼ ਅਤੇ ਦੇਸ਼ 'ਚੋਂ ਹੋ ਕੇ ਲੰਘਣ ਵਾਲੇ ਹਵਾਈ ਯਾਤਰੀਆਂ ਨੂੰ ਜਹਾਜ਼ਾਂ ਵਿਚ ਇੰਟਰਨੈੱਟ ਅਤੇ ਮੋਬਾਇਲ ਫੋਨ ਸੇਵਾਵਾਂ ਪ੍ਰਦਾਨ ਕਰਨ ਦੀ ਇਜਾਜ਼ਤ ਦੇ ਸਕਦੀ ਹੈ।

ਟ੍ਰਾਈ ਅਧਿਕਾਰੀਆਂ ਅਨੁਸਾਰ,'ਅਸੀਂ ਮੋਬਾਇਲ ਅਤੇ ਇੰਟਰਨੈੱਟ ਕਮਿਊਨੀਕੇਸ਼ਨ ਦੋਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਇਹ ਉਡਾਣ ਕੰਪਨੀਆਂ 'ਤੇ ਨਿਰਭਰ ਹੈ ਕਿ ਉਹ ਆਪਣੇ ਯਾਤਰੀਆਂ ਨੂੰ ਕਿਹੜੀਆਂ ਸੇਵਾਵਾਂ ਦੇਣਾ ਚਾਹੁੰਦੀਆਂ ਹਨ ?'

ਨਵੰਬਰ 2009 'ਚ ਏਅਰ ਫਰਾਂਸ ਅਜਿਹੀਆਂ ਸੇਵਾਵਾਂ ਦੇਣ ਵਾਲੀ ਪਹਿਲੀ ਉਡਾਣ ਕੰਪਨੀ ਬਣ ਗਈ ਸੀ। ਇਸ ਤੋਂ ਬਾਅਦ ਦੁਨੀਆ ਭਰ ਵਿਚ ਜ਼ਿਆਦਾਤਰ ਕੰਪਨੀਆਂ ਵਿਸ਼ੇਸ਼ ਤੌਰ 'ਤੇ ਆਪਣੀਆਂ ਲੰਮੀਆਂ ਉਡਾਣਾਂ ਦੌਰਾਨ ਯਾਤਰੀਆਂ ਨੂੰ ਵਾਈ-ਫਾਈ ਦੀਆਂ ਸਹੂਲਤਾਂ ਦੇ ਰਹੀਆਂ ਹਨ ਪਰ ਮੋਬਾਇਲ ਫੋਨ ਕਾਲਜ਼ ਦੀ ਸਹੂਲਤ ਨੂੰ ਆਮ ਤੌਰ 'ਤੇ 'ਪ੍ਰੇਸ਼ਾਨੀ' ਦੇ ਰੂਪ ਵਿਚ ਦੇਖਿਆ ਜਾਂਦਾ ਹੈ।

2013 ਤੋਂ ਅਮਰੀਕਾ ਵਿਚ ਇਸ ਦੀ ਇਜਾਜ਼ਤ ਹੈ ਪਰ ਉਥੇ ਘੱਟ ਹੀ ਉਡਾਣ ਕੰਪਨੀਆਂ ਨੇ ਆਪਣੀਆਂ ਉਡਾਣਾਂ ਦੌਰਾਨ ਇਸ ਦੀ ਇਜਾਜ਼ਤ ਦਿੱਤੀ ਹੈ। ਮੋਬਾਇਲ ਫੋਨ ਖਪਤਕਾਰਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਵਾਲੇ ਚੀਨ ਅਤੇ ਭਾਰਤ ਇਸ ਦੀ ਇਜਾਜ਼ਤ ਦੇਣ ਲਈ ਤਿਆਰ ਤਾਂ ਹਨ ਪਰ ਇਹ ਕਦਮ ਕਿਤੇ ਸੁਰੱਖਿਆ ਲਈ ਖ਼ਤਰਾ ਜਾਂ ਸਮਾਜਿਕ ਦਿੱਕਤ ਦਾ ਕਾਰਨ ਤਾਂ ਨਹੀਂ ਬਣ ਜਾਵੇਗਾ ?

ਇਕ ਅਮਰੀਕੀ ਪਾਇਲਟ ਅਤੇ 'ਕਾਕਪਿਟ ਕਾਨਫੀਡੈਂਸ਼ੀਅਲ' ਨਾਂ ਦੀ ਕਿਤਾਬ ਦੇ ਲੇਖਕ ਪੈਟ੍ਰਿਕ ਸਮਿਥ ਕਹਿੰਦੇ ਹਨ ਕਿ ਮੋਬਾਇਲ ਫੋਨ ਅਤੇ ਇਲੈਕਟ੍ਰਾਨਿਕ ਉਪਕਰਣਾਂ ਨੂੰ ਸਵਿੱਚ ਆਫ ਕਰਨਾ ਸਿਰਫ ਸਾਵਧਾਨੀ ਦੇ ਤੌਰ 'ਤੇ ਅਪਣਾਇਆ ਜਾਣ ਵਾਲਾ ਨਿਯਮ ਹੈ। ਅਰਬਾਂ ਰੁਪਏ ਵਾਲੇ ਜਹਾਜ਼ 'ਤੇ ਕੁਝ ਹਜ਼ਾਰ ਰੁਪਏ ਦੇ ਮੋਬਾਇਲ ਫੋਨ ਦਾ ਅਸਰ ਨਹੀਂ ਹੋਵੇਗਾ। ਜਹਾਜ਼ ਹਾਈਟੈੱਕ ਹੁੰਦੇ ਹਨ ਅਤੇ ਉਨ੍ਹਾਂ ਵਿਚ ਲੱਗੇ ਟੈਲੀਕਾਮ ਅਤੇ ਨੇਵੀਗੇਸ਼ਨ ਉਪਕਰਣਾਂ ਨੂੰ ਮੋਬਾਇਲ ਵਰਗੀਆਂ ਆਮ ਚੀਜ਼ਾਂ ਤੋਂ ਪਹੁੰਚ ਸਕਣ ਵਾਲੇ ਸੰਭਾਵਿਤ ਅੜਿੱਕੇ ਤੋਂ ਵਿਸ਼ੇਸ਼ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ।

ਹਾਲਾਂਕਿ ਪੈਟ੍ਰਿਕ ਇਹ ਚਿਤਾਵਨੀ ਜ਼ਰੂਰ ਦਿੰਦੇ ਹਨ ਕਿ ਇਸ ਗੱਲ ਦਾ ਵੀ ਮਹੱਤਵ ਹੈ ਕਿ ਕਿਸੇ ਗੈਜੇਟ ਨੂੰ ਕਦੋਂ ਅਤੇ ਕਿਵੇਂ ਵਰਤਿਆ ਜਾਂਦਾ ਹੈ। ਮਿਸਾਲ ਵਜੋਂ ਇਕ ਪੁਰਾਣਾ ਲੈਪਟਾਪ ਹਾਨੀਕਾਰਕ ਊਰਜਾ ਪੈਦਾ ਕਰ ਸਕਦਾ ਹੈ। ਅਜਿਹੇ ਵਿਚ ਜਹਾਜ਼ ਦੀ ਰਫਤਾਰ ਵਿਚ ਅਚਾਨਕ ਕਮੀ ਆਉਣ ਜਾਂ ਟਕਰਾਅ ਦੀ ਸਥਿਤੀ ਵਿਚ ਇਹ ਤੇਜ਼ ਰਫਤਾਰ ਵਾਲੇ ਗੋਲੇ ਦਾ ਰੂਪ ਲੈ ਸਕਦਾ ਹੈ।

ਹੁਣ ਤਕ ਦੋ ਗੰਭੀਰ ਘਟਨਾਵਾਂ ਦਾ ਦੋਸ਼ ਮੋਬਾਇਲ ਫੋਨ ਨੂੰ ਦਿੱਤਾ ਜਾਂਦਾ ਹੈ। ਪਹਿਲੀ ਘਟਨਾ ਸਾਲ 2000 ਵਿਚ ਸਵਿਟਜ਼ਰਲੈਂਡ ਦਾ ਅਣਸੁਲਝਿਆ ਕ੍ਰਾਸਏਅਰ ਪਲੇਨ ਕ੍ਰੈਸ਼ ਹੈ, ਜਦੋਂ ਕਿਸੇ ਨਾਜਾਇਜ਼ ਟਰਾਂਸਮਿਸ਼ਨ ਦੇ ਕਾਰਨ ਜਹਾਜ਼ ਦਾ ਆਟੋਪਾਇਲਟ ਭੁਲੇਖੇ ਵਿਚ ਪੈ ਗਿਆ ਸੀ। ਦੂਜੀ ਘਟਨਾ 2003 ਵਿਚ ਨਿਊਜ਼ੀਲੈਂਡ ਦੇ ਕ੍ਰਾਈਸਟ ਚਰਚ ਵਿਚ ਹੋਇਆ ਘਾਤਕ ਪਲੇਨ ਕ੍ਰੈਸ਼




ਹੈ। ਹਾਲਾਂਕਿ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਅਪਵਾਦ ਵੀ ਕਿਹਾ ਜਾ ਸਕਦਾ ਹੈ ਅਤੇ ਉਡਾਣ ਦੌਰਾਨ ਮੋਬਾਇਲ ਫੋਨ ਸਵਿੱਚ ਆਫ ਕਰਨ ਦੇ ਨਿਰਦੇਸ਼ ਪਿੱਛੇ ਜ਼ਿਆਦਾਤਰ 'ਹਾਦਸੇ ਨਾਲੋਂ ਸਾਵਧਾਨੀ ਭਲੀ' ਵਾਲੀ ਸੋਚ ਹੁੰਦੀ ਹੈ। ਬੇਸ਼ੱਕ ਇਹ ਕੰਮ ਕਰਨ ਵਾਲਿਆਂ ਲਈ ਵਰਦਾਨ ਹੋਵੇਗਾ ਕਿ ਉਹ ਆਪਣੇ ਕੰਮ ਅਤੇ ਦਫਤਰ ਦੇ ਸੰਪਰਕ ਵਿਚ ਰਹਿਣਗੇ ਪਰ ਸਮਾਜਿਕ ਪੱਖ ਵੀ ਬਰਾਬਰ ਮਹੱਤਵਪੂਰਨ ਹੈ। ਜਦੋਂ ਤਕ ਯਾਤਰੀ ਹੈੱਡਫੋਨ ਲਗਾ ਕੇ ਮੋਬਾਇਲ ਤੋਂ ਗੀਤ ਸੁਣਦਾ ਹੈ, ਗੇਮ ਖੇਡਦਾ ਹੈ ਜਾਂ ਫਿਲਮਾਂ ਦੇਖਦਾ ਹੈ, ਉਦੋਂ ਤਕ ਤਾਂ ਉਸ ਦੇ ਸਹਿ-ਯਾਤਰੀਆਂ ਨੂੰ ਪ੍ਰੇਸ਼ਾਨੀ ਨਹੀਂ ਪਰ 200 ਤੋਂ 300 ਯਾਤਰੀਆਂ ਵਿਚਾਲੇ ਫੋਨ 'ਤੇ ਜ਼ੋਰ-ਜ਼ੋਰ ਨਾਲ ਲੰਮੀਆਂ-ਲੰਮੀਆਂ ਗੱਲਾਂ ਕਰਨ ਲੱਗੇ ਤਾਂ ਲੰਮੀ ਉਡਾਣ ਵਿਚ ਸਫਰ ਕਰ ਰਹੇ ਹੋਰ ਲੋਕ ਨਾ ਤਾਂ ਸ਼ਾਂਤੀ ਨਾਲ ਸੌਂ ਸਕਣਗੇ, ਨਾ ਆਰਾਮ ਕਰ ਸਕਣਗੇ ਅਤੇ ਨਾ ਹੀ ਕੁਝ ਪੜ੍ਹ ਸਕਣਗੇ। ਇਹ ਹਾਲਤ ਠੀਕ ਸਾਡੀਆਂ ਟ੍ਰੇਨਾਂ ਵਰਗੀ ਹੋ ਜਾਵੇਗੀ, ਜਿੱਥੇ ਸਾਡੀ ਨਿੱਜਤਾ ਦੀ ਉਲੰਘਣਾ ਕਰਨ ਵਾਲਾ ਗੈਰ-ਜ਼ਰੂਰੀ ਆਵਾਜ਼ ਪ੍ਰਦੂਸ਼ਣ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਰਹਿੰਦਾ ਹੈ।

ਕਿਉਂਕਿ ਸਮਾਰਟ ਫੋਨਜ਼ ਨੇ ਸਾਨੂੰ ਪੁਰਾਣੇ ਕੈਮਰਿਆਂ ਤੋਂ ਆਜ਼ਾਦੀ ਦਿਵਾ ਦਿੱਤੀ ਹੈ, ਅਜਿਹੇ ਵਿਚ ਜਹਾਜ਼ ਦੇ ਹਰ ਕੋਨੇ ਵਿਚ ਸੈਲਫੀ ਅਤੇ ਫੋਟੋ ਲੈਣ ਦੀ ਤਾਨਾਸ਼ਾਹੀ ਨਾਲ ਵੀ ਸਹਿ-ਯਾਤਰੀਆਂ ਲਈ ਪ੍ਰੇਸ਼ਾਨੀ ਸ਼ੁਰੂ ਹੋ ਜਾਵੇਗੀ। ਇਸ ਮਾਮਲੇ ਵਿਚ ਸ਼ਾਇਦ ਜਾਪਾਨੀਆਂ ਤੋਂ ਸਿੱਖਿਆ ਲਈ ਜਾ ਸਕਦੀ ਹੈ, ਜਿੱਥੇ ਰੇਲ ਯਾਤਰਾ ਦੌਰਾਨ ਵੀ ਲੋਕ ਫੋਨ ਚੁੱਕਣ ਤੋਂ ਗੁਰੇਜ਼ ਕਰਦੇ ਹਨ, ਤਾਂ ਕਿ ਉਨ੍ਹਾਂ ਦੇ ਸਹਿ-ਯਾਤਰੀ ਪ੍ਰੇਸ਼ਾਨ ਨਾ ਹੋਣ।

**ਵਿਜੈ ਕੁਮਾਰ ਚੋਪੜਾ**

(23 ਜਨਵਰੀ ਜਨਮਦਿਨ ’ਤੇ ਵਿਸ਼ੇਸ਼)

# ਕ੍ਰਾਂਤੀਕਾਰੀ ਯੋਧਾ ਸਨ ਨੇਤਾਜੀ ਸੁਭਾਸ਼ ਚੰਦਰ ਬੋਸ

**ਸੁਭਾਸ਼ ਚੰਦਰ ਬੋਸ ਨੇ 1936 ’ਚ ਸੈਕਟਰੀ ਅਤੇ ਆਸਟ੍ਰੀਅਨ ਲੜਕੀ ਏਮਿਲੀ ਨਾਲ ਵਿਆਹ ਕਰ ਲਿਆ। ਉਨ੍ਹਾਂ ਦੋਨਾਂ ਦੀ ਅਨੀਤਾ ਨਾਂਅ ਦੀ ਇਕ ਬੇਟੀ ਵੀ ਹੋਈ ਜੋ ਇਸ ਸਮੇਂ ਜਰਮਨੀ ’ਚ ਪਰਿਵਾਰ ਸਮੇਤ ਰਹਿ ਰਹੀ ਹੈ। ਨੇਤਾਜੀ ਹਿਟਲਰ ਨਾਲ ਵੀ ਮਿਲੇ।1943 ’ਚ ਉਨਾਂ ਨੇ ਜਰਮਨੀ ਦਾ ਦੌਰਾ ਕੀਤਾ। ਉਥੋਂ ਅੱਗੇ ਉਹ ਜਪਾਨ ਪਹੁੰਚੇ।ਜਪਾਨ ਤੋਂ ਨੇਤਾਜੀ ਸਿੰਗਾਪੁਰ ਪਹੁੰਚੇ। ਜਿਥੇ ਉਨ੍ਹਾਂ ਨੇ ਕੈਪਟਨ ਮੋਹਨ ਸਿੰਘ ਵੱਲੋਂ ਸਥਾਪਤ ਆਜਾਦ ਹਿੰਦ ਫੌਜ ਦੀ ਕਮਾਨ ਆਪਣੇ ਹੱਥ ’ਚ ਲੈ ਲਈ। ਉਸ ਵਕਤ ਰਾਮ ਬਿਹਾਰੀ ਬੋਸ ਆਜਾਦ ਹਿੰਦ ਦੇ ਨੇਤਾ ਸਨ। ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਪੁਨਰਗਠਨ ਕੀਤਾ। ਮਹਿਲਾਵਾਂ ਦੇ ਲਈ ਰਾਨੀ ਝਾਂਸੀ ਰੈਜੀਮੇਂਟ ਦਾ ਵੀ ਗਠਨ ਕੀਤਾ ਗਿਆ, ਲਕਸ਼ਮੀ ਸਹਿਗਲ ਜਿਸਦੀ ਕਪਤਾਨ ਬਣੀ।**

ਨੇਤਾ ਜੀ ਸੁਭਾਸ਼ ਚੰਦਰ ਬੋਸ ਭਾਰਤ ਦੇ ਆਜਾਦੀ ਅੰਦੋਲਣ ਦੇ ਪ੍ਰਮੁੱਖ ਨੇਤਾ ਸਨ। ਉਨ੍ਹਾਂ ਵੱਲੋਂ ਦਿੱਤਾ ਗਿਆ ਜੈ ਹਿੰਦ ਦਾ ਨਾਅਰਾ ਭਾਰਤ ਦਾ ਰਾਸ਼ਟਰੀ ਨਾਅਰਾ ਬਣ ਗਿਆ। ਤੁਸੀਂ ਮੈਨੂੰ ਖੂਨ ਦਿਓ ,ਮੈਂ ਤੁਹਾਨੂੰ ਆਜਾਦੀ ਦਿਆਂਗਾ,ਉਨ੍ਹਾਂ ਦਾ ਇਹ ਨਾਅਰਾ ਵੀ ਉਸ ਸਮੇਂ ਬਹੁਤ ਜਿਆਦਾ ਪ੍ਰਸਾਰਣ ’ਚ ਆਇਆ।ਦੂਜੇ ਵਿਸ਼ਵ ਯੁੱਧ ਦੇ ਦੌਰਾਨ ਅੰਗੇਜਾਂ ਦੇ ਖਿਲਾਫ ਲੜਨ ਦੇ ਲਈ ਉਨ੍ਹਾਂ ਨੇ ਜਪਾਨ ਦੇ ਸਹਿਯੋਗ ਦੇ ਨਾਲ ਆਜਾਦ ਹਿੰਦ ਫੌਜ਼ ਦੀ ਸਥਾਪਨਾ ਕੀਤੀ ਸੀ।

ਨੇਤਾਜੀ ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਉਡੀਸ਼ਾ ਦੇ ਕਟਕ ’ਚ ਇਕ ਬੰਗਾਲੀ ਪਰਿਵਾਰ ’ਚ ਹੋਇਆ ਸੀ।ਬੋਸ ਦੇ ਪਿਤਾ ਦਾ ਨਾਂਅ ਜਾਨਕੀਨਾਥ ਬੋਸ ਅਤੇ ਮਾਤਾ ਦਾ ਨਾਂਅ ਪ੍ਰਭਾਵਤੀ ਸੀ।ਜਾਨਕੀਨਾਥ ਦੀਆਂ ਕੁਲ ਮਿਲਾ ਕੇ 14 ਸੰਤਾਨਾਂ ਸਨ, ਜਿਸ ’ਚੋਂ 6 ਲੜਕੀਆਂ ਅਤੇ 8 ਪੁੱਤਰ ਸਨ। ਸੁਭਾਸ਼ ਚੰਦਰ ਉਨ੍ਹਾਂ ਦੀ ਨੌਂਵੀ ਸੰਤਾਨ ਅਤੇ ਪੰਜਵੇਂ ਪੁੱਤਰ ਸਨ।ਨੇਤਾਜੀ ਨੇ ਆਪਣੀ ਮੁੱਢਲੀ ਪੜ੍ਹਾਈ ਕਟਕ ਦੇ ਰੇਵੇਂਸ਼ਾਵ ਕਾਲਜੀਏਟ ਸਕੂਲ ’ਚੋਂ ਪ੍ਰਾਪਤ ਕੀਤੀ।ਉਸ ਤੋਂ ਬਾਅਦ ਉਨ੍ਹਾ ਦੀ ਪੜਾਈ ਕੋਲਕਾਤਾ ਦੇ ਪ੍ਰੈਜੀਡੈਂਸੀ ਕਾਲਜ ਅਤੇ ਸਕੌਟਿਸ਼ ਚਰਚ ਕਾਲਜ ’ਚੋਂ ਹੋਈ।ਉਸ ਤੋਂ ਬਾਅਦ ਭਾਰਤੀ ਪ੍ਰਸ਼ਾਸਨਿਕ ਸੇਵਾ ਦੀ ਤਿਆਰੀ ਕਰਨ ਦੇ ਲਈ ਉਨ੍ਹਾਂ ਦੇ ਮਾਤਾ-ਪਿਤਾ ਨੇ ਬੋਸ ਨੂੰ ਇੰਗਲੈਂਡ ਦੀ ਕੈਂਬ੍ਰਿਜ ਯੂਨੀਵਰਸਿਟੀ ਭੇਜ ਦਿੱਤਾ।ਉਨ੍ਹਾਂ ਨੇ ਸਿਵਲ ਸਰਵਿਸ ਪ੍ਰੀਖਿਆ ’ਚ ਚੌਥੀ ਥਾਂ ਹਾਸਲ ਕੀਤੀ।1921 ’ਚ ਭਾਰਤ ’ਚ ਵਧਦੀਆਂ ਰਾਜਨੀਤਿਕ ਗਤੀਵਿਧੀਆਂ ਦੀ ਖਬਰ ਮਿਲਦੇ ਹੀ ਬੋਸ ਸਿਵਲ ਸਰਵਿਸ ਛੱਡ ਕੇ ਕਾਂਗ੍ਰਸ ਦੇ ਨਾਲ ਜੁੜ ਗਏ।।1928 ’ਚ ਜਦੋਂ ਸਾਈਮਨ ਕਮੀਸ਼ਨ ਭਾਰਤ ਆਇਆ ਉਦੋਂ ਕਾਂਗ੍ਰਸ ਨੇ ਉਸ ਨੂੰ ਕਾਲ ਝੰਡੇ ਦਿਖਾਏ।ਕੋਲਕਾਤਾ ’ਚ ਸੁਭਾਸ਼ ਨੇ ਇਸ ਅੰਦੋਲਣ ਦੀ ਅਗਵਾਈ ਕੀਤੀ।ਸਾਈਮਨ ਕਮੀਸ਼ਨ ਨੂੰ ਜਵਾਬ ਦੇਣ ਦੇ ਲਈ ਕਾਂਗ੍ਰਸ ਨੇ ਭਾਰਤ ਦਾ ਸੰਵਿਧਾਨ ਬਣਾਉਣ ਦਾ ਕੰਮ ਅੱਠ ਮੈਂਬਰੀ ਕਮੇਟੀ ਨੂੰ ਸੌਂਪਿਆ। ਮੋਤੀ ਲਾਲ ਨਹਿਰੂ ਇਸ ਸੰਮਤੀ ਦੇ ਸਕੱਤਰ ਅਤੇ ਸੁਭਾਸ਼ ਚੰਦਰ ਇਸ ਦੇ ਸਰਗਰਮ ਮੈਂਬਰ ਸਨ।

1928 ’ਚ ਮੋਤੀਲਾਲ ਨਹਿਰੂ ਦੀ ਅਗਵਾਈ ’ਚ ਕਾਂਗ੍ਰਸ ਦੀ ਸਾਲਾਨਾ ਬੈਠਕ ਕੋਲਕਾਤਾ ’ਚ ਹੋਈ। ਇਸ ਬੈਠਕ ’ਚ ਸੁਭਾਸ਼ ਨੇ ਖਾਕੀ ਵਰਦੀ ਧਾਰਣ ਕਰਕੇ ਮੋਤੀਲਾਲ ਨਹਿਰੂ ਨੂੰ ਫੌਜੀ ਤਰੀਕੇ ਨਾਲ ਸਲਾਮੀ ਦਿੱਤੀ।

26 ਜਨਵਰੀ 1931 ਨੂੰ ਕੋਲਕਾਤਾ ’ਚ ਰਾਸ਼ਟਰੀ ਝੰਡਾ ਫਹਿਰਾ ਕੇ ਸੁਭਾਸ਼ ਇਕ ਵੱਡੇ ਇਕੱਠ ਦੀ ਮੋਰਚੇ ਦੇ ਰੂਪ ’ਚ ਅਗਵਾਈ ਕਰ ਰਹੇ ਸਨ ਉਦੋਂ ਪੁਲਿਸ ਨੇ ਉਨ੍ਹਾਂ ’ਤੇ ਲਾਠੀ ਚਾਰਜ ਕੀਤਾ ਅਤੇ ਉਨ੍ਹਾਂ ਨੂੰ ਜਖਮੀ ਕਰਕੇ ਜੇਲ ਭੇਜ ਦਿੱਤਾ। ਜਦੋਂ ਸੁਭਾਸ਼ ਜੇਲ ’ਚ ਸਨ ਉਦੋਂ ਗਾਂਧੀ ਜੀ ਨੇ ਅੰਗ੍ਰੇਜ ਸਰਕਾਰ ਨਾਲ ਸਮਝੋਤਾ ਕਰਕੇ ਸਾਰੇ ਕੈਦੀ ਰਿਹਾ ਕਰਵਾ ਦਿੱਤੇ। ਪਰ ਅੰਗ੍ਰੇਜੀ ਸਰਕਾਰ ਨੇ ਭਗਤ ਸਿੰਘ ਜਿਹੇ ਕ੍ਰਾਂਤੀਕਾਰੀਆਂ ਨੂੰ ਰਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਭਗਤ ਸਿੰਘ ਦੀ ਫਾਂਸੀ ਮਾਫ ਕਰਵਾਉਣ ਦੇ ਲਈ ਗਾਂਧੀ ਜੀ ਨੇ ਸਰਕਾਰ ਨਾਲ ਗੱਲ ਤਾਂ ਕੀਤੀ ਪਰ ਬਹੁਤ ਹੀ ਨਰਮੀ ਨਾਲ।ਸੁਭਾਸ਼ ਚਾਹੁੰਦੇ ਸਨ ਕਿ ਇਸ ਵਿਸ਼ੇ ’ਤੇ ਗਾਂਧੀਜੀ ਅੰਗ੍ਰੇਜ ਸਰਕਾਰ ਦੇ ਨਾਲ ਸਮਝੌਤਾ ਤੋੜ ਦੇਣ।ਪਰ ਗਾਂਧੀਜੀ ਆਪਣੇ ਵੱਲੋਂ ਦਿੱਤਾ ਗਿਆ ਵਚਨ ਤੋੜਨ ਲਈ ਰਾਹੀ ਨਹੀਂ ਸਨ।ਅੰਗ੍ਰੇਜ ਸਰਕਾਰ ਆਪਣੀ ਥਾਂ ’ਤੇ ਅੜੀ ਰਹੀ ਅਤੇ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫਾਂਸੀ ਦੇ ਦਿੱਤੀ। ਭਗਤ ਸਿੰਘ ਨੂੰ ਨਾ ਬਚਾ ਪਾਉਣ ’ਤੇ ਸੁਭਾਸ਼ ਗਾਂਧੀ ਅਤੇ ਕਾਂਗ੍ਰਸ ਦੇ ਤੌਰ -ਤਰੀਕਿਆਂ ’ਤੇ ਬਹੁਤ ਨਰਾਜ ਹੋ ਗਏ।

1930 ’ਚ ਸੁਭਾਸ਼ ਜੇਲ ’ਚ ਬੰਦ ਹੀ ਸਨ ਕਿ ਚੋਣਾਂ ’ਚ ਉਨ੍ਹਾਂ ਨੂੰ ਕਾਂਗ੍ਰਸ ਦਾ ਮੇਅਰ ਬਣਾਇਆ ਗਿਆ। 1932 ’ਚ ਸੁਭਾਸ਼ ਨੂੰ ਫਿਰ ਜੇਲ ਹੋ ਗਈ। ਇਸ ਵਾਰ ਉਨ੍ਹਾਂ ਨੂੰ ਅਲਮੋੜਾ ਜੇਲ ’ਚ ਰੱਖਿਆ ਗਿਆ। ਅਲਮੋੜਾ ਜੇਲ ’ਚ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ। ਡਾਕਟਰਾਂ ਦੀ ਸਲਾਹ ’ਤੇ ਸੁਭਾਸ਼ ਇਲਾਜ ਦੇ ਲਈ ਯੂਰੋਪ ਜਾਣ ਨੂੰ ਰਾਜੀ ਹੋ ਗਏ। ਸਨ, 1933 ਤੋਂ 1936 ਤੱਕ ਸੁਭਾਸ਼ ਯੂਰੋਪ ’ਚ ਰਹੇ। ਯੂਰੋਪ ’ਚ ਸੁਭਾਸ਼ ਨੇ ਆਪਣੀ ਸਿਹਤ ਦਾ ਖਿਆਲ ਰੱਖਦੇ ਹੋਏ ਆਪਣਾ ਕੰਮ ਵੀ ਨਾਲ-ਨਾਲ ਜਾਰੀ ਰੱਖਿਆ। ਉਥੇ ਉਹ ਇਟਲੀ ਦੇ ਨੇਤਾ ਮੂਸੋਲਿਨੀ ਨਾਲ ਮਿਲੇ, ਜਿਨਾਂ ਨੇ ਉਨ੍ਹਾਂ ਨੂੰ ਭਾਰਤ ਦੇ ਆਜਾਦੀ ਅੰਦੋਲਣ ’ਚ ਮਦਦ ਕਰਨ ਦਾ ਵਚਨ ਦਿੱਤਾ। 1934 ’ਚ ਸੁਭਾਸ਼ ਨੂੰ ਉਨ੍ਹਾਂ ਦੇ ਪਿਤਾ ਦੇ ਬਿਮਾਰ ਹੋਣ ਕਾਰਨ ਅੰਤਿਮ ਸਾਹਾਂ ’ਤੇ ਹੋਣ ਦੀ ਖਬਰ ਮਿਲੀ। ਖਬਰ ਸੁਣਦੇ ਹੀ ਉਹ ਹਵਾਈ ਜਹਾਜ ’ਤੋਂ ਕਰਾਚੀ ਹੁੰਦੇ ਹੋਏ ਕੋਲਕਾਤਾ ਪੁੱਜੇ। ਹਾਲਾਂਕਿ ਉਨ੍ਹਾਂ ਨੂੰ ਕਰਾਚੀ ਪੰਹੁਚਣ ’ਤੇ ਹੀ ਪਤਾ ਚੱਲ ਗਿਆ ਸੀ ਕਿ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਪਰ ਫਿਰ ਵੀ ਉਹ ਕੋਲਕਾਤਾ ਗਏ। ਕੋਲਕਾਤਾ ਪਹੁੰਚਦੇ ਹੀ ਅੰਗ੍ਰੇਜ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਕਈ ਦਿਨ ਜੇਲ ’ਚ ਰੱਖ ਕੇ ਵਾਪਸ ਯੂਰੋਪ ਭੇਜ ਦਿੱਤਾ।

ਸਾਰਵਜਨਿਕ ਜਿੰਦਗੀ ’ਚ ਸੁਭਾਸ਼ ਨੂੰ ਕਈ ਵਾਰ ਜੇਲ ਜਾਣਾ ਪਿਆ। 1938 ’ਚ ਕਾਂਗ੍ਰਸ ਦੀ ਸਾਲਾਨਾ ਬੈਠਕ ਹਰੀਪੁਰਾ ’ਚ ਹੋਣੀ ਤੈਅ ਹੋਈ।ਇਸ ਬੈਠਕ ਤੋਂ ਪਹਿਲਾਂ ਗਾਂਧੀ ਜੀ ਨੇ ਕਾਂਗ੍ਰਸ ਸਕੱਤਰ ਅਹੁਦੇ ਦੇ ਲਈ ਸੁਭਾਸ਼ ਨੂੰ ਚੁਣਿਆ। ਇਸ ਬੈਠਕ ’ਚ ਸੁਭਾਸ਼ ਦਾ ਭਾਸ਼ਣ ਬਹੁਤ ਹੀ ਪ੍ਰਭਾਵਸ਼ਾਲੀ ਸੀ। ਕਿਸੇ ਵੀ ਭਾਰਤੀ ਰਾਜਨੀਤਿਕ ਵਿਅਕਤੀ ਨੇ ਸ਼ਇਦ ਹੀ ਐਨਾ ਪ੍ਰਭਾਵਸ਼ਾਲੀ ਭਾਸ਼ਣ ਕਦੇ ਦਿੱਤਾ ਹੋਵੇ।

ਸੁਭਾਸ਼ ਨੇ ਬੰਗਲੌਰ ’ਚ ਮਸ਼ਹੂਰ ਵਿਗਿਆਨਕ ਸਰ ਵਿਸ਼ਵੇਸ਼ਵਰ ਰਾਏ ਦੀ ਅਗਵਾਈ ’ਚ ਇਕ ਵਿਗਿਆਨ ਪ੍ਰੀਸ਼ਦ ਦੀ ਸਥਾਪਨਾ ਵੀ ਕੀਤੀ। 1938, ’ਚ ਗਾਂਧੀ ਜੀ ਨੇ ਕਾਂਗ੍ਰਸ ਸਕੱਤਰ ਦੇ ਅਹੁਦੇ ਲਈ ਸੁਭਾਸ਼ ਦੀ ਚੋਣ ਤਾਂ ਕੀਤੀ ਸੀ ਪਰ ਉਨ੍ਹਾਂ ਨੂੰ ਸੁਭਾਸ਼ ਦੀ ਕਾਰਜਸ਼ੈਲੀ ਪਸੰਦ ਨਹੀਂ ਆਈ। ਇਸੇ ਦੌਰਾਨ ਯੂਰੋਪ ’ਚ ਦੂਜੇ ਵਿਸ਼ਵ ਯੁੱਧ ਦੇ ਬੱਦਲ ਛਾ ਗਏ ਸਨ। ਸੁਭਾਸ਼ ਚਾਹੁੰਦੇ ਸਨ ਕਿ ਇੰਗਲੈਂਡ ਦੀ ਇਸ ਮੁਸ਼ਕਿਲ ਦਾ ਫਾਇਦਾ ਚੁੱਕ ਕੇ ਭਾਰਤ ਦੇ ਆਜਾਦੀ ਸੰਗ੍ਰਾਮ ਨੂੰ ਤੇਜ਼ ਕੀਤਾ ਜਾਵੇ। ਉਨ੍ਹਾਂ ਨੇ ਆਪਣੇ ਸਕੱਤਰ ਅਹੁਦੇ ਦੇ ਕਾਰਜਕਾਲ ’ਚ ਇਸ ਵੱਲ ਕਦਮ ਚੱਕਣੇ ਹੋਰ ਤੇਜ ਕਰ ਦਿੱਤੇ ਸਨ ਪਰ ਗਾਂਧੀ ਜੀ ਇਸ ਨਾਲ ਸਹਿਮਤ ਨਹੀਂ ਸਨ। 1939 ’ਚ ਜਦੋਂ ਨਵਾਂ ਕਾਂਗ੍ਰਸ ਸਕੱਤਰ ਚੁਣਨ ਦਾ ਸਮਾਂ ਆਇਆ ਉਦੋਂ ਸੁਭਾਸ਼ ਚਾਹੁੰਦੇ ਸਨ ਕਿ ਕੋਈ ਅਜਿਹਾ ਵਿਅਕਤੀ ਸਕੱਤਰ ਬਣਾਇਆ ਜਾਵੇ ਜੋ ਇਸ ਮਾਮਲੇ ’ਚ ਕਿਸੇ ਦਬਾਅ ਅੱਗੇ ਬਿਲਕੁਲ ਨਾ ਝੁਕੇ।ਅਜਿਹੇ ਕਿਸੇ ਹੋਰ ਵਿਅਕਤੀ ਦੇ ਸਾਹਮਣੇ ਨ ਆਉਣ ਕਾਰਨ ਸੁਭਾਸ਼ ਖੁਦ ਹੀ ਕਾਂਗ੍ਰਸ ਸਕੱਤਰ ਅਹੁਦੇ ’ਤੇ ਬਣੇ ਰਹੇ।

ਪਰ ਗਾਂਧੀ ਜੀ ਉਨ੍ਹਾਂ ਨੂੰ ਸਕੱਤਰ ਦੇ ਅਹੁਦੇ ਤੋਂ ਹਟਾਉਣਾ ਚਾਹੁੰਦੇ ਸਨ।ਗਾਂਧੀ ਜੀ ਨੇ ਸਕੱਤਰ ਅਹੁਦੇ ਦੇ ਲਈ ਪੱਟਾਭਈ ਸੀਤਾਰਮਈਯਾ ਨੂੰ ਚੁਣਿਆ।ਕਈ ਸਾਲਾਂ ਬਾਅਦ ਕਾਂਗ੍ਰਸ ਪਾਰਟੀ ਦੇ ਸਕੱਤਰ ਦੇ ਅਹੁਦੇ ਲਈ ਚੋਣਾ ਹੋਈਆਂ। ਚੋਣਾਂ ’ਚ ਨੇਤਾਜੀ ਸੁਭਾਸ਼ ਨੂੰ 1580 ਅਦੇ ਸੀਤਾਰਮਈਯਾ ਨੂੰ 1377 ਵੋਟਾਂ ਮਿਲੀਆਂ।ਗਾਂਧੀਜੀ ਦੇ ਵਿਰੋਧ ਦੇ ਬਾਵਜੂਦ ਸੁਭਾਸ਼ ਬਾਬੂ 203 ਵੋਟਾਂ ਨਾਲ ਚੋਣ ਜਿੱਤ ਗਏ। ਗਾਂਧੀਜੀ ਨੇ ਸੀਤਾਰਮਈਯਾ ਦੀ ਹਾਰ ਨੂੰ ਆਪਣੀ ਹਾਰ ਦੱਸੇ ਕੇ ਆਪਣੇ ਸਾਥੀਆਂ ਨੂੰ ਕਹਿ ਦਿੱਤਾ ਕਿ ਜੇਕਰ ਉਹ ਸੁਭਾਸ਼ ਦੇ ਤਰੀਕਿਆਂ ਨਾਲ ਸਹਿਮਤ ਨਹੀਂ ਹਨ ਤਾਂ ਉਹ ਕਾਂਗ੍ਰਸ ਤੋਂ ਹੱਟ ਸਕਦੇ ਹਨ। ਇਸ ਤੋਂ ਬਾਅਦ ਕਾਂਗ੍ਰਸ ਦੀ ਕਾਰਜਕਾਰੀ ਸੰਮਤੀ ਦੇ 14 ’ਚੋਂ 12 ਮੈਂਬਰਾਂ ਨੇ ਇਸਤੀਫਾ ਦੇ ਦਿੱਤਾ। ਜਵਾਹਰਲਾਲ ਨਹਿਰੂ ਜਿਉਂ ਦੀ ਤਿਉਂ ਡਟੇ ਰਹੇ ਅਤੇ ਇਕੱਲੇ ਹੀ ਸੁਭਾਸ਼ ਦੇ ਨਾਲ ਰਹੇ।

3 ਮਈ 1939 ਨੂੰ ਸੁਭਾਸ਼ ਨੇ ਕਾਂਗ੍ਰਸ ਦੇ ਅੰਦਰ ਹੀ ਫਾਰਵਰਡ ਬਲੋਕ ਦੇ ਨਾਂਅ ’ਤੇ ਆਪਣੀ ਪਾਰਟੀ ਦੀ ਸਥਾਪਨਾ ਕੀਤੀ।ਬਾਅਦ ’ਚ ਫਾਰਵਰਡ ਬਲੋਕ ਆਪਣੇ ਆਪ ਇਕ ਆਜਾਦ ਪਾਰਟੀ ਬਣ ਗਈ। ਦੂਜਾ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ ਫਾਰਵਰਡ ਬਲੋਕ ਨੇ ਆਜਾਦੀ ਦੀ ਲੜਾਈ ਨੂੰ ਹੋਰ ਤੇਜ ਕਰਨ ਲਈ ਜਨ ਜਾਗ੍ਰਤੀ ਸ਼ੁਰੂ ਕਰ ਦਿੱਤੀ।

ਸੁਭਾਸ਼ ਚੰਦਰ ਬੋਸ ਨੇ 1936 ’ਚ ਸੈਕਟਰੀ ਅਤੇ ਆਸਟ੍ਰੀਅਨ ਲੜਕੀ ਏਮਿਲੀ ਨਾਲ ਵਿਆਹ ਕਰ ਲਿਆ। ਉਨ੍ਹਾਂ ਦੋਨਾਂ ਦੀ ਅਨੀਤਾ ਨਾਂਅ ਦੀ ਇਕ ਬੇਟੀ ਵੀ ਹੋਈ ਜੋ ਇਸ ਸਮੇਂ ਜਰਮਨੀ ’ਚ ਪਰਿਵਾਰ ਸਮੇਤ ਰਹਿ ਰਹੀ ਹੈ। ਨੇਤਾਜੀ ਹਿਟਲਰ ਨਾਲ ਵੀ ਮਿਲੇ।1943 ’ਚ ਉਨਾਂ ਨੇ ਜਰਮਨੀ ਦਾ ਦੌਰਾ ਕੀਤਾ। ਉਥੋਂ ਅੱਗੇ ਉਹ ਜਪਾਨ ਪਹੁੰਚੇ।ਜਪਾਨ ਤੋਂ ਨੇਤਾਜੀ ਸਿੰਗਾਪੁਰ ਪਹੁੰਚੇ। ਜਿਥੇ ਉਨ੍ਹਾਂ ਨੇ ਕੈਪਟਨ ਮੋਹਨ ਸਿੰਘ ਵੱਲੋਂ ਸਥਾਪਤ ਆਜਾਦ ਹਿੰਦ ਫੌਜ ਦੀ ਕਮਾਨ ਆਪਣੇ ਹੱਥ ’ਚ ਲੈ ਲਈ। ਉਸ ਵਕਤ ਰਾਮ ਬਿਹਾਰੀ ਬੋਸ ਆਜਾਦ ਹਿੰਦ ਦੇ ਨੇਤਾ ਸਨ। ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਪੁਨਰਗਠਨ ਕੀਤਾ।ਮਹਿਲਾਵਾਂ ਦੇ ਲਈ ਰਾਨੀ ਝਾਂਸੀ ਰੈਜੀਮੇਂਟ ਦਾ ਵੀ ਗਠਨ ਕੀਤਾ ਗਿਆ, ਲਕਸ਼ਮੀ ਸਹਿਗਲ ਜਿਸਦੀ ਕਪਤਾਨ ਬਣੀ।

ਨੇਤਾ ਜੀ ਦੇ ਨਾਂਅ ਨਾਲ ਪ੍ਰਸਿੱਧ ਸੁਭਾਸ਼ ਚੰਦਰ ਨੇ ਸ਼ਕਤੀਸ਼ਾਲੀ ਕ੍ਰਾਂਤੀ ਨਾਲ ਭਾਰਤ ਨੂੰ ਆਜਾਦ ਕਰਵਾਉਣ ਦੇ ਮਕਸਦ ਨਾਲ ਅਕਤੂਬਰ,1943 ਨੂੰ ਆਜਾਦ ਹਿੰਦ ਫੌਜ ਦੀ ਸਥਾਪਨਾ ਕੀਤੀ ਜਿਸ ਨੂੰ ਜਰਮਨੀ ,ਜਪਾਨ,ਫਿਲਪੀਨਜ਼,ਕੋਰੀਆ,ਚੀਨ ,ਇਟਲੀ ਅਤੇ ਆਇਰਲੈਂਡ ਨੇ ਮਾਨਤਾ ਦਿੱਤੀ।ਜਪਾਨ ਨੇ ਅੰਡਮਾਨ ਅਤੇ ਨਿਕੋਬਾਰ ਦੀਪ ਇਸ ਅਸਥਾਈ ਸਰਕਾਰ ਨੂੰ ਦੇ ਦਿੱਤੇ।ਸੁਭਾਸ਼ ਉਨ੍ਹਾਂ ਦੀਪਾਂ ’ਚ ਗਏ ਅਤੇ ਉਨ੍ਹਾਂ ਦਾ ਨਵਾਂ ਨਾਮਕਰਨ ਕੀਤਾ। ਆਜਾਦ ਹਿੰਦ ਫੌਜ ਦੇ ਪ੍ਰ ਚਿੰਨ੍ਹ ’ਤੇ ਇਕ ਝੰਡੇ ’ਤੇ ਦਹਾੜਦੇ ਹੋਏ ਬਾਘ ਦਾ ਚਿੱਤਰ ਬਣਿਆ ਹੁੰਦਾ ਸੀ। ਨੇਤਾਜੀ ਆਜਾਦ ਹਿੰਦ ਫੌਜ ਦੇ ਨਾਲ 4 ਜੁਲਾਈ 1944 ਨੂੰ ਬਰਮਾ ਪਹੁੰਚੇ। ਇਥੇ ਉਨ੍ਹਾਂ ਨੇ ਆਪਣਾ ਪ੍ਰਸਿੱਧ ਨਾਅਰਾ ”ਤੁਸੀਂ ਮੈਨੂੰ ਖੂਨ ਦਿਓ ,ਮੇਂ ਤੁਹਾਨੂੰ ਆਜਾਦੀ ਦੇਆਂਗਾ ” ਦਿੱਤਾ। ਖੂਨ ਦੀਆਂ ਇਕ ਜਾਂ ਦੋ ਬੂੰਦਾ ਨਹੀਂ ਐਨਾ ਕਿ ਖੂਨ ਦਾ ਇਕ ਮਹਾਂਸਾਗਰ ਤਿਆਰ ਹੋ ਜਾਵੇ ਅਤੇ ਉਸ ’ਚ ਅੰਗੇਜੀ ਹਕੂਮਤ ਨੂੰ ਡੁਬੋ ਦਿੱਤਾ ਜਾਵੇ। 1944 ਨੂੰ ਆਜਾਦ ਹਿੰਦ ਫੌਜ ਨੇ ਅੰਗ੍ਰੇਜਾਂ ’ਤੇ ਦੁਬਾਰਾ ਹਮਲਾ ਕੀਤਾ ਅਤੇ ਕੁਝ ਭਾਰਤੀ ਪ੍ਰਦੇਸ਼ਾਂ ਨੂੰ ਅੰਗ੍ਰੇਜਾਂ ਤੋਂ ਵੀ ਮੁਕਤ ਕਰਵਾ ਲਿਆ।

ਦੂਜੇ ਵਿਸ਼ਵ ਯੁੱਧ ਦੇ ਦੌਰਾਨ ਆਜਾਦ ਹਿੰਦ ਫੌਜ ਨੇ ਜਪਾਨੀ ਫੌਜ ਦੀ ਮਦਦ ਨਾਲ ਭਾਰਤ ’ਤੇ ਹਮਲਾ ਕੀਤਾ ।ਆਪਣੀ ਫੌਜ ਨੂੰ ਪ੍ਰੇਰਿਤ ਕਰਨ ਦੇ ਲਈ ਨੇਤਾਜੀ ਨੇ ਦਿੱਲੀ ਚਲੋ ਦਾ ਨਾਅਰਾ ਦਿੱਤਾ। ਦੋਹਾਂ ਫੌਜਾਂ ਨੇ ਅੰਗੇਜਾਂ ਤੋਂ ਅੰਡਮਾਨ ਅਤੇ ਨਿਕੋਬਾਰ ਦ੍ਵੀਪ ਜਿੱਤ ਲਏ।ਇਹ ਦ੍ਵੀਪ ਆਰਜੀ ਆਜਾਦ ਹਿੰਦ ਸਰਕਾਰ ਦੇ ਅਧੀਨ ਸਨ। ਨੇਤਾਜੀ ਨੇ ਇਨ੍ਹਾਂ ਦ੍ਵੀਪਾਂ ਨੂੰ ਸ਼ਹੀਦ ਦ੍ਵੀਪ ਅਤੇ ਸਵਰਾਜ ਦ੍ਵੀਪ ਦਾ ਨਾਂਅ ਦਿੱਤਾ। ਦੋਹਾਂ ਫੌਜਾਂ ਨੇ ਮਿਲ ਕੇ ਇੰਫਾਲ ਅਤੇ ਕੋਹਿਮਾਂ ’ਤੇ ਹਮਲਾ ਕੀਤਾ।ਪਰ ਬਾਅਦ ’ਚ ਅੰਗ੍ਰੇਜਾਂ ਦਾ ਪਾਸਾ ਭਾਰੀ ਪਿਆ ਅਤੇ ਦੋਹਾਂ ਫੌਜਾਂ ਨੂੰ ਪਿੱਛੇ ਹਟਣਾ ਪਿਆ।

6, ਜੁਲਾਈ 1944 ਨੂੰ ਆਜਾਦ ਹਿੰਦ ਰੇਡੀਓ ’ਤੇ ਆਪਣੇ ਭਾਸ਼ਣ ਰਾਹੀਂ ਗਾਂਧੀ ਜੀ ਨੂੰ ਸੰਬੋਧਨ ਕਰਦੇ ਹੋਏ ਨੇਤਾਜੀ ਨੇ ਜਪਾਨ ਤੋਂ ਮਦਦ ਲੈਣ ਦਾ ਆਪਣਾ ਕਾਰਨ ਅਤੇ ਆਜਾਦ ਹਿੰਦ ਫੌਜ ਦੀ ਸਥਾਪਨਾ ਦੇ ਉਦੇਸ਼ ਬਾਰੇ ਦੱਸਿਆ।ਇਸ ਭਾਸ਼ਣ ਰਾਹੀਂ ਨੇਤਾਜੀ ਨੇ ਗਾਂਧੀ ਜੀ ਨੂੰ ਪਹਿਲੀ ਵਾਰ ਰਾਸ਼ਟਰਪਿਤਾ ਬੁਲਾ ਕੇ ਆਪਣੀ ਜੰਗ ਦੇ ਲਈ ਉਨ੍ਹਾਂ ਤੋਂ ਆਸ਼ੀਰਵਾਦ ਵੀ ਮੰਗਿਆ। ਆਜਾਦ ਹਿੰਦ ਫੌਜ ਦੇ ਮਾਧਿਅਮ ਰਾਹੀਂ ਭਾਰਤ ਨੂੰ ਅੰਗੇਜਾਂ ਦੇ ਚੁੰਗਲ ’ਚੋਂ ਆਜਾਦ ਕਰਨ ਦੀ ਨੇਤਾ ਜੀ ਦੀ ਕੋਸ਼ਿਸ਼ ਪ੍ਰਤੱਖ ਰੂਪ ’ਚ ਸਫਲ ਨਹੀਂ ਹੋ ਸਕੀ ਪਰ ਬਾਅਦ ’ਚ ਉਸਦਾ ਕਾਫੀ ਸਾਰਥਕ ਅਸਰ ਹੋਇਆ।

ਸਨ, 1946 ’ਚ ਹੋਇਆ ਨੌਸੇਨਾ ਵਿਦਰੋਹ ਇਸਦੀ ਉਦਾਹਰਣ ਹੈ। ਨੌਸੈਨਾ ਵਿਦਰੋਹ ਤੋਂ ਬਾਅਦ ਹੀ ਬ੍ਰਿਟੇਨ ਨੂੰ ਵਿਸ਼ਵਾਸ ਹੋ ਗਿਆ ਕਿ ਹੁਣ ਭਾਰਤ ’ਤੇ ਜਬਰ ਨਾਲ ਸ਼ਾਸਨ ਨਹੀਂ ਕੀਤਾ ਜਾ ਸਕਦਾ ਅਤੇ ਭਾਰਤ ਨੂੰ ਆਜਾਦ ਕਰਨ ਤੋਂ ਇਲਾਵਾ ਉਨ੍ਹਾਂ ਦੇ ਕੋਲ ਕੋਈ ਚਾਰਾ ਨਹੀਂ ਬਚਿਆ।

ਵਿਸ਼ਵ ਇਤਹਾਸ ’ਚ ਆਜਾਦ ਹਿੰਦ ਫੌਜ ਜਿਹੀ ਕੋਈ ਦੂਜੀ ਉਦਾਹਰਣ ਨਹੀਂ ਮਿਲਦੀ ਜਿੱਥੇ 30-35 ਹਜ਼ਰ ਜੰਗੀ ਯੋਧਿਆ ਨੂੰ ਸੰਗਠਤ ਕਰਕੇ, ਸਿਖਲਾਈ ਦੇ ਕੇ ਹਰਾਇਆ ਗਿਆ।ਪੂਰਵੀ ਏਸ਼ੀਆ ਅਤੇ ਜਪਾਨ ਪਹੁੰਚ ਕੇ ਉਨ੍ਹਾਂ ਨੇ ਆਜਾਦ ਹਿੰਦ ਫੌਜ ਦਾ ਵਿਸਤਾਰ ਕਰਨਾ ਸ਼ੂਰੂ ਕਰ ਦਿੱਤਾ। ਰੰਗੂਨ ਦੇ ਜੁਬਲੀ ਹਾਲ ’ਚ ਸੁਭਾਸ਼ ਚੰਦਰ ਬੋਸ ਵੱਲੋਂ ਦਿੱਤਾ ਗਿਆ ਭਾਸ਼ਣ ਹਮੇਸ਼ਾ ਲਈ ਇਤਹਾਸ ਦੇ ਪੰਨਿਆਂ ’ਚ ਦਰਜ ਹੋ ਗਿਆ।

ਨੇਤਾ ਜੀ ਦੀ ਮੌਤ ਬਾਰੇ ਵਿਵਾਦ ਬਣਿਆ ਹੋਇਆ ਹੈ ਕਿ 18 ਅਗਸਤ 1945 ਤੋਂ ਬਾਅਦ ਦਾ ਸੁਭਾਸ਼ ਚੰਦਰ ਬੋਸ ਦਾ ਜੀਵਨ/ਮੌਤ ਅੱਜ ਤੱਕ ਅਣਸੁਲਝਿਆ ਰਹੱਸ ਬਣਿਆ ਹੋਇਆ ਹੈ। ਨੇਤਾਜੀ ਸੁਭਾਸ਼ ਚੰਦਰ ਬੋਸ ਦੇ ਆਖਰੀ ਸਮੇਂ ਨੂੰ ਲੈਕੇ ਭੇਦ ਅੱਜ ਤੱਕ ਬਰਕਰਾਰ ਹੈ। ਮੰਨਿਆ ਜਾਂਦਾ ਹੈ ਕਿ ਹਵਾਈ ਹਾਦਸੇ ’ਚ ਉਨ੍ਹਾਂ ਦੀ ਮੌਤ ਹੋ ਗਈ, ਪਰ ਸੁਭਾਸ਼ ਦੇ ਬਹੁਤ ਸਾਰੇ ਪ੍ਰਸ਼ੰਸਕ ਇਸ ਗੱਲ ’ਤੇ ਵਿਸ਼ਵਾਸ ਨਹੀਂ ਕਰਦੇ ਹਨ।

**ਹਰਪ੍ਰੀਤ ਸਿੰਘ ਬਰਾੜ**
**ਸਾਬਕਾ ਡੀ ਓ ,174 ਮਿਲਟਰੀ ਹਸਪਤਾਲ**
**ਮੇਨ ਏਅਰ ਫੋਰਸ ਰੋਡ ,ਬਠਿੰਡਾ**



# ਆਪਣੇ ਆਪ ਨੂੰ ਪੜਚੋਲਣਾ ਵੀ ਇੱਕ ਕਲਾ ਹੈ



ਦੂਜਿਆਂ ਦੇ ਵਿੱਚ ਔਗੁਣ ਕੱਢਣੇ ਬਹੁਤ ਆਸਾਨ ਹੁੰਦੇ ਹਨ,ਪਰ ਆਪਣੇ ਆਪ ਨੂੰ ਪੜਚੋਲਣਾ ਕੋਈ ਵੀ ਨਹੀਂ ਜਾਣਦਾ।ਅਜੋਕਾ ਮਨੁੱਖ ਬੇਸ਼ੱਕ ਤਰੱਕੀ ਦੀਆਂ ਬੁਲੰਦੀਆਂ ਨੂੰ ਛੋਹ ਰਿਹਾ ਹੈ, ਸਾਇੰਸ ਵਿੱਚ ਵੀ ਬਹੁਤ ਵੱਡੇ ਵੱਡੇ ਮਾਅਰਕੇ ਮਾਰੇ ਹਨ, ਚੰਦਰਮਾ ਤੇ ਪਹੁੰਚ ਚੁੱਕਾ ਹੈ ਅਤੇ ਹੋਰ ਗ੍ਰਹਿਆਂ ਦੀ ਵੀ ਬੜੀ ਸ਼ਿੱਦਤ ਨਾਲ ਭਾਲ ਕਰਨ ਵਿੱਚ ਲੱਗਿਆ ਹੋਇਆ ਹੈ।ਦੁਨੀਆਂ ਨੂੰ ਬੇਸ਼ੱਕ ਮੁੱਠੀ ਵਿਚ ਬੰਦ ਕਰੀ ਬੈਠਾ ਹੈ ਪਰ ਆਪਣੇ ਆਪ ਨੂੰ ਭੁੱਲਿਆ ਬੈਠਾ ਹੈ।ਆਮ ਕਹਾਵਤ ਹੈ ਕਿ ਮਨੁੱਖ ਜਦ ਵੀ ਕਿਸੇ ਦੂਜੇ ਇਨਸਾਨ ਵੱਲ ਉਂਗਲੀ ਕਰਦਾ ਹੈ ਤਾਂ ਤਿੰਨ ਉਂਗਲਾਂ ਉਸ ਦੇ ਆਪਣੇ ਵੱਲ ਵੀ ਹੁੰਦੀਆਂ।ਫਿਰ ਵੀ ਦੂਜਿਆਂ ਤੇ ਉਂਝਾਂ ਲਾਉਣੀਆਂ ਇਨਸਾਨ ਦੀ ਫਿਤਰਤ ਬਣ ਚੁੱਕੀ ਹੈ।ਬੇਸ਼ੱਕ ਸਾਡਾ ਵਿਰਸਾ ਅਤੇ ਸੱਭਿਆਚਾਰ ਮਨੁੱਖ ਨੂੰ ਐਸੀ ਸਿੱਖਿਆ ਦੇਣ ਵਿੱਚ ਬਿਲਕੁਲ ਸਮਰੱਥ ਹੈ ਪਰ ਫਿਰ ਵੀ ਮਨੁੱਖ ਹਨੇਰੇ ਵਿੱਚ ਹੀ ਘੁੰਮ ਰਿਹਾ ਹੈ।

ਇਹ ਗੱਲ ਭਲੀਭਾਂਤ ਵਿਚਾਰਨਯੋਗ ਹੈ ਕਿ ਜਿਉਂ ਜਿਉਂ ਵਿਦਿਆ ਦਾ ਪਸਾਰ ਹੋਇਆ ਹੈ ਤਿਉਂ ਤਿਉਂ ਗਿਆਨ ਦੀ ਪ੍ਰਾਪਤੀ ਬਾਰੇ ਅਨੇਕਾਂ ਹੀ ਸੋਮੇਂ ਮਨੁੱਖ ਦੇ ਸਨਮੁੱਖ ਹੋਏ ਹਨ।ਪਰ ਇਸ ਦੌਰਾਨ ਵੀ ਸਮਾਜ ਵਿੱਚ ਨਾ ਬਰਾਬਰੀ, ਖੁਦਗਰਜੀ ਤੇ ਲਾਲਚ ਦਾ ਵਾਧਾ ਹੀ ਹੋਇਆ ਹੈ,ਜੋ ਕਿ ਸਹੀ ਮਾਅਨਿਆਂ ਵਿੱਚ ਘਟਨਾ ਚਾਹੀਦਾ ਸੀ।"ਫਰੀਦਾ ਜੋ ਤੈਂ ਮਾਰਨ ਮੁੱਕੀਆਂ ਤਿੰਨਾਂ ਨਾ ਮਾਰੇਂ ਘੁੰਮ"ਬੇਸ਼ੱਕ ਗੁਰਬਾਣੀ ਵਿੱਚ ਵੀ ਫਰੀਦ ਜੀ ਨੇ ਇਸ ਵਾਕ ਰਾਹੀਂ ਮਨੁੱਖ ਨੂੰ ਬਹੁਤ ਹੀ ਕੀਮਤੀ ਗੱਲ ਵੱਲ ਧਿਆਨ ਦਿਵਾਇਆ ਹੈ ਕਿ ਜੇਕਰ ਕਿਸੇ ਸਮੇਂ ਕੋਈ ਜੀਵ ਤੇਰੇ ਨਾਲ ਤਲਖੀ ਨਾਲ ਪੇਸ ਆਉਂਦਾ ਹੈ ਤੂੰ ਤਾਂ ਵੀ ਆਪਣੇ ਮਨ ਚ ਠੰਡਕ ਰੱਖ।ਨਾਂ ਕਿ ਉਸ ਨੂੰ ਉਸ ਤੋਂ ਵੀ ਵੱਧ ਤਲਖੀ ਵਿਖਾ।ਪਰ ਇਹ ਮਾਦਾ ਅਜੋਕੇ ਮਨੁੱਖ ਚੋਂ ਮਨਫੀ ਹੋ ਗਿਆ ਹੈ।ਅੱਜ ਸਥਿਤੀ ਇਹ ਹੈ ਕਿ ਇੱਟ ਚੁੱਕਦੇ ਨੂੰ ਪੱਥਰ ਚੱਕਣ ਲੱਗ ਪਿਆ ਹੈ ਅਜੋਕਾ ਮਨੁੱਖ।ਅਜੋਕੇ ਬਾਹਰੀ ਅਡੰਬਰਾਂ ਵਿਚ ਪ੍ਰਪਤੀ ਦੀ ਲਾਲਸਾ ਨੇ ਮਨੁੱਖ ਨੂੰ ਸਵਾਰਥੀ ਬਣਾ ਛੱਡਿਆ ਹੈ। ਜਦੋਂ ਤੱਕ ਮਨੁੱਖ ਕਿਸੇ ਵਿਚਾਰ ਜਾਂ ਪ੍ਰਭਾਵ ਨੂੰ ਕਬੂਲ ਕੇ ਆਪਣੀ ਅਸਲ ਜੰਿਦਗੀ ਵਿੱਚ ਨਹੀਂ ਢਲਦਾ ਓਦੋਂ ਤੱਕ ਸੱਭ ਵਿਅਰਥ ਹੈ।

ਜੋ ਮਨੁੱਖ ਗੁਰਬਾਣੀ ਰਾਹੀਂ ਆਪਣੇ ਆਪ ਦੀ ਪੜਚੋਲ ਕਰਦੇ ਹਨ ਓਹ ਦੂਜਿਆਂ ਵੱਲ ਕਦੇ ਉਂਗਲ ਨਹੀਂ ਭਾਵ ਨੁਕਸ ਨਹੀਂ ਕੱਢਦੇ,ਪਰ ਐਸੇ ਮਨੁੱਖ ਬਹੁਤ ਘੱਟ ਹਨ।ਜੋ ਮਨੁੱਖ ਦੂਜਿਆਂ ਵਿਚ ਨੁਕਸ ਕੱਢਦੇ ਹਨ ਓਹ ਲੁਕਾਈ ਲਈ ਮਜਾਕ ਦੇ ਪਾਤਰ ਬਣ ਜਾਂਦੇ ਹਨ।ਜਦੋਂ ਕਿ ਕਿਸੇ ਦੇ ਕੜਵੇ ਬੋਲਾਂ ਦਾ ਮਿਠੁਤ ਹਲੀਮੀ ਨਾਲ ਜਵਾਬ ਦੇਣਾ ਓਹਨਾਂ ਦੀ ਸਖਸੀਅਤ ਨੂੰ ਉਭਾਰਦਾ ਹੈ।ਅਤੇ ਸਮਾਜ ਵਿੱਚ ਓਹਨਾਂ ਦੀ ਸਖਸੀਅਤ ਇਜਤ ਸਤਿਕਾਰ ਵਾਲੀ ਬਣ ਜਾਂਦੀ ਹੈ।ਅਸਲੀ ਮਨੁੱਖਤਾ ਦੇ ਗੁਣ ਹਰ ਇਨਸਾਨ ਦੇ ਅੰਦਰ ਹੁੰਦੇ ਹਨ ਪਰ ਓਹਨਾਂ ਨੂੰ ਭਾਲਦਾ ਤੇ ਤਰਾਸਦਾ ਕੋਈ ਕੋਈ ਹੀ ਹੈ।

ਅਜੋਕੇ ਮਨੁੱਖ ਅੰਦਰ ਹਾਊਮੈਂ ਈਰਖਾ ਨਫਰਤ ਤੇ ਸਵਾਰਥ ਉਸ ਦਾ ਸਿਰਨਾਵਾਂ ਬਣ ਚੁੱਕੇ ਹਨ ਜਦੋਂ ਤੱਕ ਮਨੁੱਖ ਨਿਮਰਤਾ ਸਹਿਜਤਾ ਸਹਿਣਸੀਲਤਾ ਵਰਗੇ ਗੁਣ ਆਪਣੇ ਅੰਦਰੋਂ ਹੀਗ੍ਰਹਿਣ ਨਹੀਂ ਕਰਦਾ ਓਦੋਂ ਤੱਕ ਕਿਸੇ ਵੀ ਦੂਸਰੇ ਨਾਲ ਸਲੀਕੇ ਤੇ ਸੱਭਿਅਕ ਵਿਹਾਰ ਨਹੀਂ ਕਰ ਸਕਦਾ।ਸਮਾਜ ਵਿਚ ਵਿਚਰਦਿਆਂ ਅਕਸਰ ਹੀ ਦੂਸਣਬਾਜੀ ਭਾਵ ਨਹਿਲੇ ਤੇ ਦਹਿਲੇ ਵਾਲੀ ਗੱਲ ਹੋ ਜਾਂਦੀ ਹੈ,ਜੋ ਕਿ ਰੋਜਮਰਾ ਦੀ ਜੰਿਦਗੀ ਵਿਚ ਆਪਾਂ ਵੇਖਦੇ ਵੀ ਹਾਂ,ਓਹ ਇਸੇ ਆਪਣੇ ਅੰਦਰ ਗੁਣਾਂ ਦੀ ਘਾਟ ਕਾਰਨ ਹੀ ਵਾਪਰਦੇ ਹਨ।

ਕਿਸੇ ਵੀ ਵਿਅਕਤੀ ਦੀ ਸਮਾਜ ਵਿੱਚ ਪਹਿਚਾਣ ਉਸ ਦੇ ਰੁਤਬੇ ਜਾਂ ਚੰਗੇ ਅਹੁਦੇ ਕਰਕੇ ਨਹੀਂ ਸਗੋਂ ਪਿਆਰ ਵਿਗੁਤੇ ਮਾਨਵੀ ਵਿਹਾਰ ਕਰਕੇ ਹੀ ਹੁੰਦੀ ਹੈ।ਜੇਕਰ ਕਿਸੇ ਵੱਡੇ ਅਹੁਦੇ ਉੱਪਰ ਬੈਠ ਕੇ ਮਨੁੱਖ ਸਦਾਚਾਰ ਗੁਣਾਂ ਤੋਂ ਸੱਖਣਾ ਹੋਵੇਗਾ ਤਾਂ ਓਹ ਆਪਣੇ ਵਕਾਰੀ ਅਹੁਦੇ ਤੋਂ ਕਈ ਗੁਣਾਂ ਨੀਵਾਂ ਹੋ ਜਾਂਦਾ ਹੈ।ਸਹੀ ਮਾਅਨਿਆਂ ਵਿੱਚ ਵਰਤੋਂ ਵਿਹਾਰ ਭਾਸਾ ਹਾਵ ਭਾਵ ਗੱਲ ਪ੍ਰਤੀ ਸੰਜੀਦਗੀ ਮਨੁੱਖੀ ਹਮਦਰਦੀ ਤੇ ਦੂਜਿਆਂ ਪ੍ਰਤੀ ਸਤਿਕਾਰ ਭਾਵਨਾ ਹੀ ਉੱਚੀ ਸਖਸੀਅਤ ਦੀ ਨਿਸਾਨੀ ਹੁੰਦੀ ਹੈ।ਆਮ ਹੀ ਆਪਾਂ ਵੇਖਦੇ ਹਾਂ ਕਿ ਕੋਈ ਡਾਕਟਰ ਦਵਾਈ ਦੇਣ ਤੋਂ ਪਹਿਲਾਂ ਹੀ ਮਰੀਜ ਨੂੰ ਆਪਣੇ ਮਿੱਠ ਬੋਲੜੇ ਸਾਂਤ ਸੁਭਾਅ ਤੇ ਹਮਦਰਦੀ ਭਰੇ ਵਤੀਰੇ ਨਾਲ ਅੱਧਿਓਂ ਜਆਿਦਾ ਠੀਕ ਕਰ ਦਿੰਦਾ ਹੈ।ਐਸੇ ਡਾਕਟਰਾਂ ਕੋਲ ਮਰੀਜਾਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ ਬਲਕਿ ਇਹੋ ਜਿਹੇ ਡਾਕਟਰ ਐਨੇ ਹਰਮਨ ਪਿਆਰੇ ਹੋ ਜਾਂਦੇ ਹਨ ਕਿ ਕਈ ਕਈ ਦਿਨ ਪਹਿਲਾਂ ਮਿਲਣ ਦਾ ਸਮਾਂ ਲੈਣਾ ਪੈਂਦਾ ਹੈ।ਪਰ ਇਸ ਦੇ ਉਲਟ ਜੇਕਰ ਕਿਸੇ ਡਾਕਟਰ ਦਾ ਸੁਭਾਅ ਤਲਖੀ ਭਰਿਆ ਜਾਂ ਅੜੀਅਲ ਰਵੱਈਏ ਵਾਲਾ ਹੋਵੇਗਾ ਤਾਂ ਉਸ ਕੋਲ ਡਾਕਟਰੀ ਦੀਆਂ ਭਾਵੇਂ ਕਿੰਨੀਆਂ ਵੀ ਡਿਗਰੀਆਂ ਕਿਉਂ ਨਾ ਹੋਣ ਸੱਭ ਬੇਕਾਰ ਵਿਅਰਥ ਹਨ।

ਪਰ ਅੱਜ ਦਾ ਮਨੁੱਖ ਕੁਦਰਤ ਨਾਲ ਖਿਲਵਾੜ ਕਰਕੇ ਆਪਣੇ ਹੱਥੀਂ ਕੁਦਰਤੀ ਚੀਜਾਂ ਨਾਲ ਛੇੜਛਾੜ ਕਰਕੇ ਆਪਣੀ ਹੈਂਕੜਬਾਜੀ ਕਾਰਨ ਹੀ ਮਨੁੱਖਤਾ ਲਈ ਸੰਕਟ ਪੈਦਾ ਕਰ ਰਿਹਾ ਹੈ।ਸਾਡਾ ਅਤੀਤ ਸਾਡਾ ਵਿਰਸਾ ਸਾਡਾ ਸੱਭਿਆਚਾਰ ਮਨੁੱਖ ਦੀਆਂ ਜੜ੍ਹਾਂ ਵਿੱਚ ਆਕਸੀਜਨ ਦਾ ਕੰਮ ਕਰਦਾ ਹੈ। ਸਮਾਜਿਕ ਤੇ ਆਪਣੇ ਅਜੋਕੇ ਜੀਵਨ ਸੱਭਿਆਚਾਰਕ ਮਾਨਤਾਵਾਂ ਨੂੰ ਉਲੰਘਣਾ ਮਨੁੱਖਤਾ ਨਾਲ ਘੋਰ ਅਨਿਆਂ ਕਰਨ ਦੇ ਤੁੱਲ ਹੈ।ਸਿਖਿਆ ਗਿਆਨ ਵਿਗਿਆਨ ਵੱਡੇ ਵੱਡੇ ਫਿਲਾਸਫੀਆਂ ਦੀਆਂ ਵਿਚਾਰਧਾਰਾਵਾਂ ਦਾ ਮੂਲ ਮਕਸਦ ਮਨੁੱਖ ਨੂੰ ਸੋਝੀ ਪ੍ਰਦਾਨ ਕਰਨ ਦੇ ਨਾਲ-ਨਾਲ ਉੱਤਮ ਇਨਸਾਨ ਵੀ ਬਣਾਉਂਦਾ ਹੈ।

ਇੱਕ ਚੰਗੇ ਇਨਸਾਨ ਵਿੱਚ ਇਨਸਾਨੀਅਤ ਦੇ ਗੁਣ ਆਪਣੇ ਅੰਦਰੋਂ ਹੀ ਤੇ ਗੁਰਬਾਣੀ ਪੜਕੇ, ਓਹਦੇ ਤੇ ਅਮਲ ਕਰਕੇ ਜੰਿਦਗੀ ਦਾ ਮਨੋਰਥ ਸਮਝ ਕੇ ਹੀ ਪੈਦਾ ਹੁੰਦੇ ਹਨ।ਆਪਣੇ ਆਪ ਨੂੰ ਪੜਚੋਲ ਭਾਵ ਸਮਝ ਕੇ ਜੋ ਵੀ ਇਨਸਾਨ ਕੋਈ ਪ੍ਰਾਪਤੀ ਕਰਦਾ ਹੈ ਓਹ ਨਿਰਸੰਦੇਹ ਸਲਾਹੁਣਯੋਗ ਤੇ ਉਸਤਤ ਕਰਨ ਵਾਲੀ ਹੁੰਦੀ ਹੈ।ਆਪਣੇ ਆਪ ਦਾ ਮੁਲਾਂਕਣ ਕਰਨਾ ਹੀ ਮਨੁਖਤਾ ਦਾ ਵੱਡਾ ਗੁਣ ਹੈ।ਜੋ ਮਨੁੱਖ ਐਸੇ ਉਪਰੋਕਤ ਗੁਣਾਂ ਨਾਲ ਭਰਪੂਰ ਹੁੰਦੇ ਹਨ ਓਹ ਕਦੇ ਵੀ ਕਿਸੇ ਦੂਸਰੇ ਮਨੁੱਖ ਵਿੱਚ ਗਲਤੀ ਨਹੀਂ ਕੱਢਦੇ, ਸਗੋਂ ਪਿਆਰ ਨਿਮਰਤਾ ਮਿਠੁਤ ਹਲੀਮੀ ਨਾਲ ਪੇਸ ਆਉਂਦੇ ਹਨ।ਸੋ ਆਓ ਆਪਣੇ ਵਿੱਚ ਸੱਚੀ ਇਨਸਾਨੀਅਤ ਵਾਲੇ ਗੁਣ ਭਰਨ ਲਈ ਬੇਮਤਲਬ ਗੁੱਸਾ, ਨਫਰਤ, ਈਰਖਾ ਤੇ ਸਾੜਾ ਆਪਣੇ ਆਪ ਵਿਚੋਂ ਕੱਢੀਏ,ਚੰਗੇ ਸਹਿਰੀ ਬਣੀਏਂ।ਜੀਓ ਅਤੇ ਜਿਊਣ ਦਿਓ ਦੇ ਸਿਧਾਂਤ ਨੂੰ ਅਪਣਾਈਏ।

**ਜਸਵੀਰ ਸਰਮਾਂ ਦੱਦਾਹੂਰ**
**ਸ੍ਰੀ ਮੁਕਤਸਰ ਸਾਹਿਬ**
**95691-49556**

# "ਸਾਂਝ"

" ਤਾਇਆ ਜੀ ਕੁੱਝ ਦਿਨ ਹੋਰ ਰਹਿੰਦੇ" ਨਿੰਮੋ ਨੇ ਤਾਇਆ ਜੀ ਨੂੰ ਕਿਹਾ।

" ਪੁੱਤ ਕਿੱਥੇ ਰਿਹਾ ਜਾਂਦਾ, ਘਰ ਵੀ ਨਿੱਕੇ-ਨਿੱਕੇ ਬੱਚੇ ਉਡੀਕਦੇ ਹੋਣਗੇ" ਤਾਏ ਜਾਗਰ ਨੇ ਮਨ ਨੂੰ ਧਰਵਾਸ ਜਿਹਾ ਦਿੰਦੇ ਹੋਏ ਆਪਣੀ ਭੀਤੀਜੀ ਨਿੰਮੋ ਨੂੰ ਕਿਹਾ।

ਜਾਗਰ ਦੇ ਤਿੰਨ ਪੁੱਤ ਹਨ ਜੋ ਵਿਆਹੇ ਹੋਏ ਹਨ ਪਰ ਤਿੰਨੋ ਅੱਡੋ ਅੱਡ ਰਹਿੰਦੇ ਹਨ, ਜਾਗਰ ਦੀ ਪਤਨੀ ਵੀ ਮਰ ਚੁੱਕੀ ਸੀ। ਜਾਗਰ ਜਿਸ ਦਾ ਇਲਾਜ ਪੀ. ਜੀ. ਆਈ. ਚੰਡੀਗੜ੍ਹ ਚੱਲਦਾ ਹੈ ਹਰ ਦੋ ਤਿੰਨ ਮਹੀਨੇ ਬਾਅਦ ਦਵਾਈ ਲੈਣ ਆਉਣਾ ਪੈਂਦਾ ਪਰ ਇਸ ਵਾਰ ਡਾਕਟਰ ਸਾਹਿਬ ਨੇ ਟੈਸਟ ਕਰਵਾਉਣ ਲਈ ਕਿਹਾ ਤੇ ਤਿੰਨ ਦਿਨ ਰੁਕ ਕੇ ਆਉਣ ਲਈ ਕਿਹਾ।

ਜਾਗਰ ਸੋਚੀਂ ਪੈ ਗਿਆ ਕਿ ਤਿੰਨ ਦਿਨਾਂ ਬਾਅਦ ਪਿੰਡੋਂ ਫਿਰ ਆਉਣਾ ਪਵੇਗਾ, ਫਿਰ ਉਸ ਚੇਤੇ ਆਇਆ ਕਿ ਉਸ ਦੀ ਭਤੀਜੀ ਨਿੰਮੋ ਵੀ ਚੰਡੀਗੜ੍ਹ ਰਹਿੰਦੀ ਹੈ, ਜੋ ਕਿਸੇ ਕੰਪਨੀ ਚ ਨੌਕਰੀ ਕਰਦੀ ਹੈ।ਜਾਗਰ ਨੇ ਨਿੰਮੋ ਨੂੰ ਫੋਨ ਕੀਤਾ।

" ਪੁੱਤ ਨਿੰਮੋ "

" ਹਾਂ ਜੀ ਤਾਇਆ ਜੀ"

" ਘਰ ਹੋ ਜਾਂ ਡਿਊਟੀ ਤੇ ਗਏ ਹੋ"

" ਹਾਂ ਜੀ ਤਾਇਆ ਜੀ ਡਿਊਟੀ ਤੇ ਹਾਂ, ਦੱਸੋ ਕਿਵੇਂ ਸੀ ?"

" ਕੁੱਝ ਨੀ ਪੁੱਤ ਮੈਂ ਚੰਡੀਗੜ੍ਹ ਆਇਆ ਹੋਇਆ ਸੀ ਦਵਾਈ ਲੈਣ, ਡਾਕਟਰ ਸਾਹਿਬ ਕਹਿੰਦੇ ਪਰਸੋਂ ਫਿਰ ਆਉਣਾ....."

" ਕੋਈ ਗੱਲ ਨੀ ਤਾਇਆ ਤੁਸੀਂ ਘਰ ਆ ਜਾਵੋ, ਬੱਚੇ ਘਰ ਹੀ ਨੇ, ਮੈਂ ਸਾਮ ਤੱਕ ਆ ਜਾਵਾਂਗੀ "

" ਚੰਗਾ ਪੁੱਤ ਆਉਣਾ ਫਿਰ ਮੈਂ "

ਜਾਗਰ ਜਦ ਘਰ ਪਹੁੰਚਿਆ ਤਾਂ ਕੰਮ ਵਾਲੀ ਅੰਟੀ ਜਾਗਰ ਦੇ ਪੱਗ ਬੰਨ੍ਹੀ ਵੇਖ ਸਤਿ ਸ੍ਰੀ ਆਕਾਲ ਬੁਲਾਈ ਤੇ ਅੰਦਰ ਆਉਣ ਲਈ ਕਿਹਾ, ਘਰ ਵਿੱਚ ਦੋ ਬੱਚੇ ਬਜੁਰਗ ਜਾਗਰ ਨੂੰ ਵੇਖ ਘਬਰਾ ਗਏ ਤੇ ਕੁੱਝ ਸਮਾਂ ਕੁੱਝ ਸਮਝ ਹੀ ਨਾ ਸਕੇ ਇਹ ਕੌਣ ਹੈ ਬਾਬਾ ਜੀ !

ਕੰਮ ਵਾਲੀ ਅੰਟੀ ਨੇ ਬੱਚਿਆਂ ਨੂੰ ਦੱਸਿਆ ਕਿ ਇਹ ਤੁਹਾਡੇ ਨਾਨਾ ਜੀ ਨੇ , ਤੁਹਾਡੇ ਮੰਮੀ ਜੀ ਦੇ ਚਾਚਾ ਜੀ, ਚੱਲੋ ਨਮਸਤੇ ਕਰੋ ਬੇਟਾ

" ਨਮਸਤੇ ਨਾਨਾ ਜੀ ......" ਬੱਚੇ ਨਮਸਤੇ ਕਹਿ ਆਪਣੇ ਕਮਰੇ ਦਾ ਟੈਲੀਵਿਜਨ ਵੇਖਣਾ ਲੱਗੇ।

" ਸਰਦਾਰ ਜੀ, ਖਾਣਾ ਖਾਵੋਂਗੇ ਕਿ ਪਹਿਲਾਂ ਚਾਹ ਲੈਕੇ ਆਂਵਾਂ ਜੀ " ਜਾਗਰ ਨੂੰ ਪਾਣੀ ਦਾ ਗਲਾਸ ਫੜਾਉਂਦਿਆਂ ਅਨੀਤਾ ਬੋਲੀ ।

" ਬੱਸ ਪੁੱਤ ਕੁੱਝ ਨੀ ਖਾਣਾ ਮੈਂ " ਜਾਗਰ ਨੇ ਲਿਫਾਫੇ ਵਿੱਚੋਂ ਦਵਾਈ ਕੱਢ ਇੱਕ ਗੋਲੀ ਪਾਣੀ ਨਾਲ ਲੈਂਦਿਆਂ ਕਿਹਾ।

" ਤੁਸੀਂ ਅਰਾਮ ਕਰੋ, ਮੈਂ ਚਾਹ ਲੈਕੇ ਆਉਂਦੀ ਹਾਂ "

" ਪੁੱਤ ਫਿੱਕੀ ਚਾਹ ਬਣਾਉਣਾ "

ਚਾਹ ਪਾਣੀ ਪੀਣ ਤੇ ਅਰਾਮ ਕਰਦਿਆਂ ਨੂੰ ਦੋ ਤਿੰਨ ਘੰਟੇ ਲੰਘ ਗਏ , ਬੱਚੇ ਵੀ ਟਿਊਸਨ ਜਾ ਮੁੜ ਆਏ , ਉਹਨਾਂ ਨੂੰ ਆਪਣੇ ਕਮਰੇ ਵਿੱਚ ਖੇਡਦਿਆਂ ਵੇਖ ਜਾਗਰ ਵੀ ਉਹਨਾਂ ਕੋਲ ਚਲਾ ਗਿਆ । ਦੋ ਬੱਚੇ ਜਿਨ੍ਹਾਂ ਵਿੱਚੋਂ ਇਕ ਲੜਕੀ ਜੋ ਲਗਭਗ 10ਸਾਲ ਦੀ ਹੈ ਜਿਸ ਦਾ ਨਾਮ ਸੀਨੂੰ ਅਤੇ ਲੜਕਾ ਜਿਸ ਦੀ ਉਮਰ ਲਗਭਗ 6-7 ਹੈ ਉਸ ਦਾ ਨਾਮ ਮਨੂੰ ਹੈ।

" ਪੁੱਤ ਤੁਸੀਂ ਕਿਹੜੀ ਕਲਾਸ ਚ ਪੜਦੇ ਹੋ ?"

" ਮੈਂ ਫੌਰਥ ਚ ਹਾਂ " ਸੀਨੂੰ ਨੇ ਜਵਾਬ ਦਿੱਤਾ।

" ਤੁਸੀਂ ਨਾਨਾ ਜੀ ਇੱਕਲੇ ਹੀ ਆਏ ਹੋ ਐਨੀ ਦੂਰ"

ਜਾਗਰ ਗੱਲ ਸੁਣ ਸੋਚੀਂ ਪੈ ਗਿਆ ਫਿਰ ਬੋਲਿਆ " ਹਾਂ ਪੁੱਤ ਮੈਂ ਇੱਕਲਾ ਹੀਂ ਆਇਆ ਹਾਂ "

" ਘਰ ਕੋਈ ਹੋਰ ਨਹੀਂ ਸੀ " ਮਨੂੰ ਨੇ ਵੀ ਸਵਾਲ ਕੀਤਾ।

ਜਾਗਰ ਫਿਰ ਸੋਚੀਂ ਪੈ ਗਿਆ ਕਿ ਨਿੱਕੇ-ਨਿੱਕੇ ਬੱਚਿਆਂ ਨੂੰ ਕਿੰਨੀ ਸਮਝ ਹੈ ਜੋ ਇੰਨੀਆਂ ਸਿਆਣੀਆਂ ਗੱਲਾਂ ਕਰ ਰਹੇ ਹਨ।

" ਪੁੱਤ ਨਹੀ ਘਰ ਸਭ ਹਨ, ਤੁਹਾਡੇ ਤਿੰਨ ਮਾਮੇ, ਮਾਮੀਆਂ, ਬੱਚੇ ਸਭ ਨੇ, ਸਾਰੇ ਆਪਣੇ ਆਪਣੇ ਕੰਮਾਂ-ਕਾਰਾਂ ਵਿੱਚ ਰੁੱਝੇ ਹੋਣ ਕਰਕੇ ਨਹੀਂ ਆ ਸਕੇ" ਜਾਗਰ ਨੇ ਬੱਚਿਆਂ ਦੀ ਗੱਲ ਦਾ ਜਵਾਬ ਤਾਂ ਦੇ ਦਿੱਤਾ ਪਰ ਉਹ ਜਵਾਬ ਵਿਚਲੇ ਝੂਠ ਨੂੰ ਬੋਲਣ ਲੱਗੇ ਕਿਵੇਂ ਦਿਲ ਤੇ ਪੱਥਰ ਰੱਖਿਆ।

ਅਸਲ ਵਿੱਚ ਜਾਗਰ ਦੇ ਤਿੰਨੋਂ ਪੁੱਤ ਵੱਖ-ਵੱਖ ਹੋਣ ਕਰਕੇ ਕੋਈ ਵੀ ਉਸ ਦੀ ਦਵਾਈ ਬੂਟੀ ਦਾ ਖਰਚ ਚੁੱਕਣ ਤੇ ਸਾਂਭ ਸੰਭਾਲ ਤੋਂ ਦੂਰ ਹੀ ਹਨ ।

" ਸਾਡੇ ਮੰਮੀ ਪਾਪਾ ਤਾਂ ਹਰ ਥਾਂ ਸਾਡੇ ਨਾਲ ਹੀ ਜਾਂਦੇ ਹਨ, ਕਦੇ ਕਿਤੇ ਇੱਕਲੇ ਨਹੀਂ ਭੇਜਦੇ ਤੇ ਨਾ ਹੀ ਕਦੇ ਰਾਤ ਨੂੰ ਇੱਕਿਲਆਂ ਛੱਡਦੇ ਹਨ " ਤੋਤਲੀ ਜਿਹੀ ਆਵਾਜ ਵਿੱਚ ਸੀਨੂੰ ਨੇ ਜਵਾਬ ਦਿੱਤਾ।

" ਪੁੱਤ ਜੀ, ਮਾਪੇ ਤਾਂ ਬੱਚਿਆਂ ਦਾ ਬਹੁਤ ਖਿਆਲ ਰੱਖਦੇ ਹਨ, ਪਰ ਬੱਚੇ ਵੱਡੇ ਹੋ ਕੇ ਮਾਪਿਆਂ ਨੂੰ ਭੁੱਲ ਜਾਂਦੇ ਹਨ.........."

" ਨਹੀਂ ਨਾਨਾ ਜੀ, ਸਾਡੇ ਮੰਮੀ ਡੈਡੀ ਨੇ ਤਾਂ ਸਾਡੇ ਦਾਦਾ ਦਾਦੀ ਦਾ ਬਹੁਤ ਖਿਆਲ ਰੱਖਿਆ, ਉਹਨਾਂ ਕਰਕੇ ਮੰਮੀ ਨੇ ਨੌਕਰੀ ਵੀ ਛੱਡ ਦਿੱਤੀ ਸੀ, ਹੁਣ ਉਹਨਾਂ ਦੀ ਮਰਨ ਤੋਂ ਬਾਅਦ ਹੀ ਨੌਕਰੀ ਕਰਨ ਲੱਗੇ ਹਨ" ਜਾਗਰ ਦੀ ਗੱਲ ਕੱਟਦੇ ਹੋਏ ਮੰਨੂੰ ਨੇ ਆਪਣੀ ਗੱਲ ਕਹੀ।

ਜਾਗਰ ਇਹ ਸਭ ਗੱਲਾਂ ਸੁਣ ਬਹੁਤ ਹੈਰਾਨ ਹੋਇਆ ਕਿ ਨਿੱਕੇ-ਨਿੱਕੇ ਬੱਚਿਆਂ ਨੂੰ ਕਿਵੇਂ ਚੰਗੇ ਸੰਸਕਾਰ ਦਿੱਤੇ ਨੇ, ਜਾਗਰ ਨੇ ਬੱਚਿਆਂ ਦੇ ਮਨ ਨੂੰ ਬਦਲਣ ਲਈ ਕਿਹਾ " ਚੱਲੋ ਪੁੱਤ ਛੱਡੋ ਇਹਨਾਂ ਗੱਲਾਂ ਨੂੰ ਤਹਾਨੂੰ ਮੈਂ ਸਾਡੀਆਂ ਪੇਂਡੂ ਖੇਡਾਂ ਬਾਰੇ ਦੱਸਦਾਂ ਹਾਂ"

ਜਾਗਰ ਉਹਨਾਂ ਬੱਚਿਆਂ ਨਾਲ ਖੇਡ ਖੇਡ ਵਿੱਚ ਬਹੁਤ ਰਲਮਿਲ ਜਾਂਦਾ ਹੈ, ਇਹ ਸਿਲਸਿਲਾ ਲਗਾਤਾਰ ਦੋ ਦਿਨ ਜਾਰੀ ਰਿਹਾ।

ਜਾਗਰ ਬੱਚਿਆਂ ਨਾਲ ਕੁਲ ਕੁ ਪਲਾਂ ਚ ਐਨਾ ਘੁੱਲ ਮਿਲ ਗਿਆ ਉਸ ਨੂੰ ਆਪਣਾ ਸਾਰਾ ਦੁਖ ਦਰਦ ਭੁੱਲ ਗਿਆ ।

ਸਾਮ ਨੂੰ ਨਿੰਮੋ ਤੇ ਉਸ ਦਾ ਪਤੀ ਅਕਸਰ ਹੀ ਕੰਮ ਤੋਂ ਲੇਟ ਹੀ ਆਉਂਣ ਕਰਕੇ ਬੱਚਿਆਂ ਨੂੰ ਸਿਰਫ ਐਤਵਾਰ ਜਾਂ ਛੁੱਟੀ ਵਾਲੇ ਦਿਨ ਹੀ ਘੁੰਮਾਉਂਦੇ ਸਨ ਬਾਕੀ ਦਿਨ ਬੱਚੇ ਘਰ ਹੀ ਰਹਿਣ ਕਰਕੇ ਸੁਸਤ ਤੇ ਉਦਾਸ ਹੀ ਰਹਿੰਦੇ ਸਨ, ਜਦੋਂ ਸਾਮ ਨੂੰ ਘਰ ਆ ਨਿੰਮੋ ਨੇ ਜਾਗਰ ਨਾਲ ਖੇਡਦੇ ਬੱਚਿਆਂ ਦੇ ਚਿਹਰੇ ਤੇ ਇੱਕ ਵੱਖਰੀ ਹੀ ਖੁਸੀ ਮਹਿਸੂਸ ਕੀਤੀ ।ਉਸ ਨੂੰ ਜਾਗਰ ਦੇ ਬੋਲ ਤੇ ਚਿਹਰੇ ਤੇ ਰੌਣਕ ਨਜਰ ਆਈ।ਪਤਾ ਹੀ ਨਾ ਲੱਗਾ ਕਿਵੇਂ ਦੋ-ਤਿੰਨ ਗੁਜਰ ਗਏ ।

ਆਪਨਿਆਂ ਨਾਲ ਰਲਮਿਲ ਬਹਿਣ-ਰਹਿਣ , ਖੇਡਣ-ਹੱਸਣ ਕਰਕੇ ਨਿੰਮੋ ਤੇ ਉਸ ਦੇ ਪਤੀ ਨੇ ਆਪਣੇ ਬੱਚਿਆਂ ਦੇ ਵਿੱਚ ਸਵੈ ਵਿਸਵਾਸ ਦੀ ਝਲਕ ਵੇਖੀ , ਇਹ ਸਭ ਕੁੱਝ ਬੱਚਿਆਂ ਦੀ ਆਪਣੇ ਨਾਨੇ ਜਾਗਰ ਨਾਲ ਪਾਈ ਹੋਈ ਸਾਂਝ ਕਰਕੇ ਹੀ ਸੰਭਵ ਹੋਇਆ। ਹੁਣ ਟੁੱਟ ਰਹੀਆਂ ਪਰਿਵਾਰਕ ਸਾਂਝਾਂ ਹੀ ਸਾਡੀਆਂ ਚਿੰਤਾਵਾਂ ਚ ਵਾਧਾ ਕਰ ਰਹੀਆਂ ਹਨ ।

ਅੱਜ ਕੱਲ ਇਨਸਾਨ ਇਨਸਾਨਿਅਤ ਤੋਂ ਦੂਰ ਹੁੰਦਾ ਜਾ ਰਿਹਾ ।

" ਚੰਗਾ ਪੁੱਤ ਨਿੰਮੋ , ਮੈਂ ਚੱਲਦਾ ਹਾਂ , ਡਾਕਟਰ ਸਾਹਿਬ ਨੇ ਇਕ ਮਹੀਨੇ ਦੀ ਦਵਾਈ ਦੇ ਦਿੱਤੀ, ਕਹਿੰਦੇ ਹੁਣ ਤੂੰ ਠੀਕ ਹੈ " ਜਾਗਰ ਨੇ ਆਪਣਾ ਦਵਾਈਆਂ ਵਾਲਾ ਲਿਫਾਫਾ ਚੁੱਕਦਿਆਂ ਨਿੰਮੋ ਨੂੰ ਕਿਹਾ।

" ਤਾਇਆ ਜੀ, ਤੁਹਾਡੇ ਆਉਣ ਨਾਲ ਤਾਂ ਸਾਡੇ ਘਰ ਰੌਣਕ ਹੀ ਲੱਗ ਗਈ ਸੀ, ਨਾਲੇ ਬੱਚੇ ਵੀ ਰੱਜ ਹੱਸ ਖੇਡ ਲਏ, ਕੁੱਝ ਦਿਨ ਹੋਰ ਰਹਿੰਦੇ ਤੁਸੀਂ " ਨਿੰਮੋ ਨੇ ਤਾਏ ਜਾਗਰ ਨੂੰ ਕਿਹਾ।

" ਜੇ ਪੁੱਤ ਦਾਣਾ ਪਾਣੀ ਲਿਖਿਆ ਹੋਇਆ ਤੇਰੇ ਘਰ ਦਾ ਤਾਂ ਫਿਰ ਆ ਜਰੂਰ ਆ ਜਾਵਾਂਗੇ, ਘਰ ਵੀ ਨਿੱਕੇ-ਨਿੱਕੇ ਲਾਲ ਉਡੀਕਦੇ ਹੋਣਗੇ " ਜਾਗਰ ਨੇ ਨਿੰਮੋ ਨੁ ਜਵਾਬ ਦਿੰਦਿਆਂ ਇਹ ਮਹਿਸੂਸ ਕੀਤਾ ਕਿ ਮੇਰੇ ਤਿੰਨ ਪੁੱਤਾਂ ਨਾਲੋਂ ਜੇ ਤਿੰਨ ਧੀਆਂ ਹੁੰਦੀਆਂ ਤਾਂ ਉਹ ਵੀ ਨਿੰਮੋ ਦੀ ਤਰ੍ਹਾਂ ਪਿਓ-ਧੀ ਦੀ ਸਾਂਝ ਪਗਾਉਦੀਆਂ ।

**ਅਸਿ. ਪ੍ਰੋਫੈਸਰ ਗੁਰਮੀਤ ਸਿੰਘ**
**ਸਰਕਾਰੀ ਕਾਲਜ ਮਾਲੇਰਕੋਟਲਾ**
**94175-45100**

# ਕਿਸਾਨੀ ਸੰਘਰਸ : ਜਿੱਤ ਲਈ ਕਿਸਾਨ ਆਗੂਆਂ ਦੀ ਅਗਵਾਈ ਅਤੇ ਸਤਿਕਾਰ ਜਰੂਰੀ

ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਪੰਜਾਬ, ਹਰਿਆਣਾ, ਉਤਰ ਪ੍ਰਦੇਸ, ਰਾਜਸਥਾਨ ਤੋਂ ਇਲਾਵਾ ਬਹੁਤ ਸਾਰੇ ਰਾਜਾਂ ਦੇ ਕਿਸਾਨ ਦਿੱਲੀ ਦੀਆਂ ਵੱਖ-ਵੱਖ ਸਰਹੱਦਾਂ ਤੇ ਪਿਛਲੇ ਲੱਗਭਗ 2 ਮਹੀਨਿਆਂ ਤੋਂ ਧਰਨਾ ਲਗਾਈ ਬੈਠੇ ਹਨ। ਇਸ ਅੰਦੋਲਨ ਦੀ ਚਰਚਾ ਅੱਜ ਦੁਨੀਆਂ ਭਰ ਵਿੱਚ ਹੋ ਰਹੀ ਹੈ। ਹਰ ਦੇਸ, ਹਰ ਵਰਗ ਵਲੋਂ ਇਸ ਅੰਦੋਲਨ ਨੂੰ ਭਰਪੂਰ ਹਮਾਇਤ ਮਿਲ ਰਹੀ ਹੈ। ਓਧਰ ਕੇਂਦਰ ਸਰਕਾਰ ਵੀ ਇਸ ਅੰਦੋਲਨ ਨੂੰ ਕੁਚਲਣ ਲਈ ਹਰ ਵਾਹ ਲਗਾ ਰਹੀ ਹੈ। ਕਿਸਾਨ ਮਜਦੂਰ ਅੰਦੋਲਨ ਦੀ ਅਗਵਾਈ ਭਾਰਤ ਦੀਆਂ 32 ਕਿਸਾਨ ਜਥੇਬੰਦੀਆਂ ਕਰ ਰਹੀਆਂ ਹਨ। ਜਿਨ੍ਹਾਂ ਨੇ ਹੁਣ ਤੱਕ ਇਸ ਅੰਦੋਲਨ ਨੂੰ ਸਾਂਤੀਪੂਰਵਕ ਬਣਾਏ ਰੱਖਣ, ਰਾਜਨੀਤਕ ਪਾਰਟੀਆਂ ਦੀ ਘੁਸਪੈਠ ਤੋਂ ਬਚਾਉਣ, ਕੇਂਦਰ ਸਰਕਾਰ ਵੱਲੋਂ ਚਲੀਆਂ ਚਾਲਾਂ ਨਾਲ ਨਿਪਟਣ ਵਿੱਚ ਬੜਾ ਵਧੀਆ ਪ੍ਰਦਰਸਨ ਕੀਤਾ ਹੈ। ਕੇਂਦਰ ਸਰਕਾਰ ਨਾਲ ਹੁਣ ਤੱਕ ਇਸ ਸਬੰਧੀ 9 ਮੀਟਿੰਗਾਂ ਹੋ ਚੁਕੀਆਂ ਹਨ ਪਰ ਸਾਰੀਆਂ ਹੀ ਬੇਸਿੱਟਾ ਰਹੀਆਂ ਹਨ। ਕਿਸਾਨ ਤਿੰਨਾਂ ਕਨੂੰਨਾ ਨੂੰ ਰੱਦ ਕਰਵਾਉਣ ਤੇ ਅੜੇ ਹਨ ਪਰ ਸਰਕਾਰ ਵਿਚਲੇ ਰਸਤੇ ਦੀ ਤਲਾਸ ਵਿੱਚ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਚਾਰ ਮੈਂਬਰੀ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਹੈ ਪਰ ਕਿਸਾਨਾਂ ਨੇ ਇਸ ਕਮੇਟੀ ਅੱਗੇ ਪੇਸ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਕਿਸਾਨਾਂ ਦੁਆਰਾ ਕੀਤੇ 26 ਜਨਵਰੀ ਦੇ ਟਰੈਕਟਰ ਮਾਰਚ ਦੇ ਐਲਾਨ ਤੋਂ ਬਾਅਦ ਪੂਰੀ ਹਲਚਲ ਮੱਚੀ ਹੋਈ ਹੈ। ਉਤਸਾਹ ਵਿੱਚ ਆਏ ਨੌਜਵਾਨਾਂ ਨੇ 26 ਜਨਵਰੀ ਦੀ ਟਰੈਕਟਰ ਪਰੇਡ ਦੀਆਂ ਤਿਆਰੀਆਂ ਜੰਗੀ ਪੱਧਰ ਤੇ ਆਰੰਭ ਦਿੱਤੀਆਂ ਹਨ। ਸਰਕਾਰ ਵੀ ਇਸ ਮਾਰਚ ਨੂੰ ਲੈ ਕੇ ਇੱਕ ਪਾਸੇ ਡਰੀ ਹੋਈ ਦਿਖਾਈ ਦੇ ਰਹੀ ਹੈ ਅਤੇ ਦੂਜੇ ਪਾਸੇ ਇਸ ਮਾਰਚ ਨੂੰ ਹੋਰ ਰੰਗਤ ਦੇਣ ਦੀਆਂ ਕੋਝੀਆਂ ਕੋਸਸਿਾਂ ਤੋਂ ਵੀ ਬਾਜ ਨਹੀਂ ਆ ਰਹੀ। ਕਿਸਾਨ ਮਜਦੂਰ ਸੰਘਰਸ ਇਸ ਸਮੇਂ ਭਾਵੇਂ ਸਿਖਰ ਤੇ ਹੈ ਪਰ ਜਿੱਤ ਪ੍ਰਾਪਤ ਕਰਨ ਲਈ ਸੰਜਮ ਨਾਲ ਫੈਸਲੇ ਲੈਣ ਦੀ ਲੋੜ ਹੈ। ਨਿੱਕੀ ਜਿਹੀ ਕੋਤਾਹੀ ਪੂਰੇ ਅੰਦੋਲਨ ਨੂੰ ਲੀਹੋਂ ਲਾਹ ਸਕਦਾ ਹੈ। 26 ਜਨਵਰੀ ਦੇ ਟਰੈਕਟਰ ਮਾਰਚ ਨੂੰ ਕਈ ਨੌਜਵਾਨ ਆਖਰੀ ਲੜਾਈ ਦੇ ਰੂਪ ਵਿੱਚ ਵੇਖ ਰਹੇ ਹਨ। ਨਾਲ ਹੀ ਕੁਝ ਵਿਰੋਧੀ ਕਦੇ ਖਾਲਿਸਤਾਨ ਦੀ ਮੰਗ ਕਦੇ ਗਣਤੰਤਰ ਦਿਵਸ ਤੇ ਲਾਲ ਕਿਲ੍ਹੇ ਤੇ ਝੰਡਾ ਲਹਿਰਾਉਣ ਦੀਆਂ ਗੱਲਾਂ ਕਰ ਰਹੇ ਹਨ।



ਸਰਕਾਰ ਤਾਂ ਇਹੋ ਮੌਕੇ ਦੀ ਉਡੀਕ ਵਿੱਚ ਹੈ ਕਿ ਕਦੋਂ ਅੰਦੋਲਨਕਾਰੀ ਕਿਸਾਨਾਂ ਤੇ ਖਾਲਿਸਤਾਨੀਆਂ ਜਾਂ ਦੇਸ ਵਿਰੋਧੀ ਤਾਕਤਾਂ ਦਾ ਠੱਪਾ ਲੱਗਾ ਕੇ ਸੰਘਰਸ ਨੂੰ ਤਾਰਪੀਡੋ ਕਰ ਸਕੇ। ਕਿਸਾਨ ਜਥੇਬੰਦੀਆਂ ਦੇ ਆਗੂ ਨੌਜਵਾਨਾਂ ਨੂੰ ਸਮਝਾਉਣ ਦੀ ਕੋਸਸਿ ਕਰ ਰਹੇ ਹਨ ਕਿ ਅਸੀਂ ਸਾਂਤੀਪੂਰਵਕ ਮਾਰਚ ਕਰਨਾ ਹੈ ਅਤੇ ਕਿਸੇ ਵੀ ਤਰ੍ਹਾਂ ਦਾ ਕੋਈ ਗਲਤ ਕਦਮ ਨਹੀਂ ਚੁੱਕਣਾ। ਪਰ ਇਸ ਗੱਲ ਤੇ ਕੁਝ ਕੁ ਲੋਕ ਬਲਵੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਡਾ ਦਰਸਨ ਸਿੰਘ ਵਰਗੇ ਕਿਸਾਨ ਆਗੂਆਂ ਨੂੰ ਬੁਰਾ ਭਲਾ ਕਹਿ ਰਹੇ ਹਨ। ਸਾਨੂੰ ਇਨ੍ਹਾਂ ਬਜੁਰਗ ਨੇਤਾਵਾਂ ਦਾ ਸਤਿਕਾਰ ਕਰਨਾ ਨਹੀਂ ਭੁੱਲਣਾ ਚਾਹੀਦਾ। ਇਹ ਆਗੂ ਆਪਣੇ ਤਜਰਬੇ ਨਾਲ ਬਿਨਾਂ ਕਿਸੇ ਨੁਕਸਾਨ ਤੋਂ ਇਸ ਅੰਦੋਲਨ ਨੂੰ ਇੱਕ ਸਹੀ ਦਿਸਾ ਵੱਲ ਲਿਜਾਣ ਦੀ ਕੋਸਸਿ ਕਰ ਰਹੇ ਹਨ। ਨੌਜਵਾਨ ਜਨੂੰਨ ਵਿਚ ਆ ਕੇ ਗਲਤ ਫੈਸਲਾ ਲੈ ਸਕਦੇ ਹਨ ਜਿਨ੍ਹਾਂ ਦੇ ਨਤੀਜੇ ਘਾਤਕ ਹੋ ਸਕਦੇ ਹਨ। ਇਸ ਮਹਾਂ ਸੰਘਰਸ ਨੂੰ ਕਾਮਯਾਬ ਬਣਾਉਣ ਲਈ ਨੌਜਵਾਨਾਂ ਨੂੰ ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਚਲਣਾ ਚਾਹੀਦਾ ਹੈ ਅਤੇ ਇਨ੍ਹਾਂ ਆਗੂਆਂ ਦਾ ਨਾਮ ਸਤਿਕਾਰ ਸਹਿਤ ਲੈਣਾ ਚਾਹੀਦਾ ਹੈ।

**ਚਾਨਣ ਦੀਪ ਸਿੰਘ ਔਲਖ,**
**ਪਿੰਡ ਗੁਰਨੇ ਖੁਰਦ (ਮਾਨਸਾ)**
**ਸੰਪਰਕ : 9876888177**

# ਸੋ ਮੰਦਾ ਆਖੀਐ ਨਿੱਤ ਜੰਮਿ ਰਾਜਾਨ

ਔਰਤ ਦੀ ਜਿੰਦਗੀ 3 ਪੱਪੇ ਦੇ ਆਧਾਰਿਤ ਹੁੰਦੀ ਹੁੰਦੀ ਹੈ,ਔਰਤ ਦੀ ਜਿੰਦਗੀ ਪਹਿਲਾ ਪੱਪੇ ਤੋ ਲੈਕੇ ਤੀਜਾ ਪੱਪੇ ਤੇ ਖਤਮ ਹੁੰਦੀ ਹੈ ਜਿਵੇ ਕਿ ਪਹਿਲਾ ਪਾਪਾ ਜਾ ਬਾਪੂ, ਦੂਜਾ ਪਤੀ, ਤੀਜਾ ਪੁੱਤਰ

ਪਹਿਲਾ ਪੱਪਾ (ਬਾਪੂ) ਇਹ ਦੁਨਿਆਂ ਦੇ ਵਿੱਚ ਔਰਤ ਹੀ ਔਰਤ ਨੂੰ ਮਾਰਦੀ ਹੈ, ਜੇ ਘਰ ਵਿੱਚ ਧੀ ਦਾ ਪੁੱਤ ਜਨਮ ਹੋ ਜਾਵੇ ਤਾਂ ਧੀ ਨਾਲ ਵਿਤਕਰਾ ਕੀਤਾ ਜਾਂਦਾ ਹੈ,ਪੁੱਤ ਪੈਦਾ ਹੋਣਤੇ ਲੋਕੀ ਭੰਗੜੇ ਪਾਉਂਦੇ ਨੇ ਤੇ ਰਿਸਤੇਦਾਰ ਗੁਵਾਢੀਆ ਨੂੰ ਵੀ ਇਸ ਖੁਸੀ ਵਿਚ ਸਾਮਿਲ ਕੀਤਾ ਜਾਂਦਾ ਹੈ ,ਜੇਕਰ ਘਰ ਵਿੱਚ ਧੀ ਪੈਦਾ ਹੋਜੇ ਫੇਰ ਸਾਰਾ ਘਰ ਵਿੱਚ ਖਾਮੋਸ਼ੀ ਵਾਲਾ ਮਹੌਲ ਹੋ ਜਾਂਦਾ ਹੈ, ਬਾਪੂ ਦੇ ਦਿੱਤੇ ਅਸੂਲਾਂ ਦੇ ਆਧਾਰ ਤੇ ਚੱਲਣਾ ਪੈਂਦਾ ਹੈ, ਜਦੋ ਤੱਕ ਧੀ ਨੂੰ ਵਿਆਹ ਤੋਰ ਨਾ ਦਿੱਤਾ ਜਾਵੇ ,

18 ਸਾਲ ਤੱਕ ਧੀ ਆਪਣੇ ਬਾਪੂ ਦੇ ਅਸੂਲਾਂ ਤੇ ਸਹੀ ਨਿਰਭਰ ਰਹਿਣਾ ਪੈਂਦਾ ਹੈ, ਅਤੇ ਆਪਣੀਆ ਸਾਰੀਆ ਖੁਸ਼ੀਆ ਤੇ ਰੀਝਾਂ ਨੂੰ ਮਾਰਨਾ ਪੈਂਦਾ ਹੈ ,18 ਸਾਲ ਉਮਰ ਹੋਣ ਤੇ ਧੀ ਨੂੰ ਵਿਆਹ ਕੇ ਬਾਪੂ ਆਪਣਾ ਫਰਜ ਪੂਰਾ ਕਰ ਦਿੰਦਾ ਹੈ, ਧੀ ਦੀ ਬਿਨਾਂ ਮਰਜੀ ਤੋ ਵਿਆਹ ਕੇ ਕਿਸੇ ਅਣਜਾਣ ਵਿਅਕਤੀ ਕੋਲ ਭੇਜ ਦਿੰਦਾ ਹੈ, ਜਿਸਨੂੰ ਉਸ ਨੂੰ ਉਹ ਜਾਣਦੀ ਨਹੀ ਹੁੰਦੀ,ਤੇ ਆਪਣੇ ਭੈਣ ਭਰਾਵਾਂ ਤੋ ਦੂਰ ਕਿਸੇ ਅਣਜਾਣ ਵਿਅਕਤੀ ਨਾਲ ਜਿੰਦਗੀ ਦੀ ਨਵੀ ਸੁਆਰਤ ਕਰਦੀ ਹੈ

ਦੂਜਾ ਪੱਪਾ (ਪਤੀ) ਔਰਤ ਨੂੰ ਸਦਾ ਹੀ ਇਹੋ ਆਸ ਹੁੰਦੀ ਹੈ ਕਿ ਉਸਦਾ ਪਤੀ ਹੀ ਉਸਦੇ ਸੁਪਨਿਆਂ ਨੂੰ ਸੱਚ ਕਰੇਗਾ, ਪਰ ਉਹਨੂੰ ਇਹ ਨੀ ਪਤਾ ਹੁੰਦਾ ਕਿ ਉਹਦੇ ਬਾਪੂ ਨੇ ਪੈਸਿਆਂ ਵਾਲਾ ਦੇਖਿਆਂ ਉਸਨੂੰ ਪਿਆਰ ਕਰਨ ਵਾਲਾ ਨਹੀਂ, ਪਰ ਕੁਦਰਤ ਨੂੰ ਕੁੱਝ ਹੋਰ ਮਨਜੂਰ ਹੁੰਦਾ, ਜਦੋ ਧੀ ਪਤਾ ਲੱਗਦਾ ਹੈ ਕਿ ਉਸਦੇ ਪਤੀ ਨਸੇੜੀ ਆ, ਉਸਦੇ ਸਾਰੇ ਅਰਮਾਨ ਟੁੱਟ ਜਾਂਦੇ ਹਨ, ਸਰਾਬ ਪੀਕੇ ਉਹ ਕੁੱਟਦਾ ਮਾਰਦਾ ਹੈ, ਅਤੇ ਕਦੇ ਵੀ ਉਸ ਨਾਲ ਪਿਆਰ ਨਾਲ ਗੱਲਬਾਤ ਨਹੀਂ ਕਰਦਾ, ਨਾਹਿ ਉਹ ਸਾਰਾ ਛੱਡ ਕੇ ਆਪਣੇ ਬਾਪੂ ਕੋਲ ਜਾ ਸਕਦੀ ਹੁੰਦੀ ਆ, ਕਿਉਕਿ ਬਾਪੂ ਨੇ ਵਿਆਹ ਵਾਲੇ ਦਿਨ

ਟੋਲੀ ਤੋਰਨ ਵੇਲੇ ਕਹਿ ਦਿੰਦਾ ਆ, ਕਿ ਪੁੱਤ ਹੁਣ ਤੂੰ ਆਪਣਾ ਖਿਆਲ ਰੱਖੀ, ਹੁਣ ਤੇਰਾ ਸਹੁਰਾ ਘਰ ਹੀ ਤੇਰਾ ਅਸਲੀ ਘਰ ਆ, ਦੁੱਖ ਤਕਲੀਫਾਂ ਦੇ ਨਾਲ ਲੜਦੀ ਧੀ ਆਪਣੇ ਬਾਪੂ ਦੀ ਚਿੱਟੀ ਪੱਗ ਨੂੰ ਦਾਗ ਨਹੀ ਲੱਗਣ ਦਿੰਦੀ, ਚਾਹੇ ਉਸਦਾ ਪਤੀ ਉਸਨੂੰ ਸਰਾਬ ਨਾਲ ਢੱਕ ਮਾਰਦਾ ਕੁੱਟਦਾ ਹੋਵੇ, ਫੇਰ ਤਾਂ ਉਸਦੀ ਜਿੰਦਗੀ ਉਸਦੇ ਪੁੱਤਰ ਦੇ ਹੱਥ ਵਿਚ ਹੁੰਦੀ ਆ,

ਤੀਜਾ ਪੱਪਾ (ਪੁੱਤਰ)ਔਰਤ ਦੀ ਜਿੰਦਗੀ ਪਹਿਲਾ ਤੋ ਤੀਜੇ ਪੱਪੇ ਤੇ ਖਤਮ ਹੋ ਜਾਂਦੀ ਆ ਪਹਿਲਾ ਪੁੱਤਰ ਨੂੰ ਨੌ ਮਹੀਨੇ ਕੁੱਖ ਵਿਚ ਰੱਖਦੀ ਆ, ਫੇਰ ਜਦੋ ਪੁੱਤਰ ਪੈਦਾ ਹੋ ਜਾਂਦਾ ,ਆਪਣਾ ਆਪ ਭੁੱਲ ਜਾਦੀ ਆ ਉਸਨੂੰ ਪਾਲਣ ਦੇ ਲਈ,ਆਪ ਭੁੱਖੀ ਰਹਿ ਆਪਣਾ ਦੁੱਧ ਪਿਲਾਉਦੀ ਆ, ਕਿ ਮੇਰਾ ਪੁੱਤ ਭੁੱਖਾ ਨਾ ਰਹਿ ਜਾਵੇ, ਕਿਉਕਿ ਮਾਂ ਦੀ ਆਖਰੀ ਉਮੀਦ ਪੁੱਤ ਹੁੰਦੀ ਆ, ਜਿਹੜਾ ਜਿੰਦਗੀ ਦਾ ਖੁਸ ਮਾਣਨਾ ਹੁੰਦਾ ,ਉਹ ਮਾਂ ਪੁੱਤ ਦੇ ਸਿਰ ਮਾਣ ਸਕਦੀ ਆ, ਮਾਂ ਨੂੰ ਆਪਣੇ ਪੁੱਤ ਦੇ ਜਵਾਨ ਦਾ ਬਹੁਤ ਮਾਣ ਹੁੰਦਾ ਹੈ, ਮਾਂ ਆਪਣੇ ਪੁੱਤ ਨੂੰ ਕਾਮਯਾਬ ਬਣਾਉਣ ਕਠਿਨ ਰਾਸਤਿਆ ਦੀ ਪ੍ਰਵਾਹ ਨਹੀ ਕਰਦੀ, ਮਾਂ ਆਪਣੇ ਬੱਚਿਆਂ ਨੂੰ ਪਾਲਣ ਦੇ ਲਈ ਆਪਣੇ ਆਪ ਨੂੰ ਵੇਚ ਦਿੰਦੀ ਆ, ਆਪ ਧੁੱਪਾ ਦੇ ਵਿੱਚ ਸੜਦੀ ਆ ਪਰ ਪੁੱਤ ਨੂੰ ਛਾਂਵਾ ਠੰਢੀਆਂ ਦਿੰਦੀ ਆ, ਇਸ ਲਈ ਤਾ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਸੋ ਕਿਉ ਮੰਦਾ ਆਖਿਐ ਨਿੱਤ ਜੰਮੇ ਰਾਜਨ,



ਪਿਰਤੀ ਸ਼ੇਰੋ
ਜਿਲਾ ਸੰਗਰੂਰ ਮੋ 98144 07342

# ਟਰੈਕਟਰ ਦੀ ਦੌੜ ਅਤੇ ਸਾਂਝੀ ਖੇਤੀ ਦੀ ਖੁਸ਼ਹਾਲੀ



ਕਿਸਾਨੀ ਦਾ ਖੇਤੀ ਅਤੇ ਖੇਤੀ ਸੰਦਾ ਨਾਲ ਅਟੁੱਟ ਮੋਹ ਹੈ । ਜਿਸ ਨਾਲ ਜੀਵਨ ਦੀਆ ਮੁੱਢਲੀਆ ਲੋੜ ਅਤੇ ਸੁੱਖ -ਸੁਵਿਧਾਵਾ ਪੂਰੀਆ ਹੁੰਦੀਆ ਹਨ । ਭਾਰਤ ਦੇ 70 ਫੀਸਦੀ ਲੋਕ ਖੇਤੀ ਕਾਰੋਬਾਰ ਜਦੋ ਕਿ ਖਾਣੇ ਦੀ ਪੂਰਤੀ ਲਈ 100 ਫੀਸਦੀ ਲੋਕ ਖੇਤੀ ਉਤਪਾਦਾ ਉਪਰ ਨਿਰਭਰ ਹਨ । ਖੇਤੀ ਦਾ ਕੋਈ ਦੂਸਰਾ ਬਦਲ਼ ਨਹੀ । ਸੋ ਹਕੂਮਤਾ ਸਿਆਸੀ ਤੇ ਜੋਟੀਦਾਰਾ ਦੇ ਫਾਇਦੇ ਲਈ ਨਵੀਆ ਖੋਜਾ ਜਾ ਨੀਤੀਆ ਲਿਆਉਦੀਆ ਹਨ । ਜਿਸ ਦੀ ਮੋਜੂਦਾ ਉਦਾਹਰਨ ਤਿੰਨ ਖੇਤੀ ਕਨੂੰਨ ਹਨ । ਜਿਸ ਨਾਲ ਆਪਣੇ ਕਾਰਪੋਰੇਟ ਮਿੱਤਰਾ ਨੂੰ ਜਮੀਨਾ ਹਥਿਆਉਣ ਦੀ ਖੁੱਲ ਦਿੱਤੀ ਜਾ ਸਕੇ । 60ਵਿਆ ਵਿੱਚ ਵਿਦੇਸੀ ਹਰੀ ਕ੍ਰਾਂਤੀ ਮੈਕਸੀਕੋ (ਅਮਰੀਕਾ) ਦਾ ਮਾਡਲ ਪੇਸ ਕੀਤਾ । ਜਿਸ ਨਾਲ ਪਾਣੀ ਤੇ ਪਦਾਰਥਾ ਵਿੱਚ ਘੁਲੇ ਜਹਿਰ ਕਾਰਨ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਦੀ ਆਮਦ ਹੋਈ । ਉਂਜ ਕੀਟ-ਨਾਸਕ ਤੇ ਝਾੜ ਵਧਾਊ ਦਵਾਈਆ ਨਾਲ ਪਹਿਲਾ ਹੀ ਅਰਬਾ-ਖਰਬਾਂ ਤੇ ਮੋਜੂਦਾ ਸਮੇ ਵੀ ਸਿਰਫ 10 ਪੈਸਟੀਸਾਈਡ ਕੰਪਨੀਆ ਨੇ 2020 ਵਿੱਚ 57036 ਕਰੋੜ ਦਾ ਮੁਨਾਫਾ ਕਮਾਇਆ ।

ਦੇਸ ਦੀ ਵੰਡ ਤੋ ਬਾਅਦ ਉਜਾੜੇ ਦੇ ਜਖਮਾ ਨੇ ਜਿੱਥੇ ਲੋਕਾ ਦੇ ਮਨਾ ਅੰਦਰ ਡੂੰਘੀ ਠੇਸ ਪਹੁਚਾਈ ਹੈ । ਉਥੇ ਹੀ ਉਹਨਾ ਨੂੰ ਇਕ ਦੂਜੇ ਦੀ ਮੱਦਦ ਲਈ ਵੀ ਹਲੂਨਿਆ । ਇਸ ਵਿੱਚ ਵਿਚਾਲੇ ਦੀ ਮਨੋਦਸਾ ਦਾ ਫਾਇਦਾ ਉਠਾਉਣ ਲਈ ਪੂਜੀਵਾਦੀ ਸਮਾਜ ਦੇ ਪੈਰੋਕਾਰ ਉਸ ਸਮੇ ਵੀ ਤਿਆਰ ਹੀ ਬੈਠੇ ਸਨ । ਜਿਹਨਾ ਬਾਅਦ ਵਿੱਚ ਹਰੀ ਕ੍ਰਾਤੀ ਵਰਗੇ ਵਿਦੇਸੀ ਮਾਡਲ ਦੇ ਨੁਕਸਾਨ ਛੁਪਾ ਸਿਰਫ ਫਾਇਦੇ ਦੇ ਸਬਜਬਾਗ ਦਿਖਾ ਕੇ ਲੀਕੋ ਹਟ ਕੇ ਖੇਤੀ ਕਰਨ ਲਈ ਪ੍ਰੇਰਿਆ ।

ਨਵੀਆ ਦਿਸ਼ਾਵਾ ਨੇ ਰਵਾਇਤੀ ਖੇਤੀ ਅਤੇ ਸਹਿਕਾਰਤਾ ਲਹਿਰ ਨੂੰ ਖਤਮ ਕਰ ਦਿੱਤਾ । ਕਿਸਾਨੀ ਲਈ ਮੁਨਾਫੇ ਦੇ ਕਾਰਨ ਪਿੱਛੇ ਮੁੜਨਾ ਨਾਮੁਕਨ ਹੈ । ਪਰ ਪੰਜਾਬ ਦੀ 1947 ਤੋ ਬਾਅਦ ਵਾਲੀ ਸਹਿਕਾਰਤਾ ਲਹਿਰ ਨੂੰ ਭੁਲਾਇਆ ਨਹੀ ਜਾ ਸਕਦਾ । ਭਾਂਵੇ ਅਸੀ ਉਹਨਾ ਵੇਲਿਆ ਨੂੰ ਵਾਪਿਸ ਨਹੀ ਲਿਆ ਸਕਦੇ ਉਹ ਇਕ ਸਿੱਧਾ ਸਾਧਾ ਮਾਡਲ ਸੀ । ਜਦੋ ਲੋਕੀ ਬਿਨਾ ਕਿਸੇ ਲੋਭ ਲਾਲਚ ਦੇ ਮਿਲ ਕੇ ਖੇਤਾ ਵਿੱਚ ਫਸਲ ਬੀਜਣੀ ,ਪਾਲਣੀ ,ਵੱਡਣੀ ,ਕੱਢਣੀ ਤੇ ਘਰ ਪਹਚਾਉਣ ਤੋ ਇਲਾਵਾ ਸਾਂਭਣ ਦਾ ਕੰਮ ਵੀ ਸਾਂਝੀ ਮੇਹਨਤ ਨਾਲ ਕਰਦੇ । ਵਿਆਹ ਸਾਦੀ ਦੇ ਸਮੇ ਸੀਧਾ ਪੱਤਾ ਜਿਵੇ ਚੀਨੀ ,ਘਿਉ ,ਆਟਾ ਤੇ ਦੁੱਧ ਦਾ ਡੋਲੂ ਡੋਲੂ ਇਕੱਠਾ ਕਰ ਕੜਾਹੇ ਭਰ ਦਿੰਦੇ । ਇਥੋ ਤੱਕ ਹਲਵਾਈ ਦੇ ਸਮਾਨ , ਮੰਜੇ - ਬਿਸਤਰੇ ਤੇ ਆਏ ਮੇਲ ਦੇ ਖਾਣੇ ਤੇ ਸੋਣ ਦੇ ਪ੍ਰਬੰਧ ਦੀ ਜਿਮੇਵਾਰੀ ਲੈ ਕੇ ਘਰਦਿਆ ਨੂੰ ਮੁੱਖ ਰਸਮਾਂ ਨਿਭਾਉਣ ਅਤੇ ਤਿਆਰੀ ਕਰਨ ਵਾਸਤੇ ਵਾਧੂ ਸਮਾ ਦਿੰਦੇ । ਨਾ ਹੀ ਅੱਜ ਵਾਂਗ ਪਿੰਡ ਵਿੱਚ ਕਿਸੇ ਦੇ ਸੰਸਕਾਰ ਲਈ ਲੱਕੜਾ ਦੀ ਟਰਾਲੀ ਟਾਲ ਤੋ ਅਉਦੀ ਸੀ ਸਗੋ ਲੋਕ ਜਾਤ-ਪਾਤ ,ਧਰਮ ਤੇ ਊਚ--ਨੀਚ ਤੋ ਉਪਰ ਉਠ ਕੇ ਪਿੰਡ ਵਿਚੋ ਹੀ ਲੱਕੜਾ ਇਕੱਠੀਆ ਕਰਦੇ ਸਨ । ਜਦੋ ਕਿ ਸ਼ਹਿਰਾ ਵਿੱਚ ਤਾ ਅੱਜ ਵੀ ਗੁਆਢੀਆ ਨੂੰ ਸੰਸਕਾਰ ਤੋ ਚੰਦ ਮਿੰਟ ਪਹਿਲਾ ਹੀ ਪਤਾ ਚਲਦਾ ਹੈ ।

ਟਰੈਕਟਰ ਦਾ ਖੇਤੀ ਵਿੱਚ ਵੱਡੇਰੇ ਯੋਗਦਾਨ ਹੈ ।1947 ਵਿਚ ਕੇਂਦਰ ਤੇ ਰਾਜਾ ਦੇ ਸਾਝੇ ਖੇਤੀ ਸੰਗਠਨ ਬਣੇ । ਜਿਸ ਅਧੀਨ ਟ੍ਰੈਕਟਰ ਵਰਤਣ ਦੀ ਯੋਜਨਾ ਉਲੀਕੀ । 1951 ਵਿਚ 8500 ,1955 ਵਿੱਚ 20000 ਤੇ 1960 ਵਿੱਚ 37000 ਵਿਦੇਸ਼ਾ ਤੋ ਖਰੀਦੇ । 1961 ਵਿੱਚ ਭਾਰਤ ਦੀਆ ਪੰਜ ਕੰਪਨੀਆ ਆਈਸਰ ,ਗੁਜਰਾਤ ਟ੍ਰੈਕਟਰਜ ,ਟੇਫੈ ,ਇਸਕੋਰਟ ਤੇ ਐਮ ਐਂਡ ਐਮ ਨੇ ਘਰੇਲੂ ਉਤਪਾਦ ਸੁਰੂ ਹੋਇਆ ।ਪਲੇਠੇ ਸੀਜਨ ਵਿੱਚ 880 ਤੇ 1965 ਵਿੱਚ 5000 ਹਜਾਰ ਸਲਾਨਾ ਟ੍ਰੈਕਟਰ ਤਿਆਰ ਕਰਨ ਲੱਗੇ । 70ਵੇ ਵਿੱਚ ਕ੍ਰਿਲੋਸਕਰ ,ਹਰਸਾ ਤੇ ਐਚ.ਐਮ.ਟੀ ਨੇ ਵਿਦੇਸੀ ਕੰਪਨੀਆ ਨਾਲ ਸ਼ਾਂਝ ਪਾ ਕੇ ਵੱਡੇ ਯੂਨਿਟ ਸਥਾਪਤ ਕੀਤੇ । ਭਾਰਤ ਵਿੱਚ ਇਸ ਦੀ ਤਰੱਕੀ ਨੂੰ ਦੇਖਦਿਆ ਅੰਤਰਰਾਸਟਰੀ ਕੰਪਨੀਆ ਜਿਵੇ ਜੋਨ ਧੀਰਾ ,ਫ਼ੋਰਸ ,ਨਿਊ ਹੋਲੈਂਡ ਤੇ ਫੋਰਡ ਨੇ ਵੀ ਆਪਣਾ ਕਾਰੋਬਾਰ ਸੁਰੂ ਕਰ ਦਿੱਤਾ ।ਇਕੱਲੇ ਭਾਰਤ ਨੇ 2013 ਵਿੱਚ 619000 ਟ੍ਰੈਕਟਰ ਤਿਆਰ ਕੀਤੇ ਜੋ ਪੂਰੀ ਦੁਨੀਆ ਦਾ 29 ਪ੍ਰਤੀਸਤ ਬਣਦਾ ਹੈ ।16-17 ਸਾਲ ਦੀ ਘਰੇਲੂ ਉਤਪਾਦ 18.2 ਪ੍ਰਤੀਸਤ ਰਿਹਾ । ਅੱਜ ਮਹਿੰਦਰਾ ਅਤੇ ਮਹਿੰਦਰਾ ਵਰਗੀ ਭਾਰਤੀ ਕੰਪਨੀ ਨੇ ਅਮਰੀਕਾ ਦੀ ਜੌਨ ਧੀਰਾ ਕੰਪਨੀ ਖਰੀਦ ਕੇ ਚੀਨ ,ਨੌਰਥ ਅਮਰੀਕਾ ਤੇ ਅਸਟ੍ਰੇਲੀਆ ਵਰਗੇ ਵਿਦੇਸਾ ਵਿੱਚ ਦੇਸ ਦੀ ਝੰਡਾ ਬੁਲੰਦ ਕੀਤਾ ।ਟ੍ਰੈਕਟਰ ਨਿਰਮਾਤਾ ਐਸੋਸੀਏਸਨ (ਟੀ.ਐਮ.ਏ )ਅਨੁਸਾਰ ਅਪ੍ਰੈਲ 2019 ਤੋ ਮਾਰਚ 2020 ਤੱਕ ਭਾਰਤ ਵਿੱਚ ਕੁਲ 709005 ਵੇਚੇ ਗਏ । ਮੋਜੂਦਾ ਸਮੇ ਭਾਰਤ ਵਿੱਚ 21 ਕੰਪਨੀਆ ਕਾਰਜ ਕਰ ਰਹੀਆ ਹਨ ।

ਇਸ ਦੇ ਵਾਧੇ ਵਿੱਚ ਵੀ ਬੜੇ ਕ੍ਰਾਂਤੀਕਾਰੀ ਬਦਲਾਉ ਆਏ । ਭਾਂਵੇ 1960--61 ਵਿੱਚ ਭਾਰਤ ਵਿੱਚ 1000 ਏਕੜ ਪਿੱਛੇ 7 ਟ੍ਰੈਕਟਰ ਹੀ ਸਨ । ਜਿਹੜੇ 1998-99 ਵਿੱਚ 96 ਹੋ ਗਏ ਤਾਜਾ ਸਥਿਤੀ ਦੇ ਮੁਤਾਬਕ ਅੱਜ ਦੇਸ ਵਿੱਚ 22 ਏਕੜ ਤੇ ਪੰਜਾਬ ਵਿੱਚ ਤਾ 5 ਏਕੜ ਮਗਰ ਇਕ ਟ੍ਰੈਕਟਰ ਮੋਜੂਦ ਹੈ । ਪਰ ਵਿਡੰਬਨਾ ਇਹ ਹੈ ਕਿ ਵਰਤੋ ਸਲਾਨਾ 450 ਘੰਟੇ ਹੀ ਹੁੰਦੀ ਹੈ ਜਦੋ ਕਿ ਖੇਤੀ ਮਾਹਿਰਾ ਦੇ ਮੁਤਾਬਕ ਚੰਗੇ ਨਤੀਜੇ ਵਾਸਤੇ ਇਹ ਘੰਟੇ 1000 ਸਲਾਨਾ ਵਿੱਚ ਤਬਦੀਲ ਕਰਨੇ ਜਰੂਰੀ ਹਨ । ਇਸ ਦੀ ਸਹੂਲਤਾ ਦੱਸ ਕੰਪਨੀਆ ਨੇ ਵੇਚ ਦਰ ਕੇ ਵਧਾ ਦਿੱਤੀ । ਜਿਸ ਸਦਕਾ ਆਮਦਨ ਵਿੱਚ ਜਰੂਰ ਵਾਧਾ ਹੋਇਆ । ਪਰ ਸਾਲ 2000 ਤੋ ਬਾਅਦ ਖੇਤੀ ਜਮੀਨਾ ਦੀ ਵੇਚ ਵੱਟਤ ਤੇ ਸਰਕਾਰੀ ਨੀਤੀਆ ਦੇ ਚਲਦਿਆ ਖੇਤੀ ਹੇਠ ਰਕਬਾ ਘਟਣ ਲੱਗਾ ਤੇ ਪੈਦਾਵਾਰ ਦੀ ਵਧੀ ਕੀਮਤ ਨਾਲ ਆਮ ਜਨਤਾ ਉਪਰ ਮਾਰੂ ਪ੍ਰਭਾਵ ਪਿਆ । ਆਸਮਾਨ ਛੂਹਦੀਆ ਜਮੀਨੀ ਕੀਮਤਾ ਨੇ ਪੰਜਾਬੀਆ ਦੇ ਸੱਭਿਆਚਾਰ ,ਆਰਥਿਕ ਤੇ ਸਮਾਜਿਕ ਤੌਰ ਤੇ ਉਹਨਾ ਦੇ ਜੀਵਨ ਦੀ ਦਸਾ ਤੇ ਦਿਸਾ ਹੀ ਬਦਲ ਦਿੱਤੀ ।1960 ਤੱਕ ਜਿਆਦਾਤਰ ਖੇਤੀ ਬਲਦਾ, ਪ੍ਰੰਗਾਗਤ ਛੰਦਾ ਤੇ ਟਿੰਡਾ ਵਾਲੇ ਖੂਹ ਦੇ ਸਹਾਰੇ ਹੀ ਹੁੰਦੀ । 70-80 ਤੱਕ ਤਾ ਕਿਧਰੇ ਬਲ਼ਦਾ ਤੇ ਰਵਾਇਤੀ ਖੇਤੀ ਸੰਦਾ ਦੇਖਣ ਨੂੰ ਮਿਲ ਹੀ ਜਾਦੇ ਸਨ । ਪਰ 90 ਦੇ ਦਸਕ ਵਿੱਚ ਆ ਕੇ ਤਾ ਇਹ ਅਲੋਪ ਹੀ ਹੋ ਗਏ

- ਰਵਿੰਦਰ ਧਾਲੀਵਾਲ

# ‘ਪੈਰ’ ਏਨਾ ਅਪਵਿੱਤਰ ਅੰਗ ਕਿਉਂ ?

ਸਾਡੇ ਮਨ ਵਿੱਚ ਧਾਰਮਿਕ-ਗਹਿਰੀਆਂ ਦੀਆਂ ਪਰਤਾਂ ਉਹਲੇ ‘ਪੈਰ’ ਅਪਵਿੱਤਰ ਅੰਗ ਹਨ। ਅਸੀਂ ਉਹਨਾਂ ਪੈਰਾਂ ਦੀ ਧੂੜ ਬਨਣਾ ਤਾਂ ਜਰੂਰ ਲੋਚਦੇ ਹਾਂ ਜੋ ਕਿਸੇ ਧਾਰਮਿਕ ਸਥਾਨ ਵੱਲ ਜਾਂਦੇ ਹਨ ਪਰ ਕਿਸੇ ਧਾਰਮਿਕ ਸਥਾਨ ਵੱਲ ਪੈਰ ਕਰਨਾ ਅਸੀਂ ਗਲਤ ਸਮਝਦੇ ਹਾਂ। ਸਾਨੂੰ ਇਹ ਯਕੀਨ ਨਹੀਂ ਬੱਝਾ ਕਿ ਅੱਖਾਂ, ਹੱਥਾਂ, ਕੰਨਾਂ ਅਤੇ ਸਰੀਰ ਦੇ ਹੋਰ ਸਾਰੇ ਅੰਗਾਂ ਵਾਂਗ ਪੈਰ ਵੀ ਸਾਡਾ ਹੀ ਅੰਗ ਹਨ। ਸਰੀਰ ਦੇ ਹੋਰ ਅੰਗਾਂ ਵਾਂਗ ਹੀ ਕੀਮਤੀ ਵੀ। ਕਿਸੇ ਪਵਿੱਤਰ ਗੁਟਕੇ ਜਾਂ ਕਿਤਾਬ ਨਾਲ ਲੱਗੇ ਪੈਰ ਦੀ ਭੁੱਲ ਅਸੀਂ ਕਿਤਾਬ ਨੂੰ ਮੁੜ ਮੱਥੇ ਨਾਲ ਲਾ ਕੇ ਬਖਸਾਉਣ ਦੀ ਕੋਸਿਸ ਕਰਦੇ ਹਾਂ। ਜਿਨ੍ਹਾਂ ਪੈਰਾਂ ਸਹਾਰੇ ਚੱਲ ਕੇ ਅਸੀਂ ਦੁਨੀਆਂ ਦੀਆਂ ਸੈਕੜੇ-ਹਜਾਰਾਂ ਥਾਵਾਂ ਵੇਖਦੇ ਹਾਂ, ਉਹਨਾਂ ਨਿਗਾਵਾਂ ਵਿੱਚ ਹੀ ਪੈਰਾਂ ਦੀ ਅਜੇ ਤੱਕ ਕਦਰ ਨਹੀਂ ਉਪਜੀ। ਲੋਕ ਗੀਤਾਂ ਵਿੱਚ ਪੈਰਾਂ ਨੂੰ ਮੂੰਹ ਤੋਂ ਵੀ ਵੱਧ ਮਹੱਤਤਾ ਦਿੱਤੀ ਜਾਂਦੀ ਸੀ।

“ਪਹਿਲਾਂ ਚੁੰਮਾਂ ਪੈਰ ਤੇਰੇ ਯਾਰ
ਫੇਰ ਤੇਰਾ ਮੁੱਖ ਚੁੰਮਾਂ”



ਜਿਵੇਂ ਕਿ ਮਹਾਨ ਫਿਲਾਸਫਰ ‘ਓਸੋ’ ਦਾ ਕਹਿਣਾ ਹੈ ਕਿ “ਅਸੀਂ ਜਨਣ-ਇੰਦਰੀ ਨੂੰ ਕਦੇ ਵੀ ਆਪਣੇ ਸਰੀਰ ਦਾ ਹਰਮਨ-ਪਿਆਰਾ ਅੰਗ ਨਹੀਂ ਬਣਾਉਂਦੇ। ਅਸੀਂ ਬੁੱਢੇ ਹੋ ਜਾਂਦੇ ਹਾਂ ਪਰ ਓਦੋਂ ਤੱਕ ਵੀ ਸਾਡੇ ਮਨਾਂ ‘ਚ ਜਨਣ-ਇੰਦਰੀ ਬਾਰੇ ਇੱਕ ਫਾਸਲਾ ਇੱਕ ਅਣ-ਖੋਲਿਆ-ਭੇਦ ਬਣਿਆ ਹੀ ਰਹਿੰਦਾ ਹੈ। ਇੱਕ ਬੱਚੇ ਨੂੰ ਅਸੀਂ ਹਮੇਸਾ ਜਨਣ-ਇੰਦਰੀ ਨੂੰ ਸਪਰਸ ਕਰਨੋ ਰੋਕਦੇ ਜਰੂਰ ਹਾਂ ਪਰ ਕਦੇ ਵੀ ਉਸਨੂੰ ਉਸ ਬਾਰੇ ਸਮਝਾਉਂਦੇ ਨਹੀਂ। ਇਸ ਫਾਸਲੇ ਕਰਕੇ ਬੱਚੇ ਤੋਂ ਨੌਜਵਾਨ ਤੱਕ ਅਤੇ ਫਿਰ ਬਜੁਰਗ ਹੋਣ ਤੱਕ ਉਹ ਅਗਿਆਤ ਹੀ ਰਹਿੰਦਾ ਹੈ ਕਿਉਂਕਿ ਅਸੀਂ ਜਨਣ-ਇੰਦਰੀ ਨੂੰ ਸਰੀਰ ਦੇ ਬਾਕੀ ਅੰਗਾਂ ਵਾਂਗ ਕਬੂਲ ਹੀ ਨਹੀਂ ਕਰਦੇ”। ਇਹੀ ਭੇਦ-ਭਾਵ ਅਸੀਂ ਪੈਰਾਂ ਨਾਲ ਵੀ ਕਰਦੇ ਹਾਂ। ਪੈਰੀਂ ਹੱਥ ਲਾ ਕੇ ਨਿਮਰਤਾ ਦਾ ਅਹਿਸਾਸ ਜਗਾਉਣ ਵਾਲਾ ਅੰਗ ਵੀ ਪੈਰ ਹੀ ਹਨ। ਪੈਰਾਂ ਨੂੰ ਵੀ ਬਾਹਾਂ ਵਾਂਗ, ਬਾਹਾਂ ‘ਚ ਲੈਣਾ ਚਾਹੀਦਾ ਹੈ। ਸਾਇਦ ਅਸੀਂ ਕਦੇ ਹੀ ਸੋਚਿਆ ਹੋਵੇ ਕਿ ਸਾਡੇ ਸਰੀਰ ਦੀ ਸੁਰੂਆਤ ਸਿਰ ਤੋਂ ਇਲਾਵਾ ਪੈਰਾਂ ਤੋਂ ਵੀ ਹੁੰਦੀ ਹੈ। ਪੈਰ ਹੀ ਸਾਡੀ ਤੋਰ ਨਿਸਚਿਤ ਕਰਦੇ ਹਨ ਅਤੇ ਤੋਰ ਹੀ ਸਾਡੀ ਸੋਚ ਪ੍ਰਗਟ ਕਰਦੀ ਹੈ। ਪੈਰਾਂ ‘ਚ ਡਿੱਗੀ ਕੋਈ ਚੀਜ ਅਪਵਿੱਤਰ ਹੋ ਜਾਂਦੀ ਹੈ ਕਿਉਂਕਿ ਸਾਡੇ ਲਈ ਪੈਰ ਹੀ ਅਪਵਿੱਤਰ ਚੀਜ ਹਨ। ਪਰ ਕੁਦਰਤ ਦਾ ਕਣ-ਕਣ ਘਟ-ਘਟ ਇੱਕੋ ਜਿਹੀ ਚੀਜ ਹੈ। ਕੁਦਰਤ ਦਾ ਕਿਸੇ ਪਾਸੇ ਸਿਰ ਨਹੀਂ ਅਤੇ ਕਿਸੇ ਪਾਸੇ ਪੈਰ ਨਹੀਂ। ਇਸੇ ਤਰ੍ਹਾਂ ਸਾਡੇ ਪੈਰਾਂ ‘ਚ ਡਿੱਗੀ ਚੀਜ ਕੁਦਰਤ ਦੇ ਕਣ ‘ਚ ਡਿੱਗੀ ਹੈ। ਕੁਦਰਤ ਦਾ ਕੋਈ ਵੀ ਕਣ ਅਪਵਿੱਤਰ ਕਿਵੇਂ ਹੋ ਸਕਦਾ ਹੈ ? ਸਵੇਰੇ ਨੰਗੇ ਪੈਰ ਗਿੱਲੇ ਘਾਹ ‘ਤੇ ਸੈਰ ਕਰਨਾ ਸਾਡੇ ਸਰੀਰ ਦੀਆਂ ਕਿੰਨੀਆਂ ਬਿਮਾਰੀਆਂ ਦਾ ਖਾਤਮਾਂ ਕਰਦਾ ਹੈ। ਖੜ੍ਹੇ ਅਤੇ ਅੜੇ ਪੈਰ ਸਥਿਰ ਜਜਬੇ ਦੀ ਨਿਸਾਨੀ ਹੁੰਦੇ ਹਨ। ਕੋਈ ਵੀ ਬਲੀਦਾਨ ਜਾਂ ਕੁਰਬਾਨੀ ਅੜੇ ਪੈਰ ਅਤੇ ਸਥਿਰ ਜਜਬੇ ਬਿਨ੍ਹਾਂ ਨਹੀਂ ਹੋ ਸਕਦੀ। ਓਹੀ ਪੈਰ ਕਿਸੇ ਬਚਨ, ਇਰਾਦੇ, ਮੰਜਲਿ ਲਈ ਬਚਨ-ਬੱਧ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਸਾਰੇ ਧਰਮ, ਸਾਰੇ ਗ੍ਰੰਥ ਚਰਨੀ ਲੱਗਣ ਨੂੰ ਉੱਚਿਤ ਮੰਨਦੇ ਹਨ ਪਰ ਏਨੇ ਧਰਮ, ਏਨੇ ਗ੍ਰੰਥਾਂ ਬਾਵਜੂਦ ਅਸੀਂ ਚਰਨਾਂ ਨੂੰ ਅਪਵਿੱਤਰ ਹੀ ਮੰਨਦੇ ਹਾਂ। ਪੰਜਾਬੀਆਂ ਦੇ ਸੁਭਾਅ ‘ਚ ਪੈਰ ਅੜਾ ਕੇ ਕਿਸੇ ਬਚਨ ‘ਤੇ ਖਰਾ-ਉਤਰਨਾ ਅਤੇ ਪੰਜਾਬੀਆਂ ਦੀ ਮੜਕ ਨੂੰ ਦਰਸਾਉਂਦੀਆਂ ਕਈ ਕਹਾਵਤਾ ਹਨ ਜਿਵੇਂ ਕਿ :-

“ਤੁਰਨਾ ਮੜਕ ਦੇ ਨਾਲ
ਦੋ ਪੈਰ ਘੱਟ ਤੁਰਨਾ।”

ਜਾਂ

“ਸਾਡੇ ਤਾਂਗੇ ਨੇ ਮੜਕ ਨਾਲ ਤੁਰਨਾ
ਜੇ ਕਾਹਲੀ ਏ ਤਾਂ ਰੇਲ ਚੜਜਾ।”

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪੈਰ ਸਾਡੇ ਸਰੀਰ ਦਾ ਅੱਤ ਜਰੂਰੀ ਅਤੇ ਅੱਤ ਨੇੜਲਾ ਅੰਗ ਹਨ। ਇਸਨੂੰ ਨਫਰਤ ਜਾਂ ਪਵਿੱਤਰ/ਅਪਵਿੱਤਰ ਦੀਆਂ ਪੁਰਾਣੀਆਂ ਐਨਕਾਂ ਲਾ ਕੇ ਨਹੀਂ ਦੇਖਿਆ ਜਾਣਾ ਚਾਹੀਦਾ। ਇਹੀ ਸਮਝਣਾ ਚਾਹੀਦਾ ਹੈ ਕਿ ਪੈਰਾਂ ਨਾਲ ਲੱਗੀ ਜਾਂ ਪੈਰਾਂ ‘ਚ ਡਿੱਗੀ ਕੋਈ ਵੀ ਚੀਜ ਅਪਵਿੱਤਰ ਨਹੀਂ ਹੋ ਜਾਂਦੀ।

ਕੁਲਦੀਪ ਨਿਆਜ
‘ਨੰਗਲਾ’ (ਸੰਗਰੂਰ)
ਮੋ: 99143-63437

# ਪ੍ਰੀਤ ਫੁਲਵਾੜੀ

## ਚਰਖ਼ੇ ਦੀਆਂ ਤੰਦਾਂ

ਸਖ਼ੀਏ ਸਹੇਲੀਏ ਨੀਂ
ਅੰਮੀਂ ਵਾਲੀ ਲੋਰੀਏ ਨੀਂ..
ਪੱਲ ਭਰ ਰਹਿਣਾ ਅਸਾਂ
ਕਰ ਸ਼ਗਨ ,ਵਿਹਾਰ ਲੈ..
ਬੈਠ ਆ ਤ੍ਰਿੰਝਣਾਂ 'ਚ
ਚਰਖ਼ੇ ਦੀ ਸਾਰ ਲੈ ॥
ਸੋਹਭਦੀਆਂ ਨੱਥ ,ਟੂੰਮਾਂ..
ਕੰਨਾਂ ਵਿੱਚ ਬਾਲੀਆਂ..
ਅੰਬਰੀਂ ਚੜ੍ਹਾ ਲੈ ਕੁੜੇ
ਪੀਘਾਂ ਤੀਆਂ ਵਾਲੀਆਂ...
ਦਰੀਆਂ ਤੇ ਖੇਸਾਂ ਨੂੰ
ਬੰਬਲ ਤੂੰ ਮਾਰ ਲੈ..
ਸਖ਼ੀਏ ਸਹੇਲੀਏ ਨੀਂ,
ਬੈਠ ਆ ਤ੍ਰਿੰਝਣਾਂ 'ਚ
ਚਰਖ਼ੇ ਦੀ ਸਾਰ ਲੈ ॥
ਸੋਭਦੇ ਸੁਹਾਵਦੇ ਨੀਂ
ਰੰਗ ਗੂੜ੍ਹੇ ਮਹਿੰਦੀ ਦੇ..
ਚਾਵੀਂ ਚਾਵੀਂ ਆਈ ਪੇਕੇ
ਮਿੱਟੀਆਂ ਦੀ ਰੁੱਤ ਮਹਿਕੇ..
ਬੋਹੜਾਂ ਵਾਲੀ ਛਾਂਵ ਹੇਠਾਂ
ਲੁੱਢੀਆਂ,ਤੇ ਕਿੱਕਲੀਆਂ..
ਕੋਟਲਾ -ਛਪਾਕੀ ਮੇਲੇ
ਗੀਤ ਸੁਣ ਰੇਤਿਆਂ ਦੇ,
ਉੱਡਦੇ ਜੋ ਸ਼ਾਹ ਵੇਲੇ
ਸਖ਼ੀਏ ਸਹੇਲੀਏ ਨੀਂ..!
ਅੰਮੀਂ ਵਾਲੀ ਲੋਰੀਏ ਨੀਂ,,
ਬੈਠ ਆ ਤ੍ਰਿੰਝਣਾਂ 'ਚ
ਵਿਰਸਾ ਪੰਜਾਬੀ ,ਗਹਿਣੇ
ਵਾਹ.! ਤੇਰੇ ਕਿਆ ਕਹਿਣੇ...
ਕਿੱਥੇ ਗਿਆ ਪੰਜਾਬ ਉਹ..?
ਰੁਲਿਆ ਗੁਆਚਿਆ ਨੀਂ ..?
ਲੱਭ ਕੇ ਲਿਆਈਏ ਨੀਂ
ਔਹ ਦੇਖ.! ਪੰਜਾਬ ਪਿਆ
ਰੋਂਵਦਾ ਕੁਰਲਾਉਂਦਾਂ ਨੀਂ
ਵਾਰ ਇਹਤੋਂ ਮਿਰਚਾਂ
ਇਹਦੀ ਨਜਰ ਉਤਾਰ ਲੈ,
ਸਖੀਏ ਸਹੇਲੀਏ ਨੀਂ..!
ਬੈਠ ਆ ਤ੍ਰਿੰਝਣਾਂ 'ਚ
ਚਰਖ਼ੇ ਦੀ ਸਾਰ ਲੈ ॥

**ਲਿਖਤਮੁ-: ਪ੍ਰਭਜੋਤ ਸਿੰਘ**
89309-36038

## ਜਜਬੇ ਠਾਠਾਂ ਮਾਰਦੇ

ਇੱਥੇ ਜਜ਼ਬੇ ਠਾਠਾਂ ਮਰਦੇ
ਹੱਕਾਂ ਨੂੰ ਚੜ ਦੀ ਲੋਰ,
ਇਹ ਨਾਲ ਜਮੀਰਾਂ ਜਾਗਦੇ ,
ਤੇ ਜਜਬੇ ਖਿੱਚਦੇ ਡੋਰ।
ਇਹ ਡਰਦੇ ਨਾ ਹੁਣ ਹਾਕਮ,
ਜਿਤਾਂ ਦੀ ਲੱਗ ਗਈ ਤੋੜ।
ਫਿਰਦੇ ਲੰਗਰ ਵੰਡ ਦੇ,
ਸਭ ਆਪਣੇ ਨਾ ਕੋਈ ਹੋਰ,
ਨਾ ਕਾਹੂ ਸੇ ਦੋਸਤੀ,
ਤੇ ਨਾ ਕਾਹੂ ਸੇ ਬੈਰ।
ਸਭ ਇਕੋ ਰਾਹੇ ਹੋ ਤੁਰੇ,
ਸਭ ਦੀ ਮੰਗਦੇ ਖੈਰ,
ਨਾਹਰੇ ਨੇ ਹੁਣ ਗੂੰਜਦੇ,
ਪਿੱਛੇ ਨਾ ਮੁੜ ਦੇ ਪੈਰ।
ਤੇਰੀ ਹਿੱਕਤੇ ਬਹਿ ਗਏ ਹਾਕਮਾਂ,
ਹੁਣ ਤੇਰੀ ਨੀ ਖੈਰ।
ਸੜਕਾਂ ਤੇ ਫਿਰਦੇ ਬੁੱਕਦੇ,
ਤੂੰ ਸਕਦਾ ਨੀ ਹੁਣ ਮੋੜ।
ਤੂੰ ਸਕਦਾ ਨੀ ਹੁਣ ਮੋੜ
ਵੇਲੀਆਂ,
ਸਕਦਾ ਨੀ ਹੁਣ ਮੋੜ।

**(ਸਿਕੰਦਰ ਸਿੰਘ ਸਿੱਧੂ)**

## *ਅਜੋਕਾ ਦੌਰ*

ਚਮੜੀ ਦੇ ਬਿਸ਼ਤਰ ਤੇ
ਆਰਾਮ ਫਰਮਾਅ ਰਹੇ ਨੇ ਲੋਕ
ਪਾਣੀ ਦੀ ਜਗਾਂ ਖੂਨ ਤੇ
ਅੰਨ ਦੀ ਜਗਾਂ ਮਾਸ ਖਾ ਰਹੇ ਨੇ ਲੋਕ
ਬੋਲਾਂ ਦੀ ਜਗਾਂ ਅੰਗਾਰ
ਤੇ ਫੁੱਲਾਂ ਦੀ ਜਗਾਂ ਹਥਿਆਰ ਨੇ
ਕਿਸੇ ਦੇ ਕੁਝ ਹੋਕੇ
ਕੁਝ ਹੋਰ ਕਹਾ ਰਹੇ ਨੇ ਲੋਕ
ਬਹੋ ਤਰਾਂ ਵੀ ਰਾਤ ਨੂੰ
ਅਕਸ਼ਰ ਵਿਕ
ਜਾਂਦੀਆਂ ਨੇ ਰੂਹਾਂ
ਲੁਕ-ਲੁਕ ਕੇ,ਵੱਧ-ਚੜ ਕੇ
ਦਾਅ ਤੇ ਦਾਅ ਲਾ ਰਹੇ ਨੇ ਲੋਕ
ਬਣ ਰਹੇ ਨੇ ਰਿਸ਼ਤੇ
ਜਿਸ਼ਮਾਂ ਤੋਂ ਜਿਸ਼ਮਾ ਦੇ ਤੀਕ
ਮਖੋਟੇ ਤੇ ਮਖੋਟੇ ਪਹਿਨ
ਨਾਟਕ ਦੇ ਰਾਹ ਜਾ ਰਹੇ ਨੇ ਲੋਕ
ਗਲਤ ਕਿੰਨਾ,ਸਹੀ ਕਿੰਨਾ
ਕੌਣ ਸਮਝੇ,ਕੌਣ ਸੋਚੇ
ਪਰ ਮੈਨੂੰ ਸਭ ਅਪਣੀ-ਅਪਣੀ ਜਗਾਂ
ਅਪਣੇ ਹਿਸਾਬ ਨਾਲ ਅਜਮਾਅ
ਰਹੇ ਨੇ ਲੋਕ
ਪਾਣੀ ਦੀ ਜਗਾਂ ਖੂਨ
ਤੇ ਅੰਨ ਦੀ ਜਗਾਂ ਮਾਸ ਖਾ ਰਹੇ ਨੇ ਲੋਕ

**ਬਲਕਾਰ ਬਮਾਨੀ**
ਮੋ: 9779368823

## ਹਰਿਆਣੇ ਦੀਆਂ ਤਸਵੀਰਾਂ

ਲੀਡਰ ਹੁਣ ਤੱਕ ਕਹਿੰਦੇ ਆਏ
ਕਿ ਤਕਦੀਰਾਂ ਬੋਲਦੀਆਂ ।
ਐਪਰ ਰੁਲ਼ਦੂ ਦਾ ਇਹ ਕਹਿਣਾ
ਕਿ ਤਦਬੀਰਾਂ ਬੋਲਦੀਆਂ ।
ਕੱਲ੍ਹ ਹਰਿਆਣੇ ਵਿੱਚ ਵੀ
ਸਾਬਤ ਕਰ 'ਤਾ ਲੋਕਾਂ ਨੇ ;
ਕੀ ਹੈ ਲੋਕ-ਏਕਤਾ ਹੁੰਦੀ
ਇਹ ਤਸਵੀਰਾਂ ਬੋਲਦੀਆਂ ।

**ਰੁਲ਼ਦੂ ਬੱਕਰੀਆਂ ਵਾਲ਼ਾ .**
**ਰੰਚਣਾਂ ( ਪੰਜਾਬ )**

## ਅੱਜ ਲੱਗ ਗਿਆ ਪਤਾ ਮੁੱਲ ਕੀ ਕਿਸਾਨ ਦਾ

ਹੁੰਦਾ ਦਾਨਾ ਪਾਣੀ ਸਭ ਕੁੱਝ ਮੰਨਣਾ ਪਊ;
ਸਾਫ ਹਵਾ, ਸਾਫ ਪਾਣੀ ਵੱਡਾ ਧੰਨ ਮੰਨਣਾ ਪਊ;
ਜਾਗ ਰਾਤਾਂ ਨੂੰ ਤੇ ਤਿੱਖੀਆਂ ਧੁੱਪਾਂ ਦੇ ਵਿੱਚ ਕਮਾ ਹੁੰਦਾ ਦੁੱਖ ਬੜਾ, ਮੁੱਲ ਮਿਲੇ ਨਾ ਸਮਾਨ ਦਾ;
ਜਨਤਾ ਜੋ ਕੋਡੀ ਮੁੱਲ ਨਾ ਸੀ ਪਾਉਂਦੀ , ਅੱਜ ਲੱਗ ਗਿਆ ਪਤਾ ਮੁੱਲ ਕੀ ਕਿਸਾਨ ਦਾ;
ਮਿੱਟੀ ਵਿੱਚ ਹੋ ਕੇ ਮਿੱਟੀ, ਭਰੀ ਜਾਂਦਾ ਜੋ ਭੰਡਾਰ ਸੀ;
ਜਿਹਦੇ ਸਿਰ ਉਤੋਂ ਲਾਲਿਆਂ ਦੇ ਚੱਲਦੇ ਵਪਾਰ ਸੀ;
ਉੱਡ ਗਿਆ ਰੰਗ ਨਾ ਆਈ ਖੀਰੇਆ ਦੀ ਪੰਡ , ਕਰੇਲਿਆਂ ਦਾ ਜੂਸ ਨਾ ਮਿਲੇ ਸੈਲਡ ਵੀ ਖਾਣ ਦਾ;
ਜਨਤਾ ਜੋ ਕੋਡੀ ਮੁੱਲ ਨਾ ਸੀ ਪਾਉਂਦੀ , ਅੱਜ ਲੱਗ ਗਿਆ ਪਤਾ ਮੁੱਲ ਕੀ ਕਿਸਾਨ ਦਾ;
ਚਾਰ ਸਾਲਾਂ ਵਿੱਚ ਵਾਈਟ ਹੋਈ ਨਾ ਬਲੈਕ ਮਨੀ , ਦੋ ਦਿਨਾਂ ਵਿੱਚ ਵਾਈਟ ਦੁੱਧ ਵੀ ਬਲੈਕ ਹੋ ਗਿਆ;
ਜਾਗ ਗਏ ਕਿਸਾਨ ਹੋ ਗਿਆ ਏ ਏਕਾ , ਖੜਕਾਉਣ ਲਈ ਕੂੰਡੀ ਸਾਹੂਕਾਰਾਂ ਦੀ ਹੁਣ ਟੈਟ ਹੋ ਗਿਆ;
ਹੱਥ ਜੋੜ ਪਹਿਲਾਂ ਕਿਸੇ ਮੰਨੀ ਨਾਂ ਮਿੰਨਤ, ਹੁਣ ਵੱਡਾ ਹੋ ਗਿਆ ਅਸਰ ਛੋਟੇ ਜਿਹੇ ਫੁਰਮਾਨ ਦਾ;
ਜਨਤਾ ਜੋ ਕੋਡੀ ਮੁੱਲ ਨਾ ਸੀ ਪਾਉਂਦੀ , ਅੱਜ ਲੱਗ ਗਿਆ ਪਤਾ ਮੁੱਲ ਕੀ ਕਿਸਾਨ ਦਾ;
ਨਿੱਤ ਕਈ ਚੜ੍ਹਦੇ ਸੀ ਫਾਏ ਗੱਲ ਆਮ ਹੋ ਗਈ ਸੀ;
ਕੰਨ ਉੱਤੇ ਸਰਕੀ ਨਾ ਜੂੰਅ, ਸਾਡੀ ਸਸਤੀ ਜੀ ਜਾਨ ਜੋ ਗਈ ਸੀ;
ਰੱਬ ਦੇ ਝੱਖੜਾਂ ਨੂੰ ਇਹ ਜਰ ਲੈਂਦੇ ਸੀਂ, ਤੁਸੀਂ ਕਿਵੇਂ ਲੱਭਣਾ ਏ ਹੱਲ ਇਸ ਝੱਖੜ ਤੂਫਾਨ ਦਾ;
ਜਨਤਾ ਜੋ ਕੋਡੀ ਮੁੱਲ ਨਾ ਸੀ ਪਾਉਂਦੀ , ਅੱਜ ਲੱਗ ਗਿਆ ਪਤਾ ਮੁੱਲ ਕੀ ਕਿਸਾਨ ਦਾ;
ਦਿਨੋਂ ਦਿਨੀਂ ਜਾਵੇ ਘੱਟਦਾ ਏ ਪਾਣੀ;
ਰੱਚਦਾ ਹੈ ਜਾਵੇ ਨਵੀ ਹੀ ਕਹਾਣੀ;
ਖੂਹਾਂ ਤੋਂ ਡੂੰਘੇ ਬੋਰ ਹੋ ਗਏ;
ਕਨਾਲਾਂ ਤੋਂ ਤਿੰਨ ਇੰਚੀ ਦੇ ਬੋਰ ਹੋ ਗਏ;
ਚੱਲਦੀ ਦੁਨੀਆਂ ਹੈ ਆਪਣੇ ਹੀ ਰਾਹੀਂ, ਰਾਹ ਦੂਜੇ ਦਾ ਨਾ ਕੋਈ ਜਾਣ ਦਾ;
ਜਨਤਾ ਜੋ ਕੋਡੀ ਮੁੱਲ ਨਾ ਸੀ ਪਾਉਂਦੀ , ਅੱਜ ਲੱਗ ਗਿਆ ਪਤਾ ਮੁੱਲ ਕੀ ਕਿਸਾਨ ਦਾ;

**ਮਨਿੰਦਰ ਸਿੰਘ ਘੜਾਮਾਂ**
9779390233

## ਸੱਭ ਨੂੰ ਨਵਾਂ ਸਾਲ ਮੁਬਾਰਕ

ਸੱਭ ਨੂੰ ਨਵਾਂ ਸਾਲ ਮੁਬਾਰਕ !!
ਕੁੱਝ ਆਣ ਜੁੜ ਗਏ ਸਾਥ ਮੁਬਾਰਕ
ਆਏ ਗਏ ਰਾਹੀਆਂ ਨੂੰ ਰਾਹ ਮੁਬਾਰਕ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਦੋਸਤਾਂ ਨੂੰ , ਯਾਰਾਂ ਨੂੰ
ਭਰਾਵਾਂ ਨੂੰ , ਭੈਣਾਂ ਨੂੰ
ਸਖੀਆਂ ਸਹੇਲੀਆਂ ਨੂੰ
ਚੰਗੇ ਮਾੜੇ ਬੇਲੀਆਂ ਨੂੰ !
ਮਾਸੀਆਂ ਫੂਫੀਆਂ ਨੂੰ
ਤਾਈਆਂ ਚਾਚੀਆਂ ਨੂੰ
ਦੇਸੀਆਂ ਪਰਦੇਸੀਆਂ ਨੂੰ
ਫੂਫਾ ਤਾਏ ਚਾਚੇ ਮਾਮਿਆਂ ਨੂੰ
ਗੁੱਸੇ ਤੇ ਮੰਨੇ ਪਰਵਾਨਿਆਂ ਨੂੰ
ਸਾਲੀਆਂ ਨਣਦਾਂ ਭਰਜਾਈਆਂ ਨੂੰ
ਖੁੱਸੇ ਤੇ ਰਹਿੰਦੇ ਯਾਰਾਨਿਆਂ ਨੂੰ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਪਰਦੇਸੀਆਂ ਨੂੰ ਨਿੱਘਾ ਪਿਆਰ ਮੁਬਾਰਕ
ਜੋਤ ਖੁਸੀਆਂ ਖੇੜੇ ਹਰਸ ਮੁਬਾਰਕ
ਪਿਆਰੀ ਜਿਹੀ ਪਿਆਰਿਓ ਸਲਾਮ ਮੁਬਾਰਕ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਘਰ ਨਵੇਲੇ ਮਹਿਮਾਨ ਮੁਬਾਰਕ
ਮੁੱਕਦੇ ਨਾਤਿਆਂ ਨੂੰ ਜਾਨ ਮੁਬਾਰਕ
ਮਾਪਿਆਂ ਨੂੰ ਨੇਕ ਔਲਾਦ ਮੁਬਾਰਕ
ਵਸਣ ਇਜਤਾਂ ਸੋਹਾਗ ਮੁਬਾਰਕ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਮਿਹਨਤਾਂ ਨੂੰ ਕਾਮਯਾਬੀ ਮੁਬਾਰਕ
ਕਾਮਯਾਬ ਨੂੰ ਤਖਤ ਮੁਬਾਰਕ
ਤਖਤਾਂ ਨੂੰ ਸਬਰ ਸੰਤੋਖ ਮੁਬਾਰਕ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਨਾਕਾਮ ਨੂੰ ਉਮੀਦ ਮੁਬਾਰਕ
ਮਹਿਲਾਂ ਵਾਲਿਓ ਰਾਜ ਮੁਬਾਰਕ
ਗਰੀਬੀਏ ਇਜਤ ਲਾਜ ਮੁਬਾਰਕ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਤੁਰ ਗਿਉਂ ਅਲਵਿਦਾ ਆਖਿਰ
ਭਰਨ ਕਮੀਆਂ ਦੁਆ ਮੁਬਾਰਕ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਨਵੇਲੀ ਸਵੇਰ ਦੀ ਸੌਗਾਤ ਮੁਬਾਰਕ
ਨਵੀਆਂ ਰੀਜਾਂ ਚਾਅ ਮੁਬਾਰਕ
ਦਲੀਦਰ ਵਾਲਿਓ ਇਸਰ ਮੁਬਾਰਕ
ਸੱਭ ਨੂੰ ਨਵਾਂ ਸਾਲ ਮੁਬਾਰਕ !!
ਸਿੱਖ , ਮੁਸਲਮਾਨ , ਹਿੰਦੂ , ਈਸਾਈ ਭਾਈਚਾਰੇ
ਸੱਭ ਨੂੰ ਜੋਤ ਦੀ ਫਤਿਹ ਮੁਬਾਰਕ !!
ਵਾਹਿਗੁਰੂ ਜੀ ਦਾ ਖਾਲਸਾ
ਵਾਹਿਗੁਰੂ ਜੀ ਦੀ ਫਤਿਹ !!

**ਮਨਜੋਤ ਕੌਰ ਸਹੋਤਾ**
+ 1-4375229820

## ਦਰਦ ਕਿਸਾਨਾਂ ਦਾ

ਸੁਣਦਾ ਕਿਉਂ ਨੀ ਹਾਕਮਾਂ
ਵੇ ਤੂੰ ਦਰਦ ਕਿਸਾਨਾਂ ਦਾ ?
ਗਲਾ ਘੁੱਟਦਾ ਜਾਂਦਾ ਨਿੱਤ
ਸਾਡੇ ਅਰਮਾਨਾਂ ਦਾ,
ਰਵੱਈਆ ਕਿਉਂ ਅਪਣਾ ਲਿਆ
ਤੂੰ ਅਫ਼ਗਾਨਾਂ ਦਾ ?
ਕਿਉਂ ਆਉਂਦਾ ਨਹੀਂ ਤਰਸ
ਤੈਨੂੰ ਬਲਦੇ ਸ਼ਮਸ਼ਾਨਾਂ ਦਾ ?
ਸੁਣਦਾ ਕਿਉਂ ਨਹੀਂ ਹਾਕਮਾਂ
ਵੇ ਤੂੰ ਦਰਦ ਕਿਸਾਨਾਂ ਦਾ ?

ਤਨ ਸਾਡੇ ਨੂੰ ਪਿੰਜਿਆ
ਇੱਥੇ ਵੱਡੇ ਹਾਕਮਾਂ ਨੇ,
ਹੱਕ ਮਾਰ ਕੇ ਦਿੱਤੀਆਂ
ਕਈ ਵੱਡੀਆਂ ਦਾਅਵਤਾਂ ਨੇ,
ਏਹੋ ਜੇ ਲੋਕਤੰਤਰ ਉੱਤੇ
ਲੱਖ ਲਾਹਨਤਾਂ ਨੇ,
ਸੰਸਦ ਵੀ ਤਾਂ ਜਾਪੇ ਟੋਲਾ
ਬੇ-ਇਮਾਨਾਂ ਦਾ,
ਸੁਣਦਾ ਕਿਉਂ ਨਹੀਂ ਹਾਕਮਾਂ
ਵੇ ਤੂੰ ਦਰਦ ਕਿਸਾਨਾਂ ਦਾ ?

ਰੱਤ ਆਪਣੀ ਨੂੰ ਨਿੱਤ ਨਲ
ਦੇ ਵਾਂਗ ਗੇੜਦੇ ਹਾਂ,
ਲੱਖ ਪੈਵਣ ਸੋਕੇ ਨਾ ਕਦੇ
ਬੂਹੇ ਭੇੜਦੇ ਹਾਂ,
ਦਾਣੇ ਅੰਨ ਦੇ ਘਰ-ਘਰ
ਘਰ-ਘਰ ਵਿੱਚ ਕੇਰਦੇ ਹਾਂ,
ਫਕਿਰ ਵੱਢ-ਵੱਢ ਖਾਂਦਾ
ਸਾਨੂੰ ਫਸਲ-ਰਕਾਨਾਂ ਦਾ,
ਸੁਣਦਾ ਕਿਉਂ ਨੀ ਹਾਕਮਾਂ
ਵੇ ਤੂੰ ਦਰਦ ਕਿਸਾਨਾਂ ਦਾ ?

ਤੇਰਾਂ-ਤੇਰਾਂ ਵਾਲੀ ਸਾਨੂੰ
ਤੱਕੜੀ ਚੇਤੇ ਹੈ,
ਮੀਆਂ-ਮੀਰ ਨਾਲ ਸਾਂਝ
ਵਾਲੀ ਗਲਵੱਕੜੀ ਚੇਤੇ ਹੈ,
ਦਰੋਪਦੀ,ਸ੍ਰੀ ਕ੍ਰਿਸਨ ਵਾਲੀ
ਰੱਖੜੀ ਚੇਤੇ ਹੈ,
ਬੁਰਾ ਹੁੰਦਾ ਅੰਤ ਸਦਾ
ਹੰਕਾਰ ਗੁਮਾਨਾਂ ਦਾ,
ਸੁਣਦਾ ਕਿਉਂ ਨਹੀਂ ਹਾਕਮਾਂ
ਵੇ ਤੂੰ ਦਰਦ ਕਿਸਾਨਾਂ ਦਾ ?

ਵੰਗਾਰ ਨਹੀਂ ਕੋਈ ਏ ਤਾਂ
ਮਹਿਜ ਅਰਜ਼ੋਈ ਏ,
ਇੱਜ਼ਤਾਂ ਨੂੰ ਤਾਂ ਕੱਜਦੀ
ਕੇਸਾਂ ਦੀ ਲੋਈ ਏ,
ਦਰਦ ਜਾਣੇ ਜੋ ਜਨਤਾ
ਦਾ ਸੱਚ-ਸ਼ਾਸ਼ਕ ਸੋਈ ਏ,
'ਗੁਲਾਫਸਾ' ਆਖੇ ਝਗੜਾ ਨਹੀਂ
ਇਹ ਤਰਕਸ਼-ਮਿਆਨਾਂ ਦਾ,
ਸੁਣਦਾ ਕਿਉਂ ਨਹੀਂ ਹਾਕਮਾਂ
ਵੇ ਤੂੰ ਦਰਦ ਕਿਸਾਨਾਂ ਦਾ ?

**ਗੁਲਾਫਸਾ ਬੇਗਮ**
**ਸੁਨਾਮ (ਸੰਗਰੂਰ )**

## ਸੋਚ ਲਿਆ ਕਿਰਸਾਨਾਂ ਨੇ (ਗੀਤ)

ਅਪਣੀ ਪਗੜੀ ਸਾਂਭਣ ਲਈ
ਬਰਤਾਨਵੀ ਜ਼ੁਲਮ ਸਹੇ ਸੀ ਬੜੇ ।
ਵਾਟਰ ਵਾਰ ਦੋਹਰਾਵੀਂ ਨਾ ਤੂੰ
ਵਾਂਗ ਬੋਲਵੀਆ ਹਾਕਮ ਦੇ ।
ਆਣ ਕੜੀਕੀ ਵਿੱਚ ਫਸੀਆਂ
ਹੁਣ ਮੋਦੀ-ਸ਼ਾਹ ਦੀਆਂ ਜਾਨਾਂ ਨੇ ।
ਜਿੱਤਣਾ ਹੈ ਜਾਂ ਮਰਨਾ ਹੈ
ਬਸ ਸੋਚ ਲਿਆ ਕਿਰਸਾਨਾਂ ਨੇ ।
ਦਿੱਲੀ ਦੀ ਹਿੱਕ ਉੱਤੇ ਜਿਨ੍ਹਾਂ ਨੇ
ਕਛੈਹਿਰੇ ਸੁੱਕਣੇ ਪਾਏ ਨੇ ।
ਇਹ ਬਾਬੇ ਕੋਈ ਆਮ ਨਹੀਂ
ਸੋਹਣ ਸਿੰਘ ਭਕਨੇ ਆਏ ਨੇ ।
ਹਾਕਮ ਤੈਨੂੰ ਥਾਂ ਨੀਂ ਦੇਣੀ
ਭਾਰਤ ਵਿੱਚ ਸ਼ਮਸ਼ਾਨਾਂ ਨੇ
ਜਿੱਤਣਾ ਹੈ ਜਾਂ ਮਰਨਾ ਹੈ
ਬਸ ਸੋਚ ਲਿਆ ਕਿਰਸਾਨਾਂ ਨੇ ।
ਹਰਿਆਣਾ ਇਬ ਜਾਣ ਗਯਾ ਯੋ
ਤੇਰੀ ਚਾਲ ਕਸੂਤੀ ਸੈ।
ਕਿਸਾਨ ਏਕਤਾ ਕੀ ਦੁਨੀਆਂ ਮੈਂ
ਬਾਜ ਰਹੀ ਇਬ ਤੂਤੀ ਸੈ।
ਛੇੜ ਲਿਯੋ ਨਾ ਕੁਰੂਕਸ਼ੇਤਰ
ਮਹਾਭਾਰਤ ਕੇ ਫੁਰਮਾਨਾਂ ਨੈਂ
ਜੀਂਤਾਂਗੇ ਯਾ ਮਰਾਂਗੇ ਬਸ ਯੋ
ਸੋਚ ਲੀ ਇਬ ਕਿਰਸਾਨਾਂ ਨੈਂ।
ਸੋਨੇ ਵਾਂਗੂ ਤਪੱ ਤਪੱ ਕੇ ਫਿਰ
ਬਣ ਜਾਣੈਂ ਕੋਹਿਨੂਰ ਅਸੀਂ ।
ਜਿਨ੍ਹਾਂ ਮਰਜ਼ੀ ਅੜਲੈ ਤੇਰਾ
ਤੋੜ ਦੇਣਾ ਹੈ ਗਰੂਰ ਅਸੀਂ ।
ਕਰ ਦਿੰਦੇ ਇੱਕ ਪਾਸੇ ਸਾਨੂੰ
ਰੋਕ ਲਿਆ ਕਿਰਪਾਨਾਂ ਨੇ,
ਜਿੱਤਣਾ ਹੈ ਜਾਂ ਮਰਨਾ ਹੈ
ਬਸ ਸੋਚ ਲਿਆ ਕਿਰਸਾਨਾਂ ਨੇ ।
ਠੰਢੀਆਂ ਰੁਤਾਂ ਦੇ ਵਿੱਚ ਸਾਨੂੰ
ਨੱਕਾ ਛਡੱਣਾਂ ਆਉਂਦਾ ਹੈ ।
ਨਿੱਘ, ਗੁਜਰੀ ਦੇ ਜਾਇਆਂ ਨੂੰ
ਠੰਡੇ ਬੁਰਜਾਂ ਤੋਂ ਆਉਂਦਾ ਹੈ ।
ਸਾਡੀ ਅਣਖ ਜਗਾਈ ਸੋਹਲ
ਹੁਣ ਸਾਡੇ ਅਰਮਾਨਾਂ ਨੇ।
ਜਿੱਤਣਾ ਹੈ ਜਾਂ ਮਰਨਾ ਹੈ
ਬਸ ਸੋਚ ਲਿਆ ਕਿਰਸਾਨਾਂ ਨੇ ।

**ਸੋਹਲ ਹਰਿੰਦਰ ਸਿੰਘ** 9876296979

## ਕਿਸਾਨੀ ਝੰਡੇ

ਦੇਸ਼ ਸਾਡੇ ਦੇ ਲੀਡਰਾਂ ਕੀ ਹਾਲ ਦੇਸ਼ ਦਾ ਕਰਿਆ
ਅੰਨਦਾਤਾ ਦੇਸ਼ ਦਾ ਰੁਲ ਸੜਕਾਂ ਉਤੇ ਮਰਿਆ
ਇਨ੍ਹਾਂ ਦੇ ਹੀ ਬੀਜੇ ਅੱਜ ਚੁਗ ਰਹੇ ਹਾਂ ਕੰਡੇ
ਹਰ ਪਾਸੇ ਲਹਿਰਾ ਰਹੇ ਹਨ ਅੱਜ ਕਿਸਾਨੀ ਝੰਡੇ
ਜਿਨ੍ਹਾਂ ਨਾਅਰਾ ਦਿੱਤਾ ਸੀ ਜੈ ਜਵਾਨ ਜੈ ਕਿਸਾਨ
ਉਹੋ ਜਿਹੇ ਨੇਤਾ ਦੇਸ਼ ਲਈ ਸਨ ਬੜੇ ਮਹਾਨ
ਵਿਚ ਸਿਆਸਤ 'ਕੱਠੇ ਹੋਏ ਹੁਣ ਛੜੇ ਤੇ ਰੰਡੇ
ਹਰ ਪਾਸੇ ਲਹਿਰਾ ਰਹੇ ਹਨ ਅੱਜ ਕਿਸਾਨੀ ਝੰਡੇ
ਕੁਰਸੀ ਤੇ ਬੈਠ ਚੰਦ ਘਰਾਣਿਆਂ ਨੂੰ ਖ਼ੁਸ਼ ਕਰਦੇ
ਕੀ ਲੈਣਾ ਜਨਤਾ ਤੋਂ ਭੁੱਖੇ ਮਰਨ ਜੋ ਮਰਦੇ
ਹੱਕ ਮੰਗਦਾ ਜੋ ਉਸ ਉੱਤੇ ਵਰ੍ਹਾਉਂਦੇ ਡੰਡੇ
ਹਰ ਪਾਸੇ ਲਹਿਰਾ ਰਹੇ ਹਨ ਅੱਜ ਕਿਸਾਨੀ ਝੰਡੇ
ਪੰਜਾਬ ਦੀ ਧਰਤੀ ਤੋਂ ਉੱਠਦੀ ਆਈ ਸਦਾ ਹੈ ਲਹਿਰ
ਅਸੀਂ ਹੁਣ ਤੱਕ ਝੱਲ ਲਿਆ ਥੋਡਾ ਕੀਤਾ ਕਹਿਰ
ਦੇਸ਼ ਭਗਤ ਪਰਵਾਨਿਆਂ ਨੇ ਪੰਜਾਬੀ ਚੰਡੇ
ਹਰ ਪਾਸੇ ਲਹਿਰਾ ਰਹੇ ਹਨ ਅੱਜ ਕਿਸਾਨੀ ਝੰਡੇ
ਸੁਣ ਕੇ ਅੱਕ ਗਏ ਜੋ ਸੁਣਾਉਂਦੇ ਮਨ ਕੀਆਂ ਬਾਤਾਂ
ਕਿਵੇਂ ਕਿਸਾਨ ਦੇਸ਼ ਦਾ ਦਿੱਲੀ ਬਿਤਾਵੇ ਠੰਢੀਆਂ ਰਾਤਾਂ
ਹੁਣ ਚੱਲਣ ਨਾ ਦੇਣੇ ਇਨ੍ਹਾਂ ਦੇ ਝੂਠੇ ਫੰਡੇ
ਹੱਕ ਮੰਗਣ ਲਈ ਲਾਇਆ ਕਿਸਾਨਾਂ ਦਿੱਲੀ ਵਿੱਚ ਡੇਰਾ
ਕੁਰਸੀ ਦੇ ਹੰਕਾਰੀਆ ਵੇ ਭੰਨਣਾ ਮਾਣ ਹੈ ਤੇਰਾ
ਕਿਧਰੇ ਮੀਂਹ ਹੈ ਪੈਂਦਾ ਦਿਨ ਰਾਤ ਵੀ ਠੰਢੇ
ਹਰ ਪਾਸੇ ਲਹਿਰਾ ਰਹੇ ਹਨ ਅੱਜ ਕਿਸਾਨੀ ਝੰਡੇ
ਦੇਸ਼ ਦੇ ਕਿਸਾਨਾਂ ਨੂੰ ਆਖ ਰਹੇ ਤੁਸੀਂ ਅਤਿਵਾਦੀ
ਪਤਾ ਲੱਗ ਗਿਆ ਤੇਰਾ ਤੂੰ ਕਿੰਨਾ ਕੁ ਸਤਿਵਾਦੀ
ਕਿਤੇ ਖੜਕਾਉਣੇ ਨਾ ਪੈ ਜਾਣ ਤਲਵਾਰਾਂ ਤੇ ਖੰਡੇ
ਹਰ ਪਾਸੇ ਲਹਿਰਾ ਰਹੇ ਹਨ ਅੱਜ ਕਿਸਾਨੀ ਝੰਡੇ
ਕਲਮਾਂ ਵਾਲਿਆਂ ਨੇ ਵੀ ਕਲਮਾਂ ਕਰੀਆਂ ਹੁਣ ਤਿੱਖੀਆਂ
ਅਸਾਂ ਹੁਣ ਰੁਕਣਾ ਨਾ ਚਾਹੇ ਸੰਡੇ ਜਾਂ ਮੰਡੇ
ਹਰ ਪਾਸੇ ਲਹਿਰਾ ਰਹੇ ਹਨ ਅੱਜ ਕਿਸਾਨੀ ਝੰਡੇ

**ਬਲਬੀਰ ਸਿੰਘ ਬੱਬੀ** 7009107300

# ਪ੍ਰੀਤ ਫੁਲਵਾੜੀ

## ਆਤੰਕ ਦੇ ਆਕਾ ਹਾਕਮ ਨੂੰ

ਘਰ ਘਰ ਪੈਂਦੇ ਵੈਣ ਸੁਣਨ ਨਾ,
ਬੋਲੇ ਹੋਏ ਹਾਕਮ ਨੂੰ।
ਰੋਜ ਦਿੱਲੀ ਤੋਂ ਆਵਣ ਲਾਸਾਂ,
ਕਿਉਂ ਨਾ ਦਿੱਸਣ ਹਾਕਮ ਨੂੰ।
ਤੇਰੀ ਹਉਮੈ ਡੋਬ ਦੇਊਗੀ,
ਇੱਕ ਦਿਨ ਬੇੜਾ ਭਾਰਤ ਦਾ,
ਤੈਨੂੰ ਲੱਗੇ ਫਰਕ ਨਹੀਂ ਪੈਣਾ,
ਨੀਰੋ ਵਰਗੇ ਹਾਕਮ ਨੂੰ।
ਲੁੱਟ ਪੁੱਟ ਖਾ ਗਿਆ,
ਦੇਸ ਦਾ ਸਭ ਕੁਝ,
ਹਾਲੇ ਤੈਨੂੰ ਸਬਰ ਨਹੀਂ,
ਦੇਸ ਨਿਕਾਲਾ ਹੋਵੇ ਦੇਣਾ,
ਤੇਰੇ ਵਰਗੇ ਹਾਕਮ ਨੂੰ।
ਸੰਭਲਣ ਦਾ ਮੌਕਾ ਵੀ ਹੁਣ ਤਾਂ,
ਹੱਥੋਂ ਜਾਂਦਾ ਦੀਹਦਾ ਏ,
ਕੋਈ ਕਿਉ ਸਮਝਾਉਂਦਾ ਨਹੀਂ ਕੁੱਝ,
ਆਤੰਕਵਾਦੀ ਹਾਕਮ ਨੂੰ।

**ਰਾਜਨਦੀਪ ਕੌਰ ਮਾਨ**
6239326166

## ਕਿਸਾਨੀ ਔਰਤ ਦਿਵਸ

ਕਿਹੜਾ ਕਹਿੰਦੈ ਔਰਤ ਘਰ ਤੱਕ ਸੀਮਤ ਹੈ
ਹਰ ਇੱਕ ਖੇਤਰ ਵਿੱਚ ਬਰਾਬਰ ਖੜ੍ਹਦੀ ਵੇਖੀ ਐ।
ਲੰਮੇ ਸਮੇਂ ਤੋਂ ਪੜ ਦਾ ਮੌਕਾ ਦਿੱਤਾ ਨਾ ਜਿਸ ਨੂੰ
ਪਰ ਹੁਣ ਤਾਂ ਦੇਸ਼ ਵਿਦੇਸ਼ 'ਚ ਪੜ੍ਹਦੀ ਵੇਖੀ ਐ ।
ਭਾਵੇਂ ਸੇਰ 'ਚੋਂ ਕੁੱਝ ਪੂਣੀਆਂ ਕੱਤੀਆਂ ਨੇ ਹਾਲੇ
ਹੌਲ਼ੀ ਹੌਲ਼ੀ ਰੰਗ ਵੈਂਗਣੀ ਉੱਘੜੂਗਾ ਵੇਖਿਓ ;
ਭਾਵੇਂ ਬਾਡਰ ਚੀਨ ਪਾਕਿ ਜਾਂ ਸਿੰਘੂ ਦਾ ਹੋਵੇ
ਮੈਂ ਤਾਂ ਸਿਰ 'ਤੇ ਬੰਨ੍ ਮੜਾਸਾ ਲੜਦੀ ਵੇਖੀ ਐ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ( ਪੰਜਾਬ )**

## ਕਿਤਾਬ

ਦੇਖ ਕੇ ਬੰਦ ਕਿਤਾਬ ਦੇ ਪੰਨੇ,ਨੈਣਾਂ ਚੋਂ ਹੰਝੂ ਡੁੱਲ੍ਹੇ,
ਕਾਸ਼ ! ਵੱਗਣ ਕਿੱਧਰਿਓਂ,ਰੱਬਾ ਹਵਾ ਦੇ ਜੇ ਬੁੱਲ੍ਹੇ।
ਲੱਗਿਆ ਜਿਵੇਂ ਬੇਵੱਸ ਹੋ, ਕਹਿ ਰਹੀ ਕਿਤਾਬ,
ਕਿਸੇ ਸਮੇਂ ਬੰਦ ਹੋਕੇ ਹੀ, ਰਹਿ ਜਾਣ ਨਾ ਖਾਬ।
ਖੋਲ੍ਹ ਕੇ ਪੜ੍ਹਦਾ ਏ ਕਿਤਾਬ,ਹੁਣ ਤਾਂ ਕੋਈ ਕੋਈ,
ਕਹਿੰਦੀ ਹੋਈ ਰਚਨਾ ਵੀ, ਭਾਵੁਕ ਹੋ ਕੇ ਰੋਈ ।
ਸਾਹਿਤਕਾਰ ਲਿਖਦੇ ਨੇ ਮਨ ਦੀਆਂ ਭਾਵਨਾਵਾਂ,
ਦੁਨੀਆਂ ਨੂੰ ਦਿੰਦੇ ਨੇ,ਹਰ ਰੋਜ਼ ਨਵਾਂ ਸਿਰਨਾਵਾਂ।
ਕਿਉਂ ਨਹੀਂ ਕਰਦੇ ਹੁਣ ਲੋਕ,ਕਦਰ ਕਿਤਾਬ ਦੀ,
ਕਿਉਂ ਮਾਰਦੇ ਜਾਂਦੇ ਨੇ,ਨਿੱਤ,ਸਦਰ ਕਿਤਾਬ ਦੀ।
ਫੁੱਲਾਂ ਤੋਂ ਮਲੂਕ ਕਿਤਾਬ,ਖੁੱਲ੍ਹਾ ਦਰਬਾਰ ਮੰਗਦੀ ਏ,
ਹਰਫਾਂ ਸੰਗ ਕਲਮ ਵੀ, ਸਤਿਕਾਰ ਮੰਗਦੀਆਂ ਨੇ।

**ਜਸਪ੍ਰੀਤ ਕੌਰ ਮਾਂਗਟ**

## ਸਰਕਾਰੇ

ਸਰਕਾਰੇ ਬੜੀ ਤੇਰੀ ਨੀਤੀ ਗੰਦੀ,
ਨਿੱਤ ਦੇਸ ਡੁੱਬ ਰਿਹਾ ਵਿੱਚ ਮੰਦੀ।
ਪੂੰਜੀਵਾਦੀਆਂ ਨੂੰ ਤੂੰ ਫਿਰੇ ਰਜਾਉਂਦੀ,
ਕੀਤੇ ਉਨ੍ਹਾਂ ਸੰਗ ਕੌਲ ਨਿਭਾਉਂਦੀ।
ਲੋਟੂ ਬਣ ਤੂੰ ਦੇਸ਼ ਲੁੱਟ ਲਿਆ
ਕਿਰਤੀ-ਕਾਮਿਆਂ ਦਾ ਲੱਕ ਟੁੱਟ ਗਿਆ।
ਅੰਨਦਾਤਾ ਸੜਕਾਂ 'ਤੇ ਲੈ ਆਈ,
ਤੇਰਾ ਕਰੇ ਸਿਆਪਾ ਪਾ-ਪਾ ਦੁਹਾਈ।
ਮਹਿਲਾਂ ਦੇ ਵਿੱਚ ਅਰਾਮ ਨਾਲ ਸੌਂਦੀ,
ਇਹ ਤਾਂ ਦੱਸ ਤੈਨੂੰ ਨੀਂਦ ਕਿਵੇਂ ਆਉਂਦੀ ?
ਸੁਧਰਜਾ ਨਹੀਂ ਪਛਤਾਉਣਾ ਪੈਣਾ,
ਮਿੱਤਰਾਂ ਤੇਰੇ ਨਾਲ ਨੀ ਰਹਿਣਾ।
ਅੱਕੀ ਜਨਤਾ ਕੁੱਝ ਕਰ ਦਊਗੀ,
ਤੇਰੀ ਫੱਟੀ ਪੋਚ ਕੇ ਧਰ ਦਊਗੀ।

**ਜੀਤ ਕੌਰ ਖੁਰਦ**

## "ਅਪਣੱਤ ਭਰੀ ਆਵਾਜ"

ਚਾਂਬ੍ਹਲੀ ਘੋੜੀ ਚਾਬੁਕ ਖਾਂਧਿਆਂ ਬਿਨਾਂ ਨਾ ਲੋਟ ਆਵੇ,
ਸਿਆਣਿਆਂ ਕੱਢੇ ਨੇ ਘੋਖ ਇਹ ਤੱਤ ਵੀਰੋ।
ਓਸ ਦੇਸ ਦੀ ਜਨਤਾ ਨੂੰ ਓਟ ਸਤਿਗੁਰੂ ਜੀ ਦੀ,
ਜਿਸ ਦੇਸ ਦਾ ਰਾਜਾ ਜਨਤਾ ਦੇ ਪੈ ਜਾਏ ਖੱਤ ਵੀਰੋ।
ਆਵਾਜ ਜਮੀਰ ਦੀ ਸੁਣਕੇ ਤੁਸੀਂ ਪਾਓ ਚਾਲੇ,
ਆਜੋ ਰਾਜਧਾਨੀ ਵੱਲ ਵਹੀਰਾਂ ਨੂੰ ਘੱਤ ਵੀਰੋ।
ਆਪਣਾ ਫਰਜ ਸਮਝ ਅੰਤਹਕਰਨ ਦੀ ਆਵਾਜ ਸੁਣ ਲਓਂ,
ਨਿਵੇਕਲਾ ਆਪਾਂ ਨੂੰ ਕਿਸੇ ਨਹੀਂ ਪਾਉਣਾ ਖਤ ਵੀਰੋ।
ਬਿਗਲ ਏਕੇ ਦਾ ਵੱਜ ਗਿਆ ਦੇਸ ਅੰਦਰ,
ਇਹਨੂੰ ਪਕੇਰਾ ਕਰਨ ਦੀ ਅੱਜ ਹੈ ਲੋੜ ਡਾਢੀ।
ਤੁਹਾਡੇ ਬਜੁਰਗ ਭਾਈ ਭੈਣਾਂ ਕਰਨ ਯਾਦ ਤੁਹਾਨੂੰ,
ਤੁਹਾਡੇ ਬਿਨਾਂ ਸਾਨੂੰ ਜਾਪੇ ਇਥੇ ਥੋੜ ਡਾਢੀ।

**ਜਸਵੀਰ ਸਰਮਾਂ ਦੱਦਾਹੂਰ**
95691-49556

## ਕਾਮਿਆਂ ਦੀ ਪ੍ਰਭਾਤ

ਕਦੋਂ ਮੁੱਕਣਾ ਏ ਜਿੰਦ ਨਾਲੋਂ ਪੀੜ ਦਾ ਯਰਾਨਾ ?
ਸਾਡੀ ਜ਼ਿੰਦਗੀ 'ਚੋਂ ਦੁੱਖ ਕਦੋਂ ਹੋਣਗੇ ਰਵਾਨਾ ?
ਕਦੋਂ ਸ਼ਮਾਂ ਨੂੰ ਹੋਊਗਾ ਪਰਵਾਨ ਪਰਵਾਨਾ ?
ਸਾਡੇ ਖੂਨ ਤੇ ਪਸੀਨਿਆਂ ਦਾ ਮੁੱਲ ਕੌਣ ਪਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?
ਸਾਡੇ ਕੱਚੀਆਂ ਕੰਧਾਂ 'ਤੇ ਕਦੋਂ ਪੈਣਗੇ ਚੁਬਾਰੇ,
ਸਾਨੂੰ ਕਰਦੇ ਮਖੌਲਾਂ ਬੈਠੇ ਅੰਬਰਾਂ 'ਤੇ ਤਾਰੇ,
ਭੁੱਖੇ ਟਿੱਢ ਤਾਈਂ ਅਸੀਂ ਗੰਢਾਂ ਮਾਰ-ਮਾਰ ਹਾਰੇ,
ਕਦੋਂ ਵਿਹੜੇ ਸਾਡੇ ਖੁੱਲ੍ਹਾ ਕੋਈ ਅੰਨ ਵਰਤਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?
ਸਾਡੇ ਸਿਰ ਉੱਤੇ ਛਾਇਆ ਰਹਿੰਦਾ ਸਦਾ ਹੀ ਹਨੇਰਾ,
ਹਾਲੇ ਸੁੰਞੀਆਂ ਨੇ ਸ਼ਾਮਾਂ ਅਤੇ ਸੁੰਞਾਂ ਹੈ ਸਵੇਰਾ,
ਸਾਡਾ ਚੰਮ ਪਿੰਜ-ਪਿੰਜ ਰਾਠ ਵੇਖਦੇ ਨੇ ਜੇਰਾ,
ਕਦੋਂ ਤੱਕ ਕੋਈ ਗਰੀਬੀ-ਰੱਤ ਆਪਣੀ ਪਿਆਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?
ਸਾਡੇ ਨੱਕ ਵਿਚ ਪਾਈ ਜੋ ਗਰੀਬੀ ਦੀ ਨਕੇਲ ,
ਵਧੀ ਯੁੱਗਾਂ ਤੋਂ ਹੀ ਜਾਵੇ ਜਿਵੇਂ ਅਮਰ ਦੀ ਬੇਲ,
ਅਟੱਲ ਹੈ ਸਚਾਈ ਕਹਿੰਦੇ ਕਰਮਾਂ ਦੇ ਖੇਲ੍ਹ,
ਕੌਣ ਕਰਮਾਂ ਦੇ ਚੰਦਰੇ ਏ ਲੇਖ ਜੋ ਮਿਟਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?
ਜਦੋਂ ਕੰਮ ਲਈ ਨਿਕਲਾਂ ਮੈਂ ਘਰ ਵਿੱਚੋਂ ਬਾਹਰ ,
ਆਣ ਘੇਰਦੀ ਹੈ ਮੈਨੂੰ ਕਾਲੇ-ਕਾਵਾਂ ਵਾਲੀ ਡਾਰ,
ਇਹ ਪੈਸੇ ਦੀ ਤਾਂ ਤਿੱਖੀ ਤਲਵਾਰ ਤੋਂ ਵੀ ਧਾਰ,
ਕੌਣ ਦੱਸ ਸਾਨੂੰ ਇਸ ਕਾਲ ਤੋਂ ਬਚਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?
ਲੋਕੀ ਨਿੱਤ ਨੇ ਵਹਾਂਉਂਦੇ ਇੱਥੇ ਖੂਨ ਤੇ ਪਸੀਨੇ ,
ਜਦ ਮਿਲਦੇ ਨੀਂ ਹੱਕ ਅੱਗ ਬਲਦੀ ਹੈ ਸੀਨੇ,
ਕਦਮ ਯੁੱਗ-ਪਲਟਾਊ ਕਦੋਂ ਪੁੱਟੇ ਨਹੀਂ ਕੀਹਨੇ ?
'ਗੁਲਾਫਸਾ' ਤਾਂ ਸਦਾ ਕੌੜਾ ਸੱਚ ਹੀ ਸੁਣਾਉ,
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

**ਗੁਲਾਫਸਾ ਬੇਗਮ**

## ਸਰਕਾਰੇ

ਸਰਕਾਰੇ ਬੜੀ ਤੇਰੀ ਨੀਤੀ ਗੰਦੀ,
ਨਿੱਤ ਦੇਸ ਡੁੱਬ ਰਿਹਾ ਵਿੱਚ ਮੰਦੀ।
ਪੂੰਜੀਵਾਦੀਆਂ ਨੂੰ ਤੂੰ ਫਿਰੇ ਰਜਾਉਂਦੀ,
ਕੀਤੇ ਉਨ੍ਹਾਂ ਸੰਗ ਕੌਲ ਨਿਭਾਉਂਦੀ।
ਲੋਟੂ ਬਣ ਤੂੰ ਦੇਸ਼ ਲੁੱਟ ਲਿਆ
ਕਿਰਤੀ-ਕਾਮਿਆਂ ਦਾ ਲੱਕ ਟੁੱਟ ਗਿਆ।
ਅੰਨਦਾਤਾ ਸੜਕਾਂ 'ਤੇ ਲੈ ਆਈ,
ਤੇਰਾ ਕਰੇ ਸਿਆਪਾ ਪਾ-ਪਾ ਦੁਹਾਈ।
ਮਹਿਲਾਂ ਦੇ ਵਿੱਚ ਅਰਾਮ ਨਾਲ ਸੌਂਦੀ,
ਇਹ ਤਾਂ ਦੱਸ ਤੈਨੂੰ ਨੀਂਦ ਕਿਵੇਂ ਆਉਂਦੀ ?
ਸੁਧਰਜਾ ਨਹੀਂ ਪਛਤਾਉਣਾ ਪੈਣਾ,
ਮਿੱਤਰਾਂ ਤੇਰੇ ਨਾਲ ਨੀ ਰਹਿਣਾ।
ਅੱਕੀ ਜਨਤਾ ਕੁੱਝ ਕਰ ਦਊਗੀ,
ਤੇਰੀ ਫੱਟੀ ਪੋਚ ਕੇ ਧਰ ਦਊਗੀ।

**ਜੀਤ ਕੌਰ ਖੁਰਦ**

## ਸਾਨੂੰ ਤਾਂ ਸਾਡੇ ਵਿਰਸੇ ਤੇ ਮਾਣ ਦਿੱਲੀਏ

ਤੇਰੇ ਨਾਲ ਕਈ ਵਾਰ ਸਾਡਾ ਪਿਆ ਵਾਹ ਦਿੱਲੀਏ
ਅਸੀਂ ਕਰਦੇ ਨਹੀਂ ਕਦੇ ਤੇਰੀ ਪ੍ਰਵਾਹ ਦਿੱਲੀਏ
ਤੈਨੂੰ ਤਾਂ ਨੀ ਮਾਣ ਹੋਊਗਾ ਰਾਜ ਭਾਗ ਦਾ
ਸਾਨੂੰ ਤਾਂ ਸਾਡੇ ਵਿਰਸੇ ਤੇ ਮਾਣ ਦਿੱਲੀਏ
ਜਿਹੜ੍ਹੇ ਰਣ ਵਿੱਚੋ ਹਾਰਕੇ ਨਹੀਂ ਭੱਜਦੇ
ਜਿੰਦ ਜਾਨ ਕਰ ਦੇਣ ਕੁਰਬਾਨ ਦਿੱਲੀਏ
ਜਿਹੜ੍ਹੇ ਰਣ ਵਿੱਚੋ ਹਾਰਕੇ ਨਹੀਂ ਭੱਜਦੇ
ਖੰਨੀ ਖੰਨੀ ਤੇ ਗੁਜ਼ਾਰਾ ਅਸੀਂ ਕਰ ਜਾਣਦੇ
ਆਰਿਆ ਦੇ ਥੱਲੇ ਵੀ ਹਾਂ ਮੌਜਾਂ ਮਾਣਦੇ
ਅਸੀਂ ਦੁੱਖ ਨੂੰ ਵੀ ਹਮੇਸਾ ਹੀ ਸੁੱਖ ਮੰਨੀਏ
ਜੰਗਲਾਂ ਦੇ ਪੱਤੇ ਵੀ ਸਿੱਖੇ ਖਾਣ ਦਿੱਲੀਏ
ਜਿਹੜ੍ਹੇ ਰਣ ਵਿੱਚੋ ਹਾਰਕੇ ਨਹੀਂ ਭੱਜਦੇ
ਨੀਹਾਂ ਚ' ਖਲੋ ਕੇ ਵੀ ਰਹੇ ਹੱਸਦੇ
ਵੈਰੀਆਂ ਨੂੰ ਇਹੋ ਗੱਲ ਰਹੇ ਦਸਦੇ
ਸਾਡਾ ਤੂੰ ਕੁੱਝ ਨਹੀਂ ਵਿਗਾੜ ਸਕਦਾ
ਤੈਥੋਂ ਪਾਪਾਂ ਦਾ ਨਹੀਂ ਹੋਣਾ ਚੁੱਕ ਭਾਰ ਦਿੱਲੀਏ
ਜਿਹੜ੍ਹੇ ਰਣ ਵਿੱਚੋ ਹਾਰਕੇ ਨਹੀਂ ਭੱਜਦੇ
ਘੋੜ੍ਹਿਆ ਦੀਆਂ ਕਾਠੀਆਂ ਤੇ ਸੌਣਾ ਸਿੱਖੇ ਆਂ
ਪਾਣੀਆਂ ਤੋਂ ਪਤਲੇ ਤੇ ਤਲਵਾਰਾਂ ਤੋਂ ਤਿੱਖੇ ਆਂ
ਪਿਆਰ ਨਾਲ ਭਾਵੇ ਕੋਈ ਜਾਨ ਮੰਗ ਲਏ
ਗੁਸੇ ਨਾਲ ਖਿੱਚ ਲੈਂਦੇ ਹਾਂ ਜ਼ੁਬਾਨ ਦਿੱਲੀਏ
ਜਿਹੜ੍ਹੇ ਰਣ ਵਿੱਚੋ ਹਾਰਕੇ ਨਹੀਂ ਭੱਜਦੇ
ਹੁਣ ਤੂੰ ਹੀ ਆਪੇ ਦੱਸ ਤੇਰੀ ਕੀ ਏ ਮਰਜ਼ੀ
ਗੱਲ ਦਿਲੋਂ ਹਾਂ ਕਰਦੇ ਨਹੀਂ ਕਰਦੇ ਫ਼ਰਜ਼ੀ
ਉਠਾਂਗੇ ਕਨੂੰਨ ਕਰਵਾ ਕੇ ਸਾਰੇ ਰੱਦ ਨੀ
ਕਹਿੰਦੇ ਜਸਵਿੰਦਰ ਵਰਗੇ ਲੱਖਾਂ ਨੇ ਕਿਸਾਨ ਦਿੱਲੀਏ
ਜਿਹੜ੍ਹੇ ਰਣ ਵਿੱਚੋ ਹਾਰਕੇ ਨਹੀਂ ਭੱਜਦੇ
ਜਿੰਦ ਜਾਨ ਕਰ ਦੇਣ ਕੁਰਬਾਨ ਦਿੱਲੀਏ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
[ਫਿਰੋਜ਼ਪੁਰ 7589155501

## ਕਿਸਾਨ ਤੇ ਹਾਕਮ

ਤੂੰ ਤਿੰਨ ਖੇਤੀ ਕਨੂੰਨ ਬਣਾ ਕੇ
ਸਾਡੇ ਦਿਲਾਂ 'ਚ ਭਾਂਬੜ ਮਚਾਏ ਹਾਕਮਾ।
ਸਾਨੂੰ ਖੇਤ ਮਾਂ ਤੋਂ ਵੀ ਵੱਧ ਪਿਆਰੇ ਨੇ
ਤੈਨੂੰ ਇਹ ਗੱਲ ਕਿਉਂ ਨਾ ਸਮਝ ਆਏ ਹਾਕਮਾ।
ਤੂੰ ਕਾਰਪੋਰੇਟ ਘਰਾਣਿਆਂ ਦੇ ਲਾਭ ਲਈ
ਇਹ ਕਾਲੇ ਕਨੂੰਨ ਬਣਾਏ ਹਾਕਮਾ।
ਇਨ੍ਹਾਂ ਨੂੰ ਰੱਦ ਕਰਵਾਉਣ ਲਈ
ਅਸੀਂ ਸੜਕਾਂ ਤੇ ਉਤਰ ਆਏ ਹਾਕਮਾ।
ਤੂੰ ਸਾਨੂੰ ਰੋਕਣ ਲਈ, ਸਾਡੇ ਤੇ
ਪੁਲਿਸ ਤੋਂ ਗੈਸ ਦੇ ਗੋਲੇ ਛਡਾਏ ਹਾਕਮਾ।
ਸੱਭ ਰੋਕਾਂ ਨੂੰ ਹਟਾ ਕੇ ਅਸੀਂ
ਦਿੱਲੀ ਦੇ ਬਾਰਡਰਾਂ ਤੇ ਆਏ ਹਾਕਮਾ।
ਸਿੰਘੂ, ਕੁੰਡਲੀ ਤੇ ਟਿਕਰੀ ਬਾਰਡਰਾਂ ਤੇ
ਅਸੀਂ ਪੱਕੇ ਧਰਨੇ ਲਾਏ ਹਾਕਮਾ।
ਪਏ ਮੀਂਹ ਤੇ ਠੰਡ ਵੀ ਜ਼ੋਰਾਂ ਦੀ
ਅਸੀਂ ਫਿਰ ਵੀ ਨਹੀਂ ਘਬਰਾਏ ਹਾਕਮਾ।
ਅਸੀਂ ਕੱਲੇ ਨਹੀਂ, ਸਾਡੇ ਨਾਲ
ਮਜ਼ਦੂਰ ਤੇ ਬੁੱਧੀਜੀਵੀ ਵੀ ਆਏ ਹਾਕਮਾ।
ਤੂੰ ਕੁਰਸੀ ਦੇ ਨਸ਼ੇ 'ਚ ਚੂਰ ਹੋ ਕੇ
ਇਨ੍ਹਾਂ ਬਿੱਲਾਂ ਦੇ ਲਾਭ ਗਿਣਾਏ ਹਾਕਮਾ।
ਵੈਰੀ ਨਾਲ ਲੜਨ ਵੇਲੇ ਦੇਸ਼ ਭਗਤ ਅਸੀਂ
ਹੱਕ ਮੰਗੇ,ਤਾਂ ਗੱਦਾਰ ਕਹਾਏ ਹਾਕਮਾ।
ਸਾਡੇ ਨਾਲ ਮਾਵਾਂ,ਭੈਣਾਂ ਤੇ ਬਜ਼ੁਰਗ ਨੇ
ਅਸੀਂ ਘਰ ਖਾਲੀ ਕਰ ਆਏ ਹਾਕਮਾ।
ਰੋਜ਼ ਸ਼ਹੀਦ ਹੋਈ ਜਾਣ ਸਾਡੇ ਸਾਥੀ
ਤੈਨੂੰ ਰਤਾ ਤਰਸ ਨਾ ਆਏ ਹਾਕਮਾ।
ਏਨਾ ਨਾ ਪਰਖ ਸਬਰ ਸਾਡੇ ਨੂੰ
ਕਿਤੇ ਸਾਡਾ ਸਬਰ ਨਾ ਮੁੱਕ ਜਾਏ ਹਾਕਮਾ।
ਅਸੀਂ ਜਿੱਤ ਕੇ ਹੀ ਮੁੜਾਂਗੇ ਘਰਾਂ ਨੂੰ
ਭਾਵੇਂ ਸਾਡੀ ਜਾਨ ਵੀ ਚਲੀ ਜਾਏ ਹਾਕਮਾ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ**
(ਸ਼.ਭ.ਸ.ਨਗਰ) 9915803554

## ੴ

ਸਤਿਗੁਰ ਪ੍ਰਸਾਦਿ
" ਸਭ ਕੋ ਮੀਤ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ "
ਕੁਝ ਵੀ ਓਪਰਾ...
ਕੁਝ ਵੀ ਓਪਰਾ ਨਜ਼ਰ ਨਾ ਆਵੇ
ਸਭ ਆਪਣਾ ਹੀ ਲੱਗਦਾ ਏ
ਦੀਵਾ " ਨੂਰ ਇਲਾਹੀ "
ਧੁਰ ਅੰਦਰ ਜਦ ਜਗਦਾ ਏ
ਕੁਝ ਵੀ ਓਪਰਾ...
ਮਨਾਂ ਵਿੱਚ ਲੈ ਵੈਰ ਅਸੀਂ
ਪਾਲੀ ਬੈਠੇ ਹਾਂ ਜ਼ਹਿਰ ਅਸੀਂ
ਨਫਰਤ ਨੂੰ ਮਿਟਾਉਣ ਵਾਲਾ
ਦਰਿਆ ਮੁਹੱਬਤ ਦਾ ਜਦ ਵਗਦਾ ਏ
ਕੁਝ ਵੀ ਓਪਰਾ...
ਜਾਤ-ਪਾਤ ਧਰਮ ਦਾ
ਪੱਲੂ ਲੱਥ ਗਿਆ ਸਾਡੀ ਸ਼ਰਮ ਦਾ
ਮਿਟਾ ਦਿੰਦੇ ਹਾਂ ਉਸ ਨੂੰ ਹੀ ਅਸੀਂ
ਝੱਜੂ ਮਿਟਾਉਣ ਦੀ ਹੈਸੀਅਤ ਜੋ ਰੱਖਦਾ ਏ
ਕੁਝ ਵੀ ਓਪਰਾ...
ਮਰ ਗਈਆਂ ਅਕਲਾਂ ਸਾਡੀਆਂ
ਸ਼ੈਤਾਨੀ ਰੂਪ ਬਣ ਗਈਆਂ ਸ਼ਕਲਾਂ ਸਾਡੀਆਂ
ਓਹਨੂੰ ਹੀ ਬੇਅਕਲਾ ਦੱਸਦੇ ਹਾਂ
ਜੋ "ਰੱਬ" ਦੂਜੇ 'ਚ ਤੱਕਦਾ ਏ
ਕੁਝ ਵੀ ਓਪਰਾ...
ਨੱਥੂਵਾਲੀਆ ਪੰਛੀ ਭੋਲਾ
ਜਤਿੰਦਰਜੀਤ ਦਾ ਮਿਟ ਗਿਆ ਰੌਲਾ
ਗਿੱਲ ਖੁਦ ਨੂੰ ਕਹਿ ਕੇ ਚੰਗਾ
ਪਰਦੇ ਆਪਣੇ ਪਿਆ ਕੱਜਦਾ ਏ
ਕੁਝ ਵੀ ਓਪਰਾ ਨਜ਼ਰ ਨਾ ਆਵੇ
ਸਭ ਆਪਣਾ ਹੀ ਲੱਗਦਾ ਏ
ਦੀਵਾ " ਨੂਰ ਇਲਾਹੀ "
ਧੁਰ ਅੰਦਰ ਜਦ ਜਗਦਾ ਏ
ਕੁਝ ਵੀ ਓਪਰਾ ਨਜ਼ਰ ਨਾ ਆਵੇ
ਕੁਝ ਵੀ ਓਪਰਾ ਨਜ਼ਰ ਨਾ ਆਵੇ

**ਜਤਿੰਦਰਜੀਤ ਸਿੰਘ ਗਿੱਲ**

## ਸੋਚ

ਸੋਚ ਹੈ ਇਕ ਖਿਆਲ ਦਾ ਨਾਂਅ,
ਖਿਆਲ ਦੇ ਇਕ ਪ੍ਰਵਾਹ ਦਾ ਨਾਂਅ।
ਮਨ ਦੀ ਇਕ ਸਲਾਹ ਦਾ ਨਾਂਅ,
ਜੀਵਨ ਜਿਉਣ ਦੇ ਰਾਹ ਦਾ ਨਾਂਅ।
ਜੀਵਨ ਜਿਉਣਾ ਹੈ ਇਕ ਕਲਾ,
ਨਾ ਕੁੱਝ ਚੰਗਾ ਨਾ ਕੁੱਝ ਬੁਰਾ।
ਕੀ ਹੈ ਚੰਗਾ ਕੀ ਹੈ ਬੁਰਾ,
ਇਹ ਤਾਂ ਸਾਡੀ ਸੋਚ ਦਾ ਧੁਰਾ।
ਸੋਚ ਬਣਾਉਂਦੀ ਹੈ ਇਨਸਾਨ,
ਸੋਚ ਵਿੱਚ ਹੀ ਵੱਸੇ ਸ਼ੈਤਾਨ।
ਜੋ ਹੋ ਰਿਹਾ ਇੱਥੇ ਨਿਰਮਾਣ,
ਇਹ ਸਭ ਸੋਚ ਦਾ ਹੀ ਪ੍ਰਣਾਮ।
ਚੰਗੀ ਅਤੇ ਨਰੋਈ ਸੋਚ,
ਨਾ ਕਦੀ ਬਣਨ ਦੇਵੇ ਡਰਪੋਕ।
ਜੋ ਨੇ ਰੱਖਦੇ ਚੰਗੀ ਸੋਚ,
ਉਹ ਹੀ ਹੁੰਦੇ ਉੱਚੇ ਲੋਕ।
ਆਸ਼ਾ ਵਾਦੀ ਸੋਚ ਅਪਣਾਓ,
ਇਸ ਜੀਵਨ ਦਾ ਮਕਸਦ ਪਾਓ।
ਨਿਰਾਸ਼ਾ ਵਾਦੀ ਸੋਚ ਨੂੰ ਛੱਡੋ,
ਕਾਇਰਤਾ ਨੂੰ ਮਨ 'ਚੋਂ ਕੱਢੋ।
ਆਤਮ ਵਿਸ਼ਵਾਸ ਬਣਾਉਂਦੀ ਸੋਚ,
ਜੀਵਨ ਜਾਚ ਸਿਖਾਉਂਦੀ ਸੋਚ।
ਇਸ ਜੀਵਨ ਦੇ ਹਰ ਖੇਤਰ 'ਚ ,
ਆਪਣਾ ਰੰਗ ਵਿਖਾਉਂਦੀ ਸੋਚ।
ਬਨਾਰਸੀ ਦਾਸ ਤੂੰ ਸੋਚੀਂ ਚੰਗਾ,
ਨਾ ਆਖੀਂ ਕਿਸੇ ਨੂੰ ਮੰਦਾ।
ਆਪਣੀ ਹੀ ਕਰਨੀ ਪੜਚੋਲ,
ਕਵਿਤਾ ਵਿੱਚ ਕੁੱਝ ਲਿਖਦੇ ਬੋਲ।
ਨਾ ਕਿਸੇ ਨੂੰ ਕੌੜਾ ਬੋਲੀਂ ,
ਲਿਖਤਾਂ ਵਿੱਚ ਖ਼ੁਦਾ ਨੂੰ ਟੋਲੀਂ।
ਓਹ ਨੂੰ ਰੱਖੀਂ ਵਿੱਚ ਧਿਆਨ,
ਜਿਹਨੇ ਭੇਜਿਆ ਹੈ ਫੁਰਮਾਨ।

**ਬਨਾਰਸੀ ਦਾਸ ਅਧਿਆਪਕ ਰੱਤੇਵਾਲ**
ਮੋ: 94635-05286


No body have time to watch Tv advertisement
No body have time to read Physical newspapers
It's social time .
Online news, advertisement,
promotion anytime anywhere .
Doesn't matter where are you .
PREETNAMA
ਪ੍ਰੀਤਨਾਮਾ
ਖਰਾ ਸੱਚ
Preetnama provide you your business promotion online worldwide on all social sites even TikTok .
Advertisement with Preetnama .
Promote your business with TalkShow
We gave social stage to show yourself and your business.
Business Persons, Doctor, Advocates, VISA, Tour Travel,
Actor, Singers, writers come Join or TalkShow and
Advertisement with us on national & International based.
Search Just Preetnama
Youtube
Facebook
Twitter
Instagram
LinkedIn
TikTok
No need to go anywhere,
Just leave message on
WhatsApp or email us .
We will call you back.
Contact us immediately
Pritpal Kaur
www.preetnama.com
www.preetnews.com
Phone- +1 201-312-4180
Email- preetnamausa@gmail.com